Downloaded from https:// www.studiestoday.com

# ਇੱਕ ਹੋਰ ਨਵਾਂ ਸਾਲ

(ਨਾਵਲ)

**ਸ਼੍ਰੇਣੀ : ਨੌਂਵੀਂ-ਦਸਵੀਂ**

**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

Downloaded from https:// www.studiestoday.com

Downloaded from https:// www.studiestoday.com

© ਪੰਜਾਬ ਸਕੂਲ ਸਿੱਖਿਆ ਬੋਰਡ

**ਐਡੀਸ਼ਨ : 2016 ................ 2,42,000 ਕਾਪੀਆਂ**

All rights, including those of translation, reproduction
and annotation etc., are reserved by the Punjab
School Education Board.

ਲੇਖਕ :
ਨਰਿੰਜਨ ਤਸਨੀਮ

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਵਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾਂਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ। (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਮੁੱਲ : ₹ 30.00**

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਮੈਸ. ਕੋਸਮਿਕ ਪ੍ਰਿੰਟਰਜ਼, ਜਲੰਧਰ ਦੁਆਰਾ ਛਾਪੀ ਗਈ।

Downloaded from https:// www.studiestoday.com

Downloaded from https:// www.studiestoday.com

# ਵਿਸ਼ਾ-ਸੂਚੀ


| | ਪੰਨਾ |
|---|---|
| ਕਾਂਡ ਇੱਕ — ਸਵੇਰ | 5—40 |
| ਕਾਂਡ ਦੋ — ਦੁਪਹਿਰ | 41—65 |
| ਕਾਂਡ ਤਿੰਨ — ਸ਼ਾਮ | 66—108 |


Downloaded from https:// www.studiestoday.com

Downloaded from https:// www.studiestoday.com

## ਲੇਖਕ ਬਾਰੇ

ਪ੍ਰੋ. ਨਰਿੰਜਨ ਤਸਨੀਮ ਦਾ ਜਨਮ ਪਹਿਲੀ ਮਈ, 1929 ਈ. ਨੂੰ ਉਹਨਾਂ ਦੇ ਨਾਨਕੇ-ਘਰ ਤਰਨਤਾਰਨ ਵਿਖੇ ਹੋਇਆ। ਉਹਨਾਂ ਦੇ ਮਾਤਾ ਸ੍ਰੀਮਤੀ ਸੀਤਾ ਵਤੀ ਅਤੇ ਪਿਤਾ ਸ. ਕਰਮ ਸਿੰਘ ਸਨ। ਉਹਨਾਂ ਦਾ ਜੱਦੀ ਘਰ ਸ੍ਰੀ ਅੰਮ੍ਰਿਤਸਰ ਵਿਖੇ ਹੈ। ਸਕੂਲ ਅਤੇ ਕਾਲਜ ਦੀ ਸਿੱਖਿਆ ਵੀ ਉਹਨਾਂ ਨੇ ਇੱਥੋਂ ਹੀ ਪ੍ਰਾਪਤ ਕੀਤੀ। ਅੰਗਰੇਜ਼ੀ ਵਿੱਚ ਐੱਮ. ਏ. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪਾਸ ਕਰਨ ਉਪਰੰਤ ਪ੍ਰੋ. ਤਸਨੀਮ ਨੇ ਪੰਜਾਬ ਦੇ ਵੱਖ-ਵੱਖ ਸਰਕਾਰੀ ਕਾਲਜਾਂ ਵਿੱਚ ਬਤੌਰ ਲੈਕਚਰਾਰ ਕਾਰਜ ਕੀਤਾ। ਅੰਗ੍ਰੇਜ਼ੀ 1987 ਵਿੱਚ ਸਰਕਾਰੀ ਕਾਲਜ, ਲੁਧਿਆਣਾ ਤੋਂ ਸੇਵਾ-ਮੁਕਤ ਹੋਣ ਤੋਂ ਬਾਅਦ ਅਗਲੇ ਪੰਜ ਸਾਲ ਉਹਨਾਂ ਨੇ ਜੀ. ਐਚ. ਜੀ. ਖ਼ਾਲਸਾ ਕਾਲਜ, ਗੁਰੂਸਰ ਸਧਾਰ (ਲੁਧਿਆਣਾ) ਵਿਖੇ ਪੜ੍ਹਾਇਆ।

ਪ੍ਰੋ. ਤਸਨੀਮ ਦਾ ਪਹਿਲਾ ਪੰਜਾਬੀ ਨਾਵਲ 'ਪਰਛਾਵੇਂ' 1966 ਈ. ਵਿੱਚ ਪ੍ਰਕਾਸ਼ਿਤ ਹੋਇਆ। ਇਸ ਤੋਂ ਬਾਅਦ ਉਹਨਾਂ ਨੇ ਦਸ ਪੰਜਾਬੀ ਨਾਵਲ ਲਿਖੇ, ਜਿਨ੍ਹਾਂ ਵਿੱਚੋਂ ਪ੍ਰਮੁੱਖ ਹਨ- 'ਰੇਤ ਛਲ', 'ਇੱਕ ਹੋਰ ਨਵਾਂ ਸਾਲ', 'ਜਦੋਂ ਸਵੇਰ ਹੋਈ', 'ਗਵਾਚੇ ਅਰਥ' ਅਤੇ 'ਤਲਾਸ਼ ਕੋਈ ਸਦੀਵੀ'। ਉਹਨਾਂ ਦੇ ਪਹਿਲੇ ਤਿੰਨ ਨਾਵਲ ਵੱਖ-ਵੱਖ ਕੋਰਸਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਾਏ ਜਾਂਦੇ ਰਹੇ ਹਨ। ਉਹਨਾਂ ਦਾ ਇੱਕੋ-ਇੱਕ ਕਹਾਣੀ-ਸੰਗ੍ਰਹਿ 'ਲੇਖਾ-ਜੋਖਾ' 2007 ਈ. ਵਿੱਚ ਪ੍ਰਕਾਸ਼ਿਤ ਹੋਇਆ। 'ਮੇਰਾ ਅਦਬੀ ਸਫ਼ਰ' ਉਹਨਾਂ ਦੀ ਸਾਹਿਤਿਕ ਸ੍ਵੈਜੀਵਨੀ ਹੈ।

ਸਾਹਿਤ-ਆਲੋਚਨਾ ਦੇ ਖੇਤਰ ਵਿੱਚ ਵੀ ਉਹਨਾਂ ਦਾ ਅਹਿਮ ਸਥਾਨ ਹੈ। ਪੰਜਾਬੀ ਨਾਵਲ ਦੀ ਆਲੋਚਨਾ ਸੰਬੰਧੀ ਉਹਨਾਂ ਦੀਆਂ ਹੁਣ ਤੱਕ ਅੱਠ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪੰਜਾਬੀ ਤੋਂ ਇਲਾਵਾ ਉਹ ਅੰਗਰੇਜ਼ੀ ਅਤੇ ਉਰਦੂ ਵਿੱਚ ਵੀ ਲਿਖਦੇ ਰਹੇ ਹਨ ਅਤੇ ਇਹਨਾਂ ਭਾਸ਼ਾਵਾਂ ਵਿੱਚ ਉਹਨਾਂ ਨੇ ਕਈ ਪੁਸਤਕਾਂ ਦੀ ਰਚਨਾ ਕੀਤੀ ਹੈ।

ਉਹਨਾਂ ਦੀ ਸਾਹਿਤਿਕ ਘਾਲਣਾ ਵਜੋਂ ਉਹਨਾਂ ਨੂੰ ਹੁਣ ਤੱਕ ਅਨੇਕਾਂ ਮਾਣ-ਸਨਮਾਨ ਪ੍ਰਾਪਤ ਹੋਏ ਹਨ, ਜਿਨ੍ਹਾਂ ਵਿੱਚੋਂ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ 1993 ਵਿੱਚ 'ਕਰਤਾਰ ਸਿੰਘ ਧਾਲੀਵਾਲ ਅਵਾਰਡ', ਭਾਸ਼ਾ-ਵਿਭਾਗ, ਪੰਜਾਬ ਵੱਲੋਂ 1995 ਵਿੱਚ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ' ਅਤੇ ਭਾਰਤ ਸਰਕਾਰ ਵੱਲੋਂ ਸਾਲ 1999 ਵਿੱਚ 'ਗਵਾਚੇ ਅਰਥ' ਨਾਵਲ ਲਈ 'ਸਾਹਿਤ ਅਕਾਦਮੀ ਪੁਰਸਕਾਰ' ਪ੍ਰਮੁੱਖ ਹਨ। ਅੱਜ-ਕੱਲ੍ਹ ਵੱਖ-ਵੱਖ ਪੱਤਰ-ਪੱਤ੍ਰਿਕਾਵਾਂ ਵਿੱਚ ਛਪਦੇ ਆਪਣੇ ਲੇਖਾਂ ਰਾਹੀਂ ਉਹ ਮਾਂ-ਬੋਲੀ ਪੰਜਾਬੀ ਦੀ ਸੇਵਾ ਕਰ ਰਹੇ ਹਨ।



Downloaded from https:// www.studiestoday.com

Downloaded from https:// www.studiestoday.com

ਇਸ ਨਾਵਲ ਦਾ ਪਾਠ-ਅਭਿਆਸ ਦਫਤਰੀ ਪੱਧਰ 'ਤੇ ਸ੍ਰੀਮਤੀ ਪਰਮਿੰਦਰ ਕੌਰ, ਵਿਸ਼ਾ-ਮਾਹਰ ਦੀ ਅਗਵਾਈ ਵਿਚ ਸ੍ਰੀ ਮਨਮੋਹਨ ਸਿੰਘ ਦਾਊਂ, ਸ੍ਰੀ ਜਸਵੀਰ ਸਿੰਘ ਲੰਗੜੋਆ ਅਤੇ ਡਾ. ਸ੍ਰੀਮਤੀ ਵਰਿੰਦਰਜੀਤ ਵਾਤਿਸ਼ ਨੇ ਤਿਆਰ ਕੀਤਾ ਹੈ। ਇਹਨਾਂ ਖੇਤਰੀ ਮਾਹਰਾਂ/ਅਧਿਆਪਕਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ ਜਾਂਦਾ ਹੈ। ਇਸ ਪੁਸਤਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।

**ਸ੍ਰੀਮਤੀ ਮਨਜੀਤ ਕੌਰ**
**ਡਿਪਟੀ ਡਾਇਰੈਕਟਰ**
**(ਪੰਜਾਬੀ ਵਿਕਾਸ ਕੇਂਦਰ)**



Downloaded from https:// www.studiestoday.com

Downloaded from https:// www.studiestoday.com

# ਇਸ ਨਾਵਲ ਬਾਰੇ

ਨਾਵਲ ਵਿੱਚ ਕਹਾਣੀ ਹੁੰਦੀ ਹੈ ਪਰ ਨਾਵਲ ਸਿਰਫ਼ ਕਹਾਣੀ ਹੀ ਬਿਆਨ ਨਹੀਂ ਕਰਦਾ, ਇਹ ਪਾਤਰਾਂ ਦੇ ਮਨਾਂ ਵਿੱਚ ਹੋ ਰਹੇ ਘੋਲ਼ ਨੂੰ ਵੀ ਚਿਤਰਦਾ ਹੈ। ਸਾਡੇ ਬਾਹਰ ਏਨਾ ਕੁਝ ਨਹੀਂ ਵਾਪਰ ਰਿਹਾ ਜਿੰਨਾ ਕੁਝ ਕਿ ਮਨ ਵਿੱਚ ਵਾਪਰ ਰਿਹਾ ਹੈ। ਇਸ ਬਾਹਰ ਅਤੇ ਅੰਦਰ ਦੀ ਦੁਨੀਆ ਵਿੱਚ ਸੁਮੇਲ ਪੈਦਾ ਕਰਨਾ ਹੀ ਅੱਜ ਦੇ ਨਾਵਲਕਾਰ ਦਾ ਮੰਤਵ ਹੈ। ਉਹ ਚਾਹੁੰਦਾ ਹੈ ਕਿ ਜੀਵਨ ਦੀ ਸਚਾਈ ਉੱਘੜ ਕੇ ਉਹਦੇ ਸਾਹਮਣੇ ਆ ਜਾਏ। ਪਰ ਇਹ ਕੰਮ ਹੈ ਬਹੁਤ ਮੁਸ਼ਕਲ ਕਿਉਂਕਿ ਜੀਵਨ ਦੇ ਕਈ ਰੰਗ ਹਨ ਅਤੇ ਕੋਈ ਵੀ ਇੱਕ ਰੰਗ ਸਮੁੱਚੇ ਜੀਵਨ ਦਾ ਰੰਗ ਨਹੀਂ। ਭਿੰਨ-ਭਿੰਨ ਰੰਗਾਂ ਦੀ ਤਲਾਸ਼ ਹੀ ਨਾਵਲਕਾਰ ਕੋਲ਼ੋਂ ਕਈ ਨਾਵਲ, ਨਾਟਕਕਾਰ ਕੋਲੋਂ ਕਈ ਨਾਟਕ ਅਤੇ ਕਵੀ ਕੋਲ਼ੋਂ ਕਈ ਕਵਿਤਾਵਾਂ ਲਿਖਵਾਉਂਦੀ ਹੈ।

'ਇੱਕ ਹੋਰ ਨਵਾਂ ਸਾਲ' ਵਿਚ ਮੈਂ ਇੱਕ ਰਿਕਸ਼ਾ-ਚਾਲਕ ਦੇ ਜੀਵਨ ਦੀ ਝਲਕ ਪੇਸ਼ ਕੀਤੀ ਹੈ। ਉਸ ਦੇ ਜੀਵਨ ਨੂੰ ਮੈਂ ਉਹਦੀ ਨਜ਼ਰ ਨਾਲ਼ ਹੀ ਦੇਖਣ ਦੀ ਕੋਸ਼ਸ਼ ਕੀਤੀ ਹੈ। ਬੰਤਾ ਆਪਣੀ ਕਹਾਣੀ ਆਪਣੇ ਮੂੰਹੋਂ ਬਿਆਨ ਕਰ ਰਿਹਾ ਹੈ। ਉਹ ਜੀਵਨ ਦੇ ਚੱਕਰ ਵਿੱਚ ਬੁਰੀ ਤਰ੍ਹਾਂ ਫਸਿਆ ਹੋਇਆ ਹੈ। ਉਸ ਦੇ ਜੀਵਨ ਵਿੱਚ ਛੋਟੀਆਂ-ਛੋਟੀਆਂ ਘਟਨਾਵਾਂ ਵਾਪਰਦੀਆਂ ਹਨ ਅਤੇ ਉਹਨਾਂ ਘਟਨਾਵਾਂ ਦਾ ਉਹਦੇ ਮਨ ਉੱਤੇ ਡੂੰਘਾ ਪ੍ਰਭਾਵ ਪੈਂਦਾ ਹੈ। ਕਈ ਤਰ੍ਹਾਂ ਦੇ ਵਿਚਾਰ ਉਸ ਦੇ ਮਨ ਵਿੱਚ ਪੈਦਾ ਹੁੰਦੇ ਹਨ ਅਤੇ ਇਹ ਵਿਚਾਰ ਉਹਦੇ ਜੀਵਨ ਦੀ ਤਸਵੀਰ ਮੁਕੰਮਲ ਕਰਦੇ ਚਲੇ ਜਾਂਦੇ ਹਨ।

ਇਹ ਨਾਵਲ ਬੰਤੇ ਦੇ ਜੀਵਨ ਦੇ ਇੱਕ ਦਿਨ ਦੀ ਕਹਾਣੀ ਹੈ—ਨਵੇਂ ਸਾਲ ਦੇ ਪਹਿਲੇ ਦਿਨ ਦੀ। ਇਸ ਇੱਕ ਦਿਨ ਵਿੱਚ ਹੀ ਉਹਦਾ ਪੂਰਾ ਜੀਵਨ ਰੂਪਮਾਨ ਹੋ ਜਾਂਦਾ ਹੈ। ਉਹ ਆਪ ਤਾਂ ਵਰਤਮਾਨ ਵਿੱਚ ਵਿਚਰ ਰਿਹਾ ਹੈ ਪਰ ਮਨ ਵਿੱਚ ਉੱਘੜ ਰਹੀਆਂ ਪੁਰਾਣੀਆਂ ਯਾਦਾਂ ਦੇ ਸਹਾਰੇ ਉਹ ਅਛੋਪਲ਼ੇ ਹੀ ਭੂਤ-ਕਾਲ ਵਿੱਚ ਚਲਿਆ ਜਾਂਦਾ ਹੈ। ਉਹਦੀ ਕਿਸੇ ਯਾਦ ਦਾ ਟੋਟਾ ਜਦੋਂ ਵਰਤਮਾਨ ਵਿੱਚ ਰਲ਼ਦਾ ਹੈ ਤਾਂ ਉਹ ਵਰਤਮਾਨ ਦਾ ਹੀ ਇੱਕ ਭਾਗ ਬਣ ਜਾਂਦਾ ਹੈ। ਸਿਰਫ਼ ਇਹੋ ਗੱਲ ਨਹੀਂ। ਕਦੀ-ਕਦੀ ਉਹ ਆਪਣੇ ਪੁੱਤਰ ਦੇ ਭਵਿਖ ਦੀ ਕਲਪਨਾ ਕਰਨ ਲੱਗ ਪੈਂਦਾ ਹੈ। ਇੰਞ ਭਵਿਖ ਵੀ ਥੋੜ੍ਹੇ ਸਮੇਂ ਲਈ ਵਰਤਮਾਨ ਦਾ ਹੀ ਭਾਗ ਹੋ ਨਿੱਬੜਦਾ ਹੈ। ਪਰਤਵੀਂ ਝਾਤ ਅਤੇ ਕਲਪਿਤ ਭਵਿਖ ਬੰਤੇ ਦੇ ਪੂਰੇ ਜੀਵਨ ਨੂੰ ਪਾਠਕ ਦੇ ਸਾਹਮਣੇ ਲਿਆ ਖੜ੍ਹਾ ਕਰਦੇ ਹਨ।

ਇੱਕ ਵਿਅਕਤੀ ਦੀ ਕਹਾਣੀ ਹੋਣ ਤੋਂ ਇਲਾਵਾ ਇਹ ਨਾਵਲ ਪੂਰੇ ਸਮਾਜ ਦੀ ਝਾਕੀ ਵੀ ਹੈ। ਲੋਕ ਉਹਦੇ ਰਿਕਸ਼ੇ ਉੱਤੇ ਬੈਠਦੇ ਹਨ, ਆਪਸ ਵਿੱਚ ਗੱਲਾਂ ਕਰਦੇ ਹਨ ਜਾਂ ਕਦੀ-ਕਦੀ ਉਸ ਨਾਲ਼ ਗੱਲਾਂ ਕਰਨ ਲੱਗ ਪੈਂਦੇ ਹਨ ਅਤੇ ਇੰਞ ਆਧੁਨਿਕ ਸਮਾਜ ਦਾ ਚਲ-ਚਿੱਤਰ ਸਾਡੀਆਂ



Downloaded from https:// www.studiestoday.com

Downloaded from https:// www.studiestoday.com

ਨਜ਼ਰਾਂ ਵਿੱਚੋਂ ਲੰਘ ਜਾਂਦਾ ਹੈ। ਇੱਕ ਫ਼੍ਰਾਂਸੀਸੀ ਨਾਵਲਕਾਰ ਨੇ ਨਾਵਲ ਨੂੰ ਸੜਕ ਦੇ ਕੰਢੇ-ਕੰਢੇ ਚੱਲ ਰਿਹਾ ਸ਼ੀਸ਼ਾ ਕਿਹਾ ਹੈ। ਇਹ ਗੱਲ ਇਸ ਨਾਵਲ ਉੱਤੇ ਕਾਫ਼ੀ ਹੱਦ ਤੱਕ ਲਾਗੂ ਹੁੰਦੀ ਹੈ। ਇੰਞ ਵੀ ਕਿਹਾ ਜਾ ਸਕਦਾ ਹੈ ਕਿ ਬੰਤੇ ਦਾ ਰਿਕਸ਼ਾ ਇਕ ਐਸਾ ਦਰਪਣ ਹੈ, ਜਿਸ ਵਿੱਚ ਨਿੱਤ ਨਵੀਂਆਂ ਵਾਪਰ ਰਹੀਆਂ ਘਟਨਾਵਾਂ ਅਤੇ ਸਮਾਜ ਦੇ ਵੱਖ-ਵੱਖ ਅੰਗਾਂ—ਮਰਦਾਂ ਅਤੇ ਔਰਤਾਂ, ਬੱਚਿਆਂ ਅਤੇ ਬੁੱਢਿਆਂ—ਦੀ ਝਲਕ ਮਿਲ਼ਦੀ ਹੈ।

ਬੰਤਾ ਇੱਕ ਪਛੜੀ ਹੋਈ ਜਾਤੀ ਦਾ ਪ੍ਰਤਿਨਿਧ ਹੈ। ਇਸ ਤਰ੍ਹਾਂ ਦੇ ਬੰਦੇ ਲਈ ਸਾਡੇ ਮਨ ਵਿੱਚ ਕੇਵਲ ਤਰਸ ਦੀ ਭਾਵਨਾ ਹੀ ਪੈਦਾ ਹੁੰਦੀ ਹੈ, ਇਸ ਤੋਂ ਵੱਧ ਕੁਝ ਨਹੀਂ। ਤਰਸ ਕਰਨ ਦਾ ਇਹ ਅਧਿਕਾਰ ਅਸੀਂ ਆਪ ਹੀ ਕਿਤੋਂ ਪ੍ਰਾਪਤ ਕਰ ਲਿਆ ਹੈ। ਪਰ ਬੰਤਾ ਜਾਂ ਉਸ ਵਰਗੇ ਹੋਰ ਬੰਦੇ ਇਸ ਗੱਲ ਨੂੰ ਪਸੰਦ ਨਹੀਂ ਕਰਦੇ। ਇੱਕ ਮਨੁੱਖ ਨੂੰ ਦੂਜੇ ਮਨੁੱਖ ਨਾਲ਼ ਹਮਦਰਦੀ ਤਾਂ ਹੋਣੀ ਚਾਹੀਦੀ ਹੈ ਪਰ ਕਿਸੇ ਮਨੁੱਖ ਨੂੰ ਦੂਜੇ ਮਨੁੱਖ ਉੱਤੇ ਤਰਸ ਕਰਨ ਦਾ ਕੋਈ ਅਧਿਕਾਰ ਨਹੀਂ। ਬੰਤਾ ਜੀਵਨ ਦੀਆਂ ਔਕੜਾਂ ਨਾਲ਼ ਜੂਝ ਰਿਹਾ ਇੱਕ ਪਾਤਰ ਹੈ। ਉਹ ਕਦੀ ਵੀ ਹੌਸਲਾ ਨਹੀਂ ਹਾਰਦਾ। ਉਹ ਹਰ ਕਦਮ 'ਤੇ ਚੜ੍ਹਦੀ ਕਲਾ ਵਿੱਚ ਰਹਿੰਦਾ ਹੈ। ਉਸ ਦੇ ਮਨ ਵਿੱਚ ਵੀ ਸੱਧਰਾਂ ਹਨ, ਆਪਣੇ ਜੀਵਨ ਨੂੰ ਚੰਗਾ ਬਣਾਉਣ ਦੀ ਖ਼ਾਹਸ਼ ਹੈ। ਉਹ ਮਿਹਨਤ ਕਰਨ ਵਿੱਚ ਹੀ ਆਪਣੇ ਉੱਜਲ ਭਵਿਖ ਦੀ ਝਲਕ ਦੇਖਦਾ ਹੈ। ਉਸ ਦਾ ਜੀਵਨ ਰਿਕਸ਼ੇ ਦੇ ਪਹੀਏ ਵਾਂਗ ਹੈ, ਜਿਸ ਦਾ ਹਰ ਸਮੇਂ ਹਰਕਤ ਵਿੱਚ ਰਹਿਣਾ ਅਤਿ ਜ਼ਰੂਰੀ ਹੈ। ਇਸ ਖ਼ਿਆਲ ਨੂੰ ਪੰਜਾਬੀ ਦੇ ਪ੍ਰਸਿੱਧ ਕਵੀ ਈਸ਼ਵਰ ਚਿੱਤਰਕਾਰ ਨੇ ਇਹਨਾਂ ਸ਼ਬਦਾਂ ਵਿੱਚ ਦਰਸਾਇਆ ਹੈ—

ਜ਼ਿੰਦਗੀ ਸੰਗਰਾਮ ਦੀ, ਅਸਗਾਹ ਸਾਗਰ।
ਜ਼ਿੰਦਗੀ ਆਰਾਮ ਦੀ, ਖੁਰਦਾ ਕਿਨਾਰਾ।

ਇਹ ਨਾਵਲ ਕਿਉਂਕਿ ਸ੍ਵੈਕਥਨੀ ਦੇ ਰੂਪ ਵਿੱਚ ਹੈ, ਇਸ ਲਈ ਇਹ ਉਸੇ ਢੰਗ ਨਾਲ਼ ਲਿਖਿਆ ਗਿਆ ਹੈ ਜਿਸ ਨਾਲ਼ ਕਿ ਇੱਕ ਰਿਕਸ਼ਾ-ਚਾਲਕ ਸੋਚ ਸਕਦਾ ਹੈ। ਇਥੋਂ ਤੱਕ ਕਿ ਸ਼ਬਦ ਵੀ ਲਗ-ਪਗ ਉਸੇ ਤਰ੍ਹਾਂ ਲਿਖੇ ਗਏ ਹਨ ਜਿਸ ਤਰ੍ਹਾਂ ਕਿ ਉਹ ਆਮ ਤੌਰ 'ਤੇ ਬੋਲੇ ਜਾਂਦੇ ਹਨ ਤਾਂਜੋ ਸਥਾਨਿਕ ਰੰਗਣ, ਜਿਸ ਨੂੰ ਆਂਚਲਿਕਤਾ ਵੀ ਕਿਹਾ ਜਾ ਸਕਦਾ ਹੈ, ਕਾਇਮ ਰਹਿ ਸਕੇ ਅਤੇ ਯਥਾਰਥਿਕ ਚਿੱਤਰ ਪੇਸ਼ ਕੀਤਾ ਜਾਏ।

**ਦਸੰਬਰ, 1974** — **—ਨਰਿੰਜਨ ਤਸਨੀਮ**
**ਲੇਖਕ**



Downloaded from https:// www.studiestoday.com

Downloaded from https:// www.studiestoday.com

### ਕਾਂਡ-ਇੱਕ

# ਸਵੇਰ

ਉਸ ਦਿਨ ਮੇਰੀ ਜਾਗ ਸਵੇਰੇ ਪੰਜ ਵਜੇ ਖੁੱਲ੍ਹ ਗਈ। ਮੇਰਾ ਜੀਅ ਨਹੀਂ ਸੀ ਕਰਦਾ ਬਿਸਤਰੇ ਵਿੱਚੋਂ ਬਾਹਰ ਨਿਕਲਣ 'ਤੇ, ਪਰ ਹਮੇਸ਼ਾਂ ਵਾਂਗ ਸਵੇਰੇ ਛੇ ਵਜੇ ਮੇਰਾ ਸਟੇਸ਼ਨ ਉੱਤੇ ਪਹੁੰਚਣਾ ਬਹੁਤ ਜ਼ਰੂਰੀ ਸੀ। ਉਸ ਵੇਲ਼ੇ ਹੀ ਪਹੁੰਚਦੀ ਹੈ ਨਾ ਕਾਲਕਾ-ਮੇਲ ਸਟੇਸ਼ਨ ਉੱਤੇ? ਮੈਂ ਅਤੇ ਮੇਰੇ ਵਰਗੇ ਹੋਰ ਉੱਥੇ ਨਾ ਹੋਣ ਤਾਂ ਕਿੰਨੀ ਤਕਲੀਫ਼ ਹੋਵੇ, ਸਵਾਰੀਆਂ ਨੂੰ ! ਮੈਂ ਉੱਠ ਕੇ ਬੈਠ ਗਿਆ ਪਰ ਮੰਜੀ ਤੋਂ ਥੱਲੇ ਪੈਰ ਰੱਖਣ ਦੀ ਬਜਾਏ ਮੈਂ ਰਜਾਈ ਚੰਗੀ ਤਰ੍ਹਾਂ ਆਪਣੇ ਚਾਰੇ ਪਾਸੇ ਲਪੇਟ ਲਈ। ਕਿੰਨੀ ਠੰਢ ਪੈ ਰਹੀ ਸੀ, ਪਿਛਲੇ ਦੋ ਸਾਤਿਆਂ ਤੋਂ। ਸਵੇਰ ਤੋਂ ਸ਼ਾਮ ਤੀਕ ਧੁੰਦ ਈ ਛਾਈ ਰਹਿੰਦੀ ਸੀ ਚਾਰੇ ਪਾਸੇ। ਕਈਆਂ ਦਿਨਾਂ ਤੋਂ ਸੂਰਜ ਨਹੀਂ ਸੀ ਨਿਕਲ਼ਿਆ ਪਰ ਠੰਢ ਦਾ ਵੀ ਆਪਣਾ ਹੀ ਇੱਕ ਸਵਾਦ ਹੁੰਦੈ। ਜਿੰਨੀ ਜ਼ਿਆਦਾ ਕੰਬਣੀ ਛਿੜਦੀ ਐ, ਓਨਾ ਹੀ ਜ਼ਿਆਦਾ ਨਿੱਘ ਆਉਂਦੈ। ਚੰਗਾ ਚੱਕਰ ਐ ਇਹ ਵੀ, ਜੀਵਨ ਦੇ ਚੱਕਰ ਦੀ ਤਾਂ ਭਲਾ ਗੱਲ ਹੀ ਕੀ ਕਰਨੀ ਹੋਈ। ਇਹ ਤਾਂ ਰਿਕਸ਼ੇ ਦੇ ਪਹੀਏ ਵਾਂਗ ਘੁੰਮਦਾ ਹੀ ਰਹਿੰਦੈ। ਪਹੀਏ ਦਾ ਖ਼ਿਆਲ ਆਇਆ ਤਾਂ ਤਬੀਅਤ ਖ਼ੁਸ਼ ਹੋ ਗਈ। ਪਹੀਆ ਚੱਲਦਾ ਹੀ ਰਵ੍ਹੇ ਤਾਂ ਚੰਗਾ ਲੱਗਦੈ—ਭਾਵੇਂ ਰਿਕਸ਼ੇ ਦਾ ਹੋਵੇ, ਭਾਵੇਂ ਜ਼ਿੰਦਗੀ ਦਾ।

"ਉੱਠ ਭਲੀਏ ਲੋਕੇ, ਚਾਹ ਬਣਾ," ਮੈਂ ਲਾਗਲੀ ਮੰਜੀ ਉੱਤੇ ਸੁੱਤੀ ਹੋਈ ਤਾਰੋ ਨੂੰ ਅਵਾਜ਼ ਦਿੱਤੀ।

"ਤੂੰ ਉੱਠ ਕੇ ਮੂੰਹ-ਹੱਥ ਤਾਂ ਧੋ ਲੈ, ਪਹਿਲਾਂ ਚਾਹ ਦੀ ਈ ਲੱਗ ਗਈ ਐ," ਉਸ ਨੇ ਰਜਾਈ ਵਿਚੋਂ ਮੂੰਹ ਬਾਹਰ ਕੱਢੇ ਬਗ਼ੈਰ ਹੀ ਜਵਾਬ ਦੇ ਦਿੱਤਾ।

"ਮੈਂ ਅੱਜ 'ਬੈੱਡ-ਟੀ' ਪੀਣੀ ਐ," ਇਹ ਗੱਲ ਕਹਿੰਦੇ ਹੋਏ ਮੇਰੇ ਬੁੱਲ੍ਹਾਂ ਉੱਤੇ ਮੁਸਕਣੀ ਫੈਲ ਗਈ।

"ਉਹ ਕੀ ਹੁੰਦੀ ਐ?" ਉਸ ਦੀ ਅਵਾਜ਼ ਤੋਂ ਪਤਾ ਲੱਗਾ ਕਿ ਉਸ ਨੇ ਰਜਾਈ ਵਿੱਚੋਂ ਮੂੰਹ ਬਾਹਰ ਕੱਢ ਲਿਆ ਸੀ।

"ਭਲੀਏ ਲੋਕੇ, ਜਿਹੜੀ ਚਾਹ ਵੱਡੇ ਲੋਕ ਬਿਸਤਰਾ ਛੱਡਣ ਤੋਂ ਪਹਿਲਾਂ ਪੀਂਦੇ ਐ, ਉਹ ਹੁੰਦੀ ਐ, ਬੈੱਡ-ਟੀ। ਚੱਲ ਉੱਠ, ਪਿਆ ਦੇ ਅੱਜ ਸਾਨੂੰ ਵੀ ਬੈੱਡ-ਟੀ," ਮੈਂ ਫਿਰ ਨਿੱਸਲ਼ ਹੋ ਗਿਆ।

"ਤੂੰ ਕੋਈ ਵੱਡਾ ਲੋਕ ਐਂ?" ਉਹ ਸ਼ਾਇਦ ਮੁਸਕਰਾ ਰਹੀ ਸੀ, ਉਸ ਵੇਲ਼ੇ।



Downloaded from https:// www.studiestoday.com

Downloaded from https:// www.studiestoday.com

"ਚੱਲ ਵੱਡਾ ਲੋਕ ਨਾ ਸਹੀ, ਪਰ ਵੱਡੇ ਲੋਕਾਂ ਨਾਲ਼ ਵਾਹ ਤਾਂ ਪੈਂਦਾ ਏ ਨਾ ਮੇਰਾ। ਨਾਲ਼ੇ ਇੱਕ ਹੋਰ ਗੱਲ ਵੀ ਐ ਅੱਜ, ਖ਼ਾਸ," ਮੈਂ ਉਹਦੀ ਮੰਜੀ ਵੱਲ ਪਾਸਾ ਮੋੜ ਲਿਆ।

"ਕੀ ਗੱਲ ਐ ਖ਼ਾਸ ਐਹੋ-ਜਿਹੀ?" ਉਹ ਸੱਚੀਂ-ਮੁੱਚੀਂ ਕਾਹਲ਼ੀ ਪੈ ਗਈ ਸੀ, ਸੁਣਨ ਵਾਸਤੇ।

"ਅੱਜ ਨਵਾਂ ਸਾਲ ਚੜ੍ਹਿਐ, ਭਲੀਏ ਲੋਕੇ," ਮੈਂ ਆਪਣੇ ਦਿਲ ਦੀ ਗੁੱਝੀ ਗੱਲ ਉਸ ਨੂੰ ਦੱਸ ਈ ਦਿੱਤੀ।

"ਇਹ ਭਲਾ ਕੀ ਖ਼ਾਸ ਗੱਲ ਹੋਈ, ਨਵਾਂ ਸਾਲ ਤਾਂ ਪਿਛਲੇ ਸਾਲ ਵੀ ਚੜ੍ਹਿਆ ਸੀ," ਉਸ ਨੇ ਪਰੇ ਕੰਧ ਵੱਲ ਨੂੰ ਪਾਸਾ ਮੋੜ ਲਿਆ।

"ਕਿੰਨੀ ਕਮਲ਼ੀ ਐ ਤਾਰੋ ਵੀ," ਮੈਂ ਸੋਚਿਆ। ਇਹੀ ਗੱਲ ਮੈਂ ਉਦੋਂ ਵੀ ਸੋਚ ਰਿਹਾ ਸੀ, ਜਦੋਂ ਧੁੰਦ ਨੂੰ ਚੀਰਦਾ ਹੋਇਆ ਮੈਂ ਸਟੇਸ਼ਨ ਵੱਲ ਨੂੰ ਜਾ ਰਿਹਾ ਸੀ। ਠੰਢ ਜਿੰਨੀ ਜ਼ਿਆਦਾ ਸੀ, ਓਨਾ ਹੀ ਮੈਂ ਕੰਬ ਰਿਹਾ ਸਾਂ। ਜਿੰਨਾ ਮੈਂ ਕੰਬ ਰਿਹਾ ਸਾਂ, ਓਨਾ ਹੀ ਜ਼ਿਆਦਾ ਮੈਂ ਨਿੱਘ ਮਹਿਸੂਸ ਕਰ ਰਿਹਾ ਸਾਂ ਅਤੇ ਜਿੰਨਾ ਮੈਂ ਨਿੱਘ ਮਹਿਸੂਸ ਕਰ ਰਿਹਾ ਸਾਂ, ਓਨੀ ਹੀ ਤੇਜ਼ ਮੈਂ ਰਿਕਸ਼ਾ ਚਲਾ ਰਿਹਾ ਸਾਂ।

ਚੱਲ ਬਈ, ਬੰਤਿਆ! ਛੇਤੀ ਕਰ, ਗੱਡੀ ਆਉਣ ਵਾਲ਼ੀ ਊ। ਇਹ ਗੱਡੀ ਘੱਟ ਈ ਕਦੀ ਲੇਟ ਹੁੰਦੀ ਐ। ਪਤਾ ਈ ਨਾ? ਕਿਉਂ ਨਹੀਂ ਪਤਾ ਹੋਊ ਤੈਨੂੰ? ਕਿੰਨੇ ਵਰ੍ਹੇ ਹੋ ਗਏ ਐ, ਤੈਨੂੰ ਰਿਕਸ਼ਾ ਚਲਾਉਂਦੇ ਨੂੰ? ਕੀ ਪਤਾ ਕਿੰਨੇ ਵਰ੍ਹੇ? ਐਨੀ ਠੰਢ ਵਿੱਚ ਤੈਨੂੰ ਵਰ੍ਹਿਆਂ ਦੀ ਪਈ ਹੋਈ ਐ? ਕੌਣ ਰੱਖੇ ਹਿਸਾਬ? ਹਾਂ, ਐਨਾ ਕੁ ਯਾਦ ਐ ਮੈਨੂੰ, ਉਦੋਂ ਹਾਲੇ ਮੇਰੀ ਮੁੱਛ ਵੀ ਨਹੀਂ ਸੀ ਫੁੱਟੀ। ਬੜੇ ਸਾਲ ਬੀਤ ਗਏ ਐ ਮੁੱਛ ਫੁੱਟੀ ਨੂੰ ਹੁਣ ਤਾਂ, ਬੰਤਿਆ! ਹੁਣ ਸੁੱਖ ਨਾਲ਼ ਤਿੰਨ ਨਿਆਣੇ ਐਂ ਘਰ ਵਿੱਚ। ਕਿੰਨੀ ਕਮਲ਼ੀ ਐ, ਸਾਡੀ ਤਾਰੋ ਵੀ। ਨਵਾਂ ਸਾਲ ਚੜ੍ਹਨ ਨੂੰ ਖ਼ਾਸ ਗੱਲ ਈ ਨਹੀਂ ਸਮਝਦੀ। ਚੱਲ ਛੱਡ, ਇਹ ਗੱਲਾਂ। ਤੂੰ ਸਵਾਰੀ ਦੀ ਭਾਲ਼ ਕਰ। ਕੋਈ ਲੋੜ ਨਹੀਂ, ਭਾਲ਼ ਕਰਨ ਦੀ। ਸਵਾਰੀ ਆਪੇ ਆਊਗੀ ਰਿਕਸ਼ੇ ਕੋਲ਼ ਚੱਲ ਕੇ—

"ਚੱਲੇਂਗਾ, ਕਟੜਾ ਮੋਤੀ ਰਾਮ?"

"ਬੈਠੋ, ਸਰਦਾਰ ਜੀ।"

"ਕਿੰਨੇ ਪੈਸੇ?"

"ਜੋ ਮਰਜ਼ੀ ਐ, ਦੇ ਦੇਣਾ।"

"ਨਹੀਂ, ਤੂੰ ਪਹਿਲਾਂ ਗੱਲ ਕਰ ਲੈ, ਬਾਅਦ ਵਿੱਚ ਝਗੜਾ ਪੈਂਦੈ।"

"ਡੇੜ੍ਹ ਰੁਪਈਆ...."

"ਡੇੜ੍ਹ....? ਇੱਕ ਦੀ ਗੱਲ ਕਰ।"

"ਚਲੋ, ਸਵਾ ਦੇ ਦਿਓ।"

"ਨਹੀਂ, ਇੱਕ ਤੋਂ ਵੱਧ ਨਹੀਂ ਦੇਣਾ...."

"ਚਲੋ, ਆਓ ਬੈਠੋ....ਤੁਹਾਡੀ ਈ ਬੋਹਣੀ ਕਰਨੀ ਐ।"



Downloaded from https:// www.studiestoday.com

Downloaded from https:// www.studiestoday.com

ਠੀਕ ਈ ਕਿਹਾ ਏ, ਬੰਤਿਆ, ਸਰਦਾਰ ਹੋਰਾਂ ਨੇ। ਹੱਕ ਤਾਂ ਇੱਕ ਰੁਪਏ ਦਾ ਈ ਐ, ਪਰ ਕੀ ਕੀਤਾ ਜਾਏ ? ਮਹਿੰਗਾਈ ਨੇ ਤਾਂ ਲੱਕ ਈ ਤੋੜ ਛੱਡਿਐ। ਜੋ ਮਰਜ਼ੀ ਐ ਕਮਾ ਲਓ, ਕੁਝ ਬਣਦਾ ਈ ਨਹੀਂ। ਚੱਲ, ਅਸੀਂ ਕਿਹੜਾ ਬਿਲਡਿੰਗਾਂ ਉਸਾਰਨੀਆਂ ਨੇ। ਡੰਗ ਸਰਦਾ ਜਾਏ ਤਾਂ ਬਹੁਤ ਐ। ਪਰ ਰੋਣਾ ਤਾਂ ਏਸੇ ਗੱਲ ਦੈ, ਕਿ ਡੰਗ ਨ੍ਹੀਂ ਸਰਦਾ—

"ਚੰਡੀਗੜ੍ਹੋਂ ਆਏ ਓ, ਸਰਦਾਰ ਜੀ?"

"ਹਾਂ...."

"ਨੌਕਰੀ ਕਰਦੇ ਓ, ਓਥੇ?"

"ਨਹੀਂ, ਨੌਕਰੀ ਲੱਭਣ ਜਾਂਦਾ ਵਾਂ, ਓਥੇ।"

"ਨੌਕਰੀ ਲੱਭਣ....?"

"ਹਾਂ.... ਤਿੰਨ ਵਾਰ ਹੋ ਆਇਆ ਵਾਂ, ਗੱਲ ਈ ਨਹੀਂ ਪਈ ਬਣਦੀ।"

"ਕਿਉਂ?"

"ਸਿਫ਼ਾਰਸ਼ ਤੋਂ ਬਗ਼ੈਰ ਕੋਈ ਨਹੀਂ ਪੁੱਛਦਾ ਕਿਸੇ ਨੂੰ।"

"ਕਿੰਨਾ ਪੜ੍ਹੇ ਹੋਏ ਓ, ਤੁਸੀਂ?"

"ਬੀ.ਏ. ਪਾਸ ਕੀਤੀ ਸੀ ਪਿਛਲੇ ਸਾਲ, ਫੇਰ ਕਈ ਮਹੀਨੇ ਟਾਈਪ ਸਿੱਖਦਾ ਰਿਹਾਂ।"

"ਅੱਛਾ ਜੀ !... ਤੁਹਾਨੂੰ ਤਾਂ ਫੇਰ ਚੰਗੀ ਨੌਕਰੀ ਮਿਲ਼ ਜਾਊ।"

"ਚੰਗੀ ਛੱਡ ਕੇ ਮਾੜੀ ਵੀ ਨਹੀਂ ਮਿਲ਼ਦੀ।"

"ਫੇਰ ਵੀ ਕਿੰਨੇ ਕੁ ਵਾਲ਼ੀ ਮਿਲ਼ ਜਾਊ?"

"ਦੋ-ਢਾਈ ਸੌ ਦੀ, ਹੋਰ ਕਿੰਨੇ ਵਾਲ਼ੀ?"

ਬੱਸ, ਬੰਤਿਆ, ਏਨੀ ਈ? ਇਹ ਤਾਂ ਕੋਈ ਗੱਲ ਨਾ ਹੋਈ। ਬੀ.ਏ. ਪਾਸ ਕਰ ਕੇ ਵੀ ਏਨੀ ਥੋੜ੍ਹੀ ਤਨਖ਼ਾਹ? ਤਾਂ ਤੇ ਫੇਰ ਤੂੰ ਈ ਚੰਗੈਂ, ਪੰਜਵੀਂ ਫ਼ੇਲ੍ਹ।

ਇਹ ਤਾਂ ਕਿਸਮਤ ਦੀ ਗੱਲ ਐ ਕਿ ਆਪਾਂ ਫ਼ੇਲ੍ਹ ਹੋ ਗਏ, ਨਹੀਂ ਤਾਂ ਘੱਟ ਨਹੀਂ ਸਾਂ ਮੈਂ ਵੀ ਪੜ੍ਹਨ ਵਿੱਚ, ਕਿਸੇ ਕੋਲ਼ੋਂ। ਉਦੋਂ ਦੋ ਸਾਲ ਹੋ ਗਏ ਸੀ ਵੱਡੀ ਭੈਣ ਦੇ ਵਿਆਹ ਨੂੰ ਪਰ ਕਰਜ਼ਾ ਲੱਥਣ ਦੀ ਥਾਂਵੇਂ ਹੋਰ ਚੜ੍ਹਦਾ ਜਾ ਰਿਹਾ ਸੀ। ਖੇਤ-ਮਜ਼ਦੂਰ ਈ ਸੀ ਨਾ ਮੇਰਾ ਪਿਓ, ਕਿਵੇਂ ਲਾਹ ਸਕਦਾ ਸੀ ਉਹ ਕਰਜ਼ਾ? ਦੋ ਸਾਲ ਉਹ ਅੰਦਰੇ-ਅੰਦਰ ਘੁਲ਼ਦਾ ਰਿਹਾ ਤੇ ਫੇਰ ਇੱਕ ਦਿਨ ਉਹਦੇ ਸਿਰ ਤੋਂ ਸਾਰੀ ਕਰਜ਼ੇ ਲੱਥ ਗਏ। ਬੇਬੇ ਅਤੇ ਦੋ ਛੋਟੀਆਂ ਭੈਣਾਂ ਦਾ ਭਾਰ ਮੇਰੇ ਉੱਤੇ ਆ ਪਿਆ। ਪੰਜਵੀਂ ਵਿੱਚ ਪੜ੍ਹਦਿਆਂ ਹਾਲੀ ਮੈਨੂੰ ਤਿੰਨ ਮਹੀਨੇ ਈ ਹੋਏ ਸੀ, ਉਦੋਂ। ਹੌਲ਼ੀ-ਹੌਲ਼ੀ ਮੈਂ ਸਾਰੀਆਂ ਕਿਤਾਬਾਂ ਇਕੱਠੀਆਂ ਕਰ ਲਈਆਂ ਸਨ। ਜਿਸ ਦਿਨ ਬਾਪੂ ਮਰਿਆ, ਉਸ ਤੋਂ ਅਗਲੇ ਦਿਨ ਮੈਂ ਆਪਣਾ ਬਸਤਾ ਲੱਕੜ ਦੇ ਬਕਸੇ ਵਿੱਚ ਬੰਦ ਕਰ ਦਿੱਤਾ। ਮੈਂ ਵੀ ਫੇਰ ਖੇਤ-ਮਜ਼ਦੂਰ ਬਣ ਗਿਆ। ਬਣਦਾ ਕਿਉਂ ਨਾ, ਮੈਂ ਖੇਤ ਮਜ਼ਦੂਰ? ਜਿਨ੍ਹਾਂ ਕੋਲ਼ੋਂ ਬਾਪੂ ਨੇ ਕਰਜ਼ਾ ਲਿਆ ਸੀ, ਉਹ ਕਿਵੇਂ ਛੱਡ ਦੇਂਦੇ ਮੈਨੂੰ? ਛੋਟੀ ਜਿਹੀ ਉਮਰ ਸੀ ਮੇਰੀ, ਪਰ ਕੰਮ ਮੈਂ ਵੱਡੇ-ਵੱਡੇ ਕਰ ਲੈਂਦਾ ਸਾਂ। ਫੇਰ ਦਿਨਾਂ ਵਿੱਚ ਈ



Downloaded from https:// www.studiestoday.com

Downloaded from https:// www.studiestoday.com

ਮੈਂ ਵੱਡਾ ਹੋ ਗਿਆ। ਇੱਕ ਦਿਨ ਸਰਦਾਰਾਂ ਦੇ ਵੱਡੇ ਮੁੰਡੇ ਨੇ ਮੈਨੂੰ ਕੁੱਟਿਆ, ਮੈਂ ਵੀ ਟਿਕਾ ਦਿੱਤੀਆਂ ਦੋ–ਚਾਰ। ਸਾਰਾ ਪਿੰਡ ਮਗਰ ਪੈ ਗਿਆ, ਮੇਰੇ। ਮੇਰਾ ਵੀ ਦਿਲ ਭਰ ਗਿਆ ਸੀ, ਸਰਦਾਰਾਂ ਦੀ ਗ਼ੁਲਾਮੀ ਤੋਂ। ਅਖੀਰ ਦੁਖੀ ਹੋ ਕੇ ਮੈਂ ਪਿੰਡ ਛੱਡ ਦਿੱਤਾ। ਸੱਤ–ਅੱਠ ਕੋਹ ਦੀ ਵਿੱਥ ਉੱਤੇ ਈ ਸੀ ਸਾਡਾ ਪਿੰਡ, ਸ਼ਹਿਰੋਂ। ਸ਼ਹਿਰ ਪੁੱਜ ਕੇ ਕਈ ਕੰਮ ਕੀਤੇ ਪਰ ਰਾਸ ਇਹੀ ਆਇਆ—ਰਿਕਸ਼ੇ ਦਾ ਕੰਮ।

ਇਹ ਕੰਮ ਹੈ ਤਾਂ ਬਹੁਤ ਔਖਾ ਪਰ ਕਿਸੇ ਦੀ ਆਕੜ ਨਹੀਂ ਝੱਲਣੀ ਪੈਂਦੀ ਇਸ ਵਿੱਚ। ਚਪੜਾਸੀ ਵੀ ਲੱਗਾ ਸੀ, ਮੈਂ ਇੱਕ ਵਾਰੀ। ਸਾਰਾ ਦਿਨ ਦਫ਼ਤਰ ਵਿੱਚ ਕੰਮ ਕਰਦਾ ਰਹਿੰਦਾ ਤੇ ਸ਼ਾਮ ਨੂੰ ਸਾਬ੍ਹ ਦੇ ਘਰ ਜਾ ਕੇ ਛੋਟੇ-ਮੋਟੇ ਕੰਮ ਕਰਦਾ। ਬੂਟ ਵੀ ਪਾਲਸ਼ ਕਰ ਦਿੰਦਾ ਸੀ ਮੈਂ। ਇੱਕ ਵਾਰ ਐਤਵਾਰ ਨੂੰ ਸਾਬ੍ਹ ਦੀ ਘਰਵਾਲ਼ੀ ਨੇ ਮੈਨੂੰ ਕੱਪੜੇ ਧੋਣ ਲਈ ਕਿਹਾ। ਮੈਂ ਨਾਂਹ ਕਰ ਦਿੱਤੀ। ਬੱਸ ਫੇਰ ਕੀ ਸੀ, ਸਾਬ੍ਹ ਬੜਾ ਕੜਕਿਆ ਮੇਰੇ ਉੱਤੇ। ਫੇਰ ਮੈਂ ਕਦੀ ਦਫ਼ਤਰ ਈ ਨਹੀਂ ਗਿਆ। ਮੈਂ ਕਿਹਾ, ਕਰ ਲਵੋ ਜੋ ਕਰਨਾ ਜੇ। ਜੇ ਕਿਤੇ ਪੜ੍ਹ ਗਿਆ ਹੁੰਦਾ ਮੈਂ, ਤਾਂ ਇਹ ਤਾਂ ਨਹੀਂ ਸੀ ਨਾ ਹੋਣਾ ਮੇਰੇ ਨਾਲ਼। ਪੰਜਵੀਂ ਵਿੱਚ ਈ ਛੁੱਟ ਗਿਆ ਸੀ, ਪੜ੍ਹਨਾ–ਲਿਖਣਾ। ਸਵੇਰੇ ਜਦੋਂ ਮੈਂ ਆਪਣੇ ਜਮਾਤੀਆਂ ਨੂੰ ਫੱਟੀ–ਬਸਤਾ ਚੁੱਕੀ ਜਾਂਦਿਆਂ ਵੇਖਦਾ ਤਾਂ ਪਤਾ ਨਹੀਂ ਮੇਰੇ ਅੰਦਰ ਕੀ ਹੋਣ ਲੱਗ ਪੈਂਦਾ। ਕਿੰਨਾ ਈ ਚਿਰ ਮੈਂ ਉਹਨਾਂ ਨੂੰ ਜਾਂਦਿਆਂ ਵੇਖਦਾ ਰਹਿੰਦਾ, ਫੇਰ ਬਦੋ–ਬਦੀ ਮੇਰੇ ਮੂੰਹ ਵਿਚੋਂ ਹਉਕਾ ਨਿਕਲ਼ ਜਾਂਦਾ। ਜਦੋਂ ਸਲਾਨਾ ਇਮਤਿਹਾਨ ਹੋਣ ਵਾਲ਼ਾ ਸੀ, ਪੰਜਵੀਂ ਜਮਾਤ ਦਾ, ਮੈਂ ਵੀ ਪਹੁੰਚ ਗਿਆ ਸਕੂਲੇ ਇੱਕ ਦਿਨ। ਮੇਰੇ ਜਮਾਤੀ ਹੈਰਾਨ ਹੋ ਗਏ ਮੈਨੂੰ ਵੇਖ ਕੇ। ਵੱਡਾ ਮਾਸਟਰ ਕੁਝ ਚਿਰ ਘੂਰੀ ਵੱਟ ਕੇ ਵੇਖਦਾ ਰਿਹਾ, ਮੇਰੇ ਵੱਲ। ਫੇਰ ਕਹਿਣ ਲੱਗਾ—"ਪਹਿਲਾਂ ਫ਼ੀਸਾਂ ਜਮ੍ਹਾਂ ਕਰਾ ਦੇ, ਸਾਰੇ ਮਹੀਨਿਆਂ ਦੀਆਂ।" ਮੈਂ ਦੇ ਦਿੱਤੇ ਪੈਸੇ ਤੇ ਬੈਠ ਗਿਆ, ਇਮਤਿਹਾਨ ਵਿੱਚ। ਭਾਵੇਂ ਆਉਂਦਾ ਮੈਨੂੰ ਕੁਝ ਵੀ ਨਹੀਂ ਸੀ, ਪਰ ਇਮਤਿਹਾਨ ਮੈਂ ਸਾਰਾ ਦਿੱਤਾ। ਪਾਸ ਹੋਣ ਦੇ ਖ਼ਿਆਲ ਨਾਲ਼ ਨਹੀਂ ਸੀ ਬੈਠਾ, ਮੈਂ ਇਮਤਿਹਾਨ ਵਿੱਚ। ਜੇ ਮੈਂ ਇਮਤਿਹਾਨ ਨਾ ਦੇਂਦਾ ਤਾਂ ਮੈਂ ਚੌਥੀ ਪਾਸ ਈ ਰਹਿਣਾ ਸੀ, ਹੁਣ ਮੈਂ ਪੰਜਵੀਂ ਫ਼ੇਲ੍ਹ ਆਂ....ਅਗਲੀ ਜਮਾਤ ਦਾ ਨਾਂ ਤਾਂ ਵੱਜਦਾ ਐ, ਨਾ!

"ਵਾਹਿਗੁਰੂ ਨੇ ਚਾਹਿਆ ਤਾਂ ਏਸ ਵਾਰੀ ਤਾਂ ਤੁਹਾਡਾ ਕੰਮ ਬਣ ਈ ਜਾਊ, ਸਰਦਾਰ ਜੀ !"

"ਮੈਨੂੰ ਤਾਂ ਕੋਈ ਆਸ ਨਜ਼ਰ ਨਹੀਂ ਆਉਂਦੀ, ਉਂਜ ਇੰਟਰਵਿਊ ਤਾਂ ਚੰਗਾ ਹੋ ਗਿਆ ਏ।"

"ਬੱਸ, ਫੇਰ ਕੀ ਐ—ਦਿਲ ਨਾ ਛੱਡੋ। ਕੰਮ ਜਦੋਂ ਬਣਨ ਲੱਗਦੈ, ਝੱਟ ਈ ਬਣ ਜਾਂਦੈ।"

"ਅੱਛਾ ਦੇਖੋ....ਬੱਸ, ਰੋਕ ਦੇ ਏਸ ਗਲ਼ੀ ਅੱਗੇ।"

"ਠੰਢ ਨੇ ਤਾਂ ਜੀ, ਮੱਤ ਈ ਮਾਰ ਛੱਡੀ ਏ।"

ਸਵੇਰੇ–ਸਵੇਰੇ ਠੰਢ ਵਿੱਚ ਉੱਤਰਿਐ, ਇਹ ਗੱਡੀ ਵਿੱਚੋਂ। ਪਤਾ ਨਹੀਂ ਰਾਤੀਂ ਸੁੱਤਾ ਵੀ ਐ ਕਿ ਨਹੀਂ? ਕੰਬਲ਼ ਵੀ ਨਹੀਂ ਕੋਲ਼। ਕੋਟ ਦੇ ਕਾਲਰ ਈ ਚੁੱਕੇ ਹੋਏ ਐ, ਉਤਾਂਹ। ਕਾਲਰਾਂ ਨਾਲ਼ ਵੀ



Downloaded from https:// www.studiestoday.com

Downloaded from https:// www.studiestoday.com

ਭਲਾ ਕਦੀ ਠੰਢ ਰੁਕੀ ਐ? ਚੱਲ ਛੱਡ, ਬੰਤਿਆ, ਇਹ ਗੱਲਾਂ, ਤੂੰ ਆਪਣੀ ਸੋਚ। ਅੱਜ ਤਾਂ ਤਾਰੋ ਨੇ ਚਾਹ ਵੀ ਨਹੀਂ ਬਣਾ ਕੇ ਦਿੱਤੀ। ਨਹੀਂ, ਉਹ ਤਾਂ ਬਣਾਉਣ ਲੱਗੀ ਸੀ ਪਰ ਮੈਂ ਈ ਨਹੀਂ ਬਣਾਉਣ ਦਿੱਤੀ। ਉਦੋਂ ਕੀ ਹੁੰਦਾ ਸੀ ਬਣਾ ਕੇ ਦੇਣ ਨੂੰ? ਅਖੇ ਤੂੰ ਕੋਈ ਵੱਡਾ ਲੋਕ ਐਂ? ਹੋਰ ਕਿਹੋ-ਜਿਹੇ ਹੁੰਦੇ ਐ, ਵੱਡੇ ਲੋਕ?

ਬੱਸ ਇਹੀ ਗੱਲ ਉਸ ਨੂੰ ਸਮਝ ਨਹੀਂ ਆਉਂਦੀ। ਦੋ ਜਮਾਤਾਂ ਈ ਪੜ੍ਹੀ ਹੋਈ ਐ, ਨਾ! ਪੜ੍ਹ ਤਾਂ ਮੈਂ ਵੀ ਨਹੀਂ ਸਕਿਆ ਬਹੁਤਾ। ਕਿਸਮਤਾਂ ਵਾਲ਼ੇ ਈ ਪੜ੍ਹਦੇ ਐ। ਬੰਦਾ ਪੜ੍ਹਿਆ ਹੋਵੇ ਤਾਂ ਉਸ ਦੀ ਟੌਰ ਈ ਹੋਰ ਹੁੰਦੀ ਐ। ਟੌਰ ਆਪਣੀ ਵੀ ਉਦੋਂ ਘੱਟ ਨਹੀਂ ਸੀ ਹੁੰਦੀ। ਜਦੋਂ ਮੈਂ ਸੌਹਰੇ ਘਰ ਜਾਂਦਾ ਹੁੰਦਾ ਸੀ ਤਾਂ ਪੰਜਾਬੀ ਦਾ ਅਖ਼ਬਾਰ ਨਾਲ ਲੈ ਕੇ ਜਾਂਦਾ ਸੀ। ਪਹਿਲੀ ਵਾਰ ਮੇਰੇ ਹੱਥ ਵਿੱਚ ਅਖ਼ਬਾਰ ਵੇਖ ਕੇ ਸਾਰੇ ਜਣੇ ਹੈਰਾਨ ਹੋ ਗਏ। ਭਲਾ ਹੈਰਾਨੀ ਵਾਲ਼ੀ ਕਿਹੜੀ ਗੱਲ ਸੀ? ਮੇਰੀ ਛੋਟੀ ਸਾਲ਼ੀ ਪਹਿਲਾਂ ਤਾਂ ਪਾਟੀਆਂ-ਪਾਟੀਆਂ ਅੱਖਾਂ ਨਾਲ਼ ਮੇਰੇ ਵੱਲ ਵੇਖਦੀ ਰਹੀ, ਫੇਰ ਪੁੱਛਣ ਲੱਗੀ...."ਸਾਰੀ ਅਖ਼ਬਾਰ ਪੜ੍ਹ ਲੈਂਦੈਂ?" ਉਹਦੀ ਮੂਰਖਤਾ ਉੱਤੇ ਮੈਂ ਹੱਸ ਛੱਡਿਆ, ਹੋਰ ਕਰਦਾ ਵੀ ਕੀ? ਪਰ ਉਹ ਝੱਲੀ ਮੇਰੇ ਕੋਲ਼ ਈ ਬੈਠ ਗਈ ਤੇ ਪਹਿਲੇ ਸਫ਼ੇ ਉੱਤੇ ਇੱਕ ਥਾਂ 'ਤੇ ਉਂਗਲ਼ੀ ਰੱਖ ਕੇ ਕਹਿਣ ਲੱਗੀ, 'ਐਥੋਂ ਪੜ੍ਹ।' ਮੈਂ ਫਰ-ਫਰ ਪੜ੍ਹਨ ਲੱਗ ਪਿਆ। ਉਸ ਨੇ ਦੂਸਰੇ ਸਫ਼ੇ ਉੱਤੇ ਉਂਗਲ਼ੀ ਰੱਖ ਦਿੱਤੀ, ਅਖੀਰ ਆਖ਼ਰੀ ਸਫ਼ੇ ਉੱਤੇ। ਮੈਨੂੰ ਕੀ ਫ਼ਰਕ ਪੈਂਦਾ ਸੀ, ਜਿਥੋਂ ਮਰਜ਼ੀ ਪੜ੍ਹਾ ਲੈਂਦੀ। ਉਹਦੀ ਹੈਰਾਨੀ ਇਕਦਮ ਖ਼ੁਸ਼ੀ ਵਿੱਚ ਬਦਲ ਗਈ। ਫੇਰ ਉਹ ਚਾਈਂ-ਚਾਈਂ ਮੇਰੇ ਲਈ ਚਾਹ ਬਣਾ ਕੇ ਲਿਆਈ। ਉਹੋ-ਜਿਹੀ ਚਾਹ ਪੀਤਿਆਂ ਤਾਂ ਹੁਣ ਖ਼ਾਸਾ ਚਿਰ ਹੋ ਗਿਐ। ਵੇਲ਼ਾ ਹੁੰਦੈ ਕੋਈ, ਏਧਰੋਂ ਆਉਂਦੈ, ਉੱਧਰੋਂ ਚਲਿਆ ਜਾਂਦੈ। ਚੱਲ ਛੱਡ ਉਹ ਗੱਲਾਂ ਬੰਤਿਆ, ਤੂੰ ਹੁਣ ਦੀ ਗੱਲ ਕਰ। ਚਾਹ ਪੀਣੀ ਐਂ ਤਾਂ ਹੋਰ ਨਾ ਮਾਰ ਪੈਡਲ। ਰੁਕ ਜਾਣ ਦੇ ਰਿਕਸ਼ਾ, ਏਸ ਖੋਖੇ ਅੱਗੇ। ਪੂਰਾ ਰੁਪਇਆ ਐ ਜੇਬ ਵਿੱਚ, ਕਰ ਐਸ਼—

"ਚੱਲੇਂਗਾ ਬਈ...?"

"ਕਿੱਥੇ ਜਾਣਾ ਜੇ....?"

"ਦਰਬਾਰ ਸਾਹਿਬ....."

"ਆਓ, ਬੈਠੋ...."

"ਕਿੰਨੇ ਪੈਸੇ...."

"ਬਾਰਾਂ ਆਨੇ...."

"ਨਹੀਂ, ਅੱਠ ਆਨੇ....ਰੋਜ਼ ਇਹੀ ਦੇਂਦੇ ਆਂ..."

"ਚਲੋ, ਆਓ ਬੈਠੋ...."

ਚਾਹ ਦਾ ਕੀ ਐ, ਕਿਸੇ ਵੇਲ਼ੇ ਵੀ ਪੀਤੀ ਜਾ ਸਕਦੀ ਐ। ਪਰ ਸਵਾਰੀ ਹਰ ਵੇਲ਼ੇ ਤਾਂ ਨਹੀਂ ਨਾ ਮਿਲ਼ਦੀ! ਦਰਬਾਰ ਸਾਹਿਬ ਬਹੁਤ ਦੂਰ ਵੀ ਨਹੀਂ, ਬੰਤਿਆ, ਦਸ-ਪੰਦਰਾਂ ਮਿੰਟ ਹੀ ਲੱਗਣਗੇ ਉਥੇ ਪਹੁੰਚਣ ਵਿੱਚ। ਮਿੰਟ ਤਾਂ ਭਾਵੇਂ ਬਹੁਤੇ ਨਾ ਲੱਗਣ ਪਰ ਜ਼ੋਰ ਬਹੁਤ ਲੱਗ ਰਿਹੈ ਰਿਕਸ਼ਾ ਖਿੱਚਣ



Downloaded from https:// www.studiestoday.com

Downloaded from https:// www.studiestoday.com

ਵਿੱਚ। ਦੋਵੇਂ ਈ ਸਵਾਰੀਆਂ ਵਾਹਵਾ ਭਾਰੀਆਂ ਨੇ। ਅੱਧਿਓਂ ਬਹੁਤੀ ਸੀਟ ਤਾਂ ਜ਼ਨਾਨੀ ਨੇ ਮੱਲੀ ਹੋਈ ਐ ਤੇ ਆਦਮੀ ਅੱਧਾ ਸੀਟ ਉੱਤੇ ਐ ਤੇ ਅੱਧਾ....ਹੱਸਦਾ ਕਿਉਂ ਐਂ, ਬੰਤਿਆ? ਖਾਂਦੇ-ਪੀਂਦੇ ਲੋਕ ਏਸੇ ਤਰ੍ਹਾਂ ਦੇ ਈ ਹੁੰਦੇ ਐ। ਇੱਕ ਹੋਰ ਗੱਲ ਵੇਖੀ ਐ, ਮੈਂ ਖਾਂਦੇ-ਪੀਂਦੇ ਲੋਕਾਂ ਵਿੱਚ। ਇਹ ਤੁਰਦੇ ਬਹੁਤ ਘੱਟ ਐ ਤੇ ਇੰਜ ਸਾਡਾ ਫ਼ੈਦਾ ਹੋ ਜਾਂਦੈ ਤੇ ਇਸ ਹਿਸਾਬ ਨਾਲ਼ ਤਾਂ ਸਾਰੇ ਖਾਂਦੇ-ਪੀਂਦੇ ਲੋਕ ਸਾਡਾ ਭਲਾ ਕਰਦੇ ਐ—

"ਚੰਗੀ ਤਰ੍ਹਾਂ ਹੋ ਕੇ ਬੈਠੋ ਨਾ ਜੀ, ਤੁਸੀਂ।"

"ਠੀਕ ਆਂ, ਠੀਕ ਆਂ....ਬਿਲਕੁਲ ਠੀਕ ਆਂ, ਮੈਂ।"

"ਕਿੰਨੀ ਹੌਲ਼ੀ ਚਲਾਂਦਾ ਏ, ਰਿਕਸ਼ਾ !"

"ਕੀ ਕਰੇ, ਤੂੰ ਸਿਆਣੀ ਏਂ, ਠੰਢ ਵੀ ਤਾਂ ਘੱਟ ਨਹੀਂ ਪੈ ਰਹੀ।"

"ਠੰਢ ਨੇ ਤਾਂ ਹੱਦ ਈ ਕਰ ਦਿੱਤੀ ਏ....ਤੁਸੀਂ ਉੱਪਰਲਾ ਸਵੈਟਰ ਪਾ ਲਿਆ ਸੀ ਨਾ?"

"ਆਹੋ, ਪਾਇਆ ਹੋਇਆ ਏ...ਉਂਜ ਇਹ ਕੋਟ ਵੀ ਬੜਾ ਭਾਰਾ ਏ।"

"ਤੁਸੀਂ ਵੀ ਲੈ ਲਵੋ ਇੱਕ ਵੱਡਾ ਕੋਟ, ਜਿਸ ਤਰ੍ਹਾਂ ਦਾ ਬਿੱਲੇ ਦੇ ਬਾਊ ਨੇ ਲੀਤਾ ਏ, ਹਾਲ ਬਜ਼ਾਰੋਂ।"

"ਨਹੀਂ, ਨਹੀਂ...ਉਹ ਨਹੀਂ ਚੰਗੇ ਹੁੰਦੇ ਕੱਪੜੇ।"

"ਸਸਤੇ ਤਾਂ ਬਹੁਤ ਨੇ...."

"ਸਸਤਿਆਂ ਨੂੰ ਕੀ ਕਰਨਾ ਹੋਇਆ, ਖ਼ਬਰੇ ਕਿਸ ਤਰ੍ਹਾਂ ਦੇ ਲੋਕਾਂ ਦੇ ਲੱਥੇ ਹੁੰਦੇ ਨੇ।"

"ਐਨੇ ਸੋਹਣੇ ਕੱਪੜੇ ਲਾਹ ਸੁੱਟਦੇ ਨੇ, ਉਹ ਲੋਕ?"

"ਤੇ ਹੋਰ ਕੀ....ਅਮਰੀਕਾ ਵਰਗਾ ਅਮੀਰ ਕਿਹੜਾ ਦੇਸ ਏ, ਦੁਨੀਆ ਵਿੱਚ?"

"ਸਾਡਾ ਦੇਸ ਵੀ ਤਾਂ ਘੱਟ ਅਮੀਰ ਨਹੀਂ...."

"ਕਿੱਥੇ ਰਾਜਾ ਭੋਜ, ਕਿਥੇ ਗੰਗੂ ਤੇਲੀ....ਅਸੀਂ ਤਾਂ ਉਹਨਾਂ ਦੇ ਪਾਸਕੂ ਵੀ ਨਹੀਂ, ਮਿੰਦਰ ਦੀ ਝਾਈ...."

"ਅੱਛਾ....ਬਹੁਤ ਅਮੀਰ ਨੇ ਉਹ ਲੋਕ? ਉਹਨਾਂ ਕੋਲ਼ ਤਾਂ ਫਿਰ ਬਹੁਤ ਸਿਊਨਾ ਹੋਊ। ਸਿਰ ਤੋਂ ਪੈਰਾਂ ਤੀਕ ਲੱਦੀਆਂ ਹੋਣਗੀਆਂ ਸਿਊਨੇ ਨਾਲ਼ ਉਥੋਂ ਦੀਆਂ ਜ਼ਨਾਨੀਆਂ।"

"ਕੀ ਘਾਟ ਨੇ ਉਹਨਾਂ ਨੂੰ? ਜੋ ਮਰਜ਼ੀ ਏ ਪਾਣ-ਹੰਢਾਣ।"

"ਸਾਡੇ ਦੇਸ ਵਿੱਚ ਕਦੋਂ ਹੋਣਗੀਆਂ ਇਹ ਗੱਲਾਂ?"

"ਬੱਸ ਵੇਖਦੀ ਜਾ, 'ਗ਼ਰੀਬੀ ਹਟਾਓ' ਦਾ ਪ੍ਰੋਗ੍ਰਾਮ ਜੇ ਕਿਤੇ ਸਫ਼ਲ ਹੋ ਗਿਆ ਤਾਂ...."

"ਜੇ ਕੋਈ ਗ਼ਰੀਬ ਈ ਨਾ ਰਿਹਾ, ਤਾਂ ਕੰਮ ਕਿਵੇਂ ਚੱਲੂ?"

"ਕੰਮ ਤਾਂ ਨਹੀਂ ਕਦੀ ਰੁਕਦੇ, ਮਿੰਦਰ ਦੀ ਝਾਈ...."

"ਠੀਕ ਕਹਿੰਦੇ ਓ ਤੁਸੀਂ, ਪਰ ਵੇਖੋ ਨਾ, ਕਿੰਨੀ ਮੁਸ਼ਕਲ ਬਣ ਜਾਊ ਲੋਕਾਂ ਲਈ, ਜੇ ਕੋਈ ਗ਼ਰੀਬ ਈ ਨਾ ਰਿਹਾ..."



Downloaded from https:// www.studiestoday.com

Downloaded from https:// www.studiestoday.com

ਕੋਈ ਮੁਸ਼ਕਲ ਨਹੀਂ ਹੋਣੀ....ਬੰਤਿਆ! ਆਪਾਂ ਰਿਕਸ਼ੇ ਉੱਤੇ ਬੈਠੇ ਹੋਵਾਂਗੇ ਤੇ ਰਿਕਸ਼ਾ ਚੱਲਦਾ ਜਾਊ, ਆਪੇ। ਭਲੀ ਲੋਕ ਵੀ ਸਾਡੇ ਨਾਲ਼ ਈ ਜਾਇਆ ਕਰੂਗੀ ਗੁਰਦੁਆਰੇ। ਹੁਣ ਐਵੇਂ ਜੁੱਲੀ ਵਿੱਚ ਵੜੀ ਰਹਿੰਦੀ ਐ। ਬੰਦੇ ਨੇ ਭਾਰੇ ਕੱਪੜੇ ਪਾਏ ਹੋਣ ਤਾਂ ਕੀ ਕਹਿੰਦੀ ਐ, ਸਰਦੀ? ਪਰ ਬੰਤਿਆ, ਨਿਰੇ ਕੱਪੜੇ ਈ ਤਾਂ ਨਹੀਂ ਨਾ ਕਾਫ਼ੀ, ਕੁਝ ਖਾਣ-ਪੀਣ ਨੂੰ ਵੀ ਹੋਣਾ ਚਾਹੀਦੈ, ਬੰਦੇ ਕੋਲ਼। ਲੈ ਕਮਲ਼ੀਆਂ ਗੱਲਾਂ ਕਰਨ ਲੱਗ ਪਿਐਂ, ਤੂੰ ਤਾਂ। ਖਵਾਵਾਂਗੇ ਆਪਣੀ ਭਲੀ ਲੋਕ ਨੂੰ ਰੱਜ ਕੇ। ਉਦੋਂ ਤਾਂ ਵਾਹ-ਵਾਹ ਸੀ, ਹੁਣ ਪਤਾ ਨਹੀਂ ਕੀ ਹੁੰਦਾ ਜਾਂਦੈ, ਉਸ ਨੂੰ, ਬੱਸ ਨਿੱਘਰਦੀ ਈ ਜਾਂਦੀ ਐ। ਚੱਲ ਲੰਘ ਗਈ ਐ ਔਖੀ ਘੜੀ, ਹੁਣ ਤਾਂ ਥੋੜ੍ਹੇ ਦਿਨਾਂ ਦੀ ਈ ਗੱਲ ਐ, ਫੇਰ ਆਪਾਂ ਵੀ ਅਮੀਰ ਹੋ ਜਾਣੈ। ਉਹ ਕਿਵੇਂ, ਬੰਤਿਆ? ਮੈਨੂੰ ਕੀ ਪਤਾ, ਇਹਨਾਂ ਭਾਈ ਹੋਰਾਂ ਨੂੰ ਪੁੱਛ ਨਾ, ਜਿਹੜੇ ਬੈਠੇ ਹੋਏ ਨੇ ਮੇਰੀ ਰਿਕਸ਼ਾ ਦੀ ਨਰਮ-ਨਰਮ ਗੱਦੀ ਉੱਤੇ। ਤਾਂ ਫੇਰ ਤੂੰ ਐਵੇਂ ਨਾ ਬੋਲੀ ਜਾਇਆ ਕਰ, ਜਿੰਨਾ ਚਿਰ ਤੈਨੂੰ ਆਪ ਨੂੰ ਨਾ ਪਤਾ ਹੋਵੇ। ਰੋਕ ਰਿਕਸ਼ਾ ਤੇ ਫੜ ਅੱਠ ਆਨੇ, ਤੇ ਪਾ ਬੋਝੇ ਵਿੱਚ। ਹੋ ਗਿਆ ਨਾ ਡੇਢ੍ਹ ਰੁਪਇਆ ਸਵੇਰੇ-ਸਵੇਰੇ, ਹਾਲੀ ਨਵੇਂ ਸਾਲ ਦਾ ਸੂਰਜ ਵੀ ਨਹੀਂ ਚੜ੍ਹਿਆ। ਕਿਵੇਂ ਚੜ੍ਹੇਗਾ ਨਵੇਂ ਸਾਲ ਦਾ ਸੂਰਜ, ਐਨੀ ਧੁੰਦ ਵਿਚ? ਮੈਨੂੰ ਨਾ ਪੁੱਛ ਤੂੰ ਕੁਝ ਵੀ, ਐਸ ਵੇਲ਼ੇ ਕੰਮ ਦਾ ਵੇਲ਼ਾ ਐ, ਐਵੇਂ ਗੱਲਾਂ ਵਿੱਚ ਨਾ ਲਾਈ ਰੱਖ। ਅੱਜ ਮੈਂ ਬਹੁਤ ਪੈਸੇ ਕਮਾਉਣੇ ਐਂ, ਫੇਰ ਸਾਰਾ ਸਾਲ ਬਰਕਤ ਰਹੂ, ਆਪਣੀ ਕਮਾਈ ਵਿੱਚ—

"ਆਓ ਜੀ, ਭੈਣ ਜੀ, ਬੈਠੋ...."

"ਬੱਸਾਂ ਦੇ ਅੱਡੇ...."

"ਲੈ ਚੱਲਨੇ ਆਂ...."

"ਕਿੰਨੇ ਪੈਸੇ....?"

"ਪੰਝੱਤਰ ਪੈਸੇ...."

"ਸੱਠ ਲੈਣੇ ਈਂ...?"

"ਨਹੀਂ ਜੀ...."

"ਜਾਹ ਤੇਰੀ ਮਰਜ਼ੀ...."

"ਚੰਗਾ ਜੀ...."

"ਸੱਤਰ ਲੈ ਲੈ, ਹੋਰ ਕੀ...."

"ਚਲੋ ਬੈਠੋ...."

ਇਹਨੂੰ ਮੈਂ ਵੇਖਿਆ ਹੋਇਐ, ਪਹਿਲਾਂ ਕਿਤੇ। ਪਰਸੋਂ ਇੱਕ ਕੁੜੀ ਉੱਤਰੀ ਸੀ ਬੱਸ ਵਿੱਚੋਂ। ਮੈਂ ਈ ਲਿਆਇਆ ਸੀ, ਉਹਨੂੰ ਏਸ ਗਲ਼ੀ ਤੀਕ। ਉਹਦੇ ਹੱਥ ਵਿੱਚ ਤਾਂ ਸਿਤਾਰ ਸੀ, ਕੱਪੜੇ ਵਿੱਚ ਲਪੇਟੀ ਹੋਈ। ਇਹਦੇ ਕੋਲ਼ ਤਾਂ ਹੁਣ ਬੱਸ ਇੱਕ ਪਰਸ ਜਿਹਾ ਈ ਐ, ਵੱਡਾ ਸਾਰਾ। ਖ਼ਬਰੇ ਉਹੋ ਈ ਕੁੜੀ ਐ। ਚੱਲ ਤੈਨੂੰ ਕੀ ਬੰਤਿਆ, ਤੂੰ ਆਪਣਾ ਰਿਕਸ਼ਾ ਚਲਾ। ਕਈ ਆਉਂਦੇ ਐ ਤੇ ਚਲੇ ਜਾਂਦੇ ਐ, ਥੋੜ੍ਹੇ ਚਿਰ ਪਿੱਛੋਂ। ਜਿਹੜੀ ਸਵਾਰੀ ਮੇਰੇ ਰਿਕਸ਼ਾ ਵਿੱਚ ਬੈਠ ਜਾਂਦੀ ਐ, ਬੱਸ ਉਹਦੀ ਰੱਖਿਆ ਕਰਨਾ ਜ਼ਰੂਰ ਮੈਂ ਆਪਣਾ ਫ਼ਰਜ਼ ਸਮਝਦਾਂ।



Downloaded from https:// www.studiestoday.com

Downloaded from https:// www.studiestoday.com

ਦੋ ਕੁੜੀਆਂ ਜਾਂਦੀਆਂ ਹੁੰਦੀਆਂ ਨੇ ਨਾ ਰੋਜ਼ ਸਵੇਰੇ, ਮੇਰੇ ਰਿਕਸ਼ਾ ਵਿੱਚ, ਆਪਣੇ ਸਕੂਲ ਨੂੰ ! ਮਹੀਨਾ ਕੀਤਾ ਹੋਇਐ, ਮੈਂ ਉਹਨਾਂ ਨਾਲ਼। ਸਵੇਰੇ ਛੱਡ ਆਉਣਾ, ਸ਼ਾਮ ਨੂੰ ਲੈ ਆਉਣਾ। ਦਸਵੀਂ ਵਿੱਚ ਪੜ੍ਹਦੀਆਂ ਨੇ, ਸ਼ੌਰੇ ਗਿਆਰਵੀਂ ਵਿੱਚ? ਬੜੀਆਂ ਬੀਬੀਆਂ ਕੁੜੀਆਂ ਨੇ ਉਹ ਦੋਵੇਂ। ਪਰ ਇੱਕ ਦਿਨ ਬੜੀ ਅਜੀਬ ਗੱਲ ਹੋਈ। ਸ਼ਾਮ ਨੂੰ ਮੈਂ ਉਹਨਾਂ ਨੂੰ ਸਕੂਲੋਂ ਘਰ ਲਿਆ ਰਿਹਾ ਸੀ ਕਿ ਰਸਤੇ ਵਿੱਚ ਦੋ ਮੁੰਡਿਆਂ ਨੇ ਪਿੱਛੇ ਸਾਈਕਲ ਲਾ ਦਿੱਤੇ। ਕਾਲਜ ਦੇ ਈ ਹੋਣਗੇ, ਉਹ ਮੁੰਡੇ। ਬੜੇ ਸ਼ਰਾਰਤੀ ਲੱਗਦੇ ਸਨ, ਉਹ। ਥੋੜ੍ਹੇ ਚਿਰ ਪਿੱਛੋਂ ਇੱਕ ਮੁੰਡਾ ਰਿਕਸ਼ਾ ਦੇ ਖੱਬੇ ਪਾਸੇ ਹੋ ਗਿਆ ਤੇ ਦੂਸਰਾ ਸੱਜੇ ਪਾਸੇ। ਮੈਂ ਦਿਲ ਵਿਚ ਧਾਰ ਲਈ ਕਿ ਜੇ ਕਿਸੇ ਮੁੰਡੇ ਨੇ ਸ਼ਰਾਰਤ ਕੀਤੀ ਤਾਂ ਮੈਂ ਫੜ ਲਾਂ'ਗਾ, ਉਸ ਨੂੰ। ਮੈਂ 'ਕੱਲਾ ਈ ਬੜਾ ਸੀ ਉਹਨਾਂ ਦੋਂਹਾਂ ਲਈ—

ਇੱਕ ਜਣੇ ਨੇ ਗੀਤ ਗਾਉਣਾ ਸ਼ੁਰੂ ਕੀਤਾ।

ਦੂਸਰੇ ਨੇ ਵੀ ਉਸ ਦਾ ਸਾਥ ਦਿੱਤਾ।

ਮੈਂ ਪਿੱਛੇ ਮੁੜ ਕੇ ਦੇਖਿਆ। ਮੈਨੂੰ ਬੜਾ ਗੁੱਸਾ ਆਇਆ। ਇਹ ਭਲਾ ਕੀ ਗੱਲ ਹੋਈ?

ਬੱਸ, ਮੇਰਾ ਗੁੱਸਾ ਸਿਰ ਨੂੰ ਚੜ੍ਹ ਗਿਆ। ਮੈਂ ਰਿਕਸ਼ਾ ਰੋਕ ਲਿਆ ਤੇ ਉੱਤਰ ਕੇ ਇੱਕ ਜਣੇ ਨੂੰ ਫੜਨ ਦੀ ਕੋਸ਼ਸ਼ ਕੀਤੀ। ਉਹ ਸਾਈਕਲ ਤੇਜ਼ ਕਰ ਕੇ ਨਿਕਲ਼ ਗਿਆ। ਦੂਸਰੇ ਵੱਲ ਮੈਂ ਹੋਣ ਈ ਲੱਗਾ ਸੀ ਕਿ ਉਹਨੇ ਮੇਰੀ ਧੌਣ ਉੱਤੇ ਮੁੱਕਾ ਮਾਰਿਆ ਤੇ ਖਿਸਕ ਗਿਆ। ਮੈਂ ਉਸ ਨੂੰ ਤਾਂ ਦੌੜ ਕੇ ਵੀ ਫੜ ਲੈਂਦਾ ਪਰ ਇੱਕ ਕੁੜੀ ਕਹਿਣ ਲੱਗੀ—

"ਤੈਨੂੰ ਕੀਹਨੇ ਕਿਹਾ ਸੀ ਰਿਕਸ਼ਾ ਰੋਕਣ ਲਈ?"

"ਐਵੇਂ ਲੋਕਾਂ ਨੂੰ ਤਮਾਸ਼ਾ ਦਿਖਾਣ ਲੱਗਾ ਏਂ", ਦੂਸਰੀ ਬੋਲੀ।

"ਅੱਜ ਮੈਂ ਕਹਾਂਗੀ ਪਾਪਾ ਨੂੰ, ਰਿਕਸ਼ਾ ਬਦਲ ਦਿਓ।"

"ਤੇ ਹੋਰ ਕੀ...."

ਮੈਂ ਫੇਰ ਰਿਕਸ਼ਾ ਚਲਾਉਣ ਲੱਗ ਪਿਆ। ਮੈਨੂੰ ਕੁਝ ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਸੋਚਾਂ ਤੇ ਕੀ ਨਾ ਸੋਚਾਂ।

ਸੋਚਣਾ ਕੋਈ ਜ਼ਰੂਰੀ ਤਾਂ ਨਹੀਂ, ਬੰਤਿਆ ! ਬੰਦਾ ਆਪਣਾ ਕੰਮ ਕਰਦਾ ਜਾਏ, ਸੋਚਣ ਦੀ ਕੀ ਲੋੜ ਐ? ਹੋਰ ਲੱਗਾ-ਲਗਾਇਆ ਮਹੀਨਾ ਤੂੰ ਹੱਥੋਂ ਗਵਾਉਣ ਲੱਗਾ ਸੀ। ਇਹ ਤਾਂ ਸੀ ਨਾ ਗੱਲ, ਇਹਨਾਂ ਬੀਬੀਆਂ ਕੁੜੀਆਂ ਦੀ। ਅੱਜ ਛੁੱਟੀ ਐ ਨਾ ਸਕੂਲ ਵਿੱਚ, ਇਸ ਲਈ ਮੈਂ ਉੱਧਰ ਨਹੀਂ ਗਿਆ।

ਸਾਰਾ ਦਿਨ ਅੱਜ ਆਪਣੇ ਕੋਲ਼ ਐ। ਪਰ ਬੱਸਾਂ ਦਾ ਅੱਡਾ ਨੇੜੇ ਆ ਗਿਐ। ਪੁੱਛ ਈ ਨਾ ਲਵਾਂ ਇਹਨੂੰ ਕਿ ਪਰਸੋਂ ਮੇਰੀ ਰਿਕਸ਼ਾ ਵਿੱਚ ਈ ਆਈ ਸੀ ਨਾ? ਚੱਲ ਪੁੱਛ ਲੈ, ਪੁੱਛਣ ਦਾ ਕੀ ਹਰਜ਼ ਐ? ਪਰ ਨਹੀਂ,ਕੀ ਲੋੜ ਪਈ ਐ ਤੈਨੂੰ ਪੁੱਛਣ ਦੀ, ਕੋਈ ਹੋਵੇ। ਆਪਾਂ ਪੈਸੇ ਖਰੇ ਕਰਨੇ ਐਂ, ਆਪਣੇ। ਜਦੋਂ ਸਿਤਾਰ ਵਜਾਉਂਦੀ ਹੋਵੇਗੀ ਤਾਂ ਬਹੁਤ ਈ ਚੰਗੀ ਲੱਗਦੀ ਹੋਵੇਗੀ। ਮੇਰਾ ਮਤਲਬ ਐ, ਸਿਤਾਰ ਬਹੁਤ ਚੰਗੀ ਵਜਾਉਂਦੀ ਹੋਵੇਗੀ।



Downloaded from https:// www.studiestoday.com

Downloaded from https:// www.studiestoday.com

"ਅੱਡੇ ਦੇ ਅੰਦਰ ਲੈ ਚੱਲਾਂ, ਭੈਣ ਜੀ?"

"ਹਾਂ, ਜਿੱਥੇ ਜਲੰਧਰ ਦੀਆਂ ਬੱਸਾਂ ਖੜ੍ਹੀਆਂ ਹੁੰਦੀਆਂ ਨੇ।"

"ਤੁਸੀਂ ਪਰਸੋਂ ਵੀ ਜਲੰਧਰੋਂ ਈ ਆਏ ਸੀ?"

"ਕਿਉਂ, ਕੀ ਗੱਲ ਏ....?"

"ਉਸ ਦਿਨ ਤੁਹਾਡੇ ਕੋਲ਼ ਸਿਤਾਰ ਵੀ ਸੀ ਕੱਪੜੇ ਵਿੱਚ ਲਪੇਟੀ ਹੋਈ।"

"ਸਿਤਾਰ....?" ਉਹ ਹੱਸ ਪਈ, "ਉਹ ਤਾਂ ਤਾਨਪੁਰਾ ਸੀ।"

"ਅੱਛਾ, ਆਪਾਂ ਨੂੰ ਕੀ ਪਤਾ ਲੱਗਦੈ?"

"ਬੱਸ, ਰੋਕ ਦੇ ਏਥੇ ਈ।"

ਮੈਂ ਬ੍ਰੇਕਾਂ ਲਾ ਦਿੱਤੀਆਂ। ਉਸ ਨੇ ਸੀਟ ਉੱਤੇ ਬੈਠੇ-ਬੈਠੇ ਈ ਪਰਸ ਖੋਲ੍ਹਿਆ ਤੇ ਪੰਜਾਂ ਦਾ ਨੋਟ ਮੇਰੇ ਵੱਲ ਵਧਾਇਆ। ਮੇਰੇ ਕੋਲ਼ ਬਾਕੀ ਪੈਸੇ ਨਹੀਂ ਸਨ। ਉਸ ਨੇ ਇੱਧਰ-ਉੱਧਰ ਦੇਖਿਆ ਤੇ ਫਿਰ ਅਖ਼ਬਾਰਾਂ, ਰਿਸਾਲਿਆਂ ਦੀ ਦੁਕਾਨ ਵੱਲ ਨੂੰ ਹੋ ਗਈ। ਹਾਲੀ ਉਸ ਨੇ ਦੋ-ਤਿੰਨ ਉਲਾਂਘਾਂ ਈ ਪੁੱਟੀਆਂ ਸਨ ਕਿ ਇੱਕ ਕੁੜੀ ਨੇ ਦੌੜ ਕੇ ਉਸ ਦੀ ਬਾਂਹ ਫੜ ਲਈ...

"ਕਿੱਥੇ ਦੌੜੀ ਜਾਨੀ ਏਂ, ਬੱਲੀਏ?"

"ਹਾਏ, ਮੈਂ ਮਰ ਗਈ! ਤੂੰ ਏਥੇ ਕਿੱਥੇ?"

"ਕਿਉਂ? ਮੈਂ ਨਹੀਂ ਆ ਸਕਦੀ, ਏਥੇ?"

"ਨੀ, ਤੂੰ ਤਾਂ ਵਿਆਹ ਵੀ ਕਰਵਾ ਲਿਆ ਏ—ਮੁਬਾਰਕ!"

"ਥੈਂਕਸ....ਆ ਤੈਨੂੰ ਆਪਣੇ 'ਉਸ' ਨਾਲ਼ ਮਿਲ਼ਾਵਾਂ।"

"ਠਹਿਰ, ਮੈਂ ਇਸ ਨੂੰ ਪੈਸੇ ਦੇ ਲਵਾਂ।"

"ਕਿੰਨੇ ਦੇਣੇ ਈ? ਮੇਰੇ ਕੋਲ਼ ਹੈਗੇ ਨੇ ਟੁੱਟੇ ਹੋਏ।"

"ਸੱਤਰ....ਪਰ ਮੈਂ ਉੱਥੋਂ ਤੁੜਾ ਲੈਨੀ ਆਂ।"

"ਨੀ, ਫੇਰ ਕੀ ਹੋਇਆ....ਦੱਸ, ਚੱਲੀ ਕਿੱਥੇ ਏਂ?"

"ਜਲੰਧਰ, ਰੇਡੀਓ ਸਟੇਸ਼ਨ ਤੋਂ ਮੇਰਾ ਪ੍ਰੋਗ੍ਰਾਮ ਏ, ਅੱਜ ਸ਼ਾਮ ਨੂੰ।"

"ਅੱਛਾ...ਕਾਲਜ ਦੇ ਦਿਨਾਂ ਵਾਲ਼ਾ ਸ਼ੌਂਕ ਹਾਲੀ ਵੀ ਜਾਰੀ ਏ, ਤੇਰਾ!"

"ਹੁਣ ਤਾਂ ਕੁਝ ਹੋਰ ਈ ਵਧ ਗਿਆ ਏ। ਪਰਸੋਂ ਪ੍ਰੋਗ੍ਰਾਮ ਦੇ ਕੇ ਆਈ ਸਾਂ, ਤਾਨਪੁਰੇ ਉੱਤੇ। ਕੱਲ੍ਹ ਫੇਰ ਤਾਰ ਆ ਗਈ ਕਿ ਨਵੇਂ ਸਾਲ ਦੇ ਸਿਲਸਿਲੇ ਵਿੱਚ ਕੋਈ ਵਿਸ਼ੇਸ਼ ਫ਼ੀਚਰ ਹੋਣਾ ਏ ਗਾਣਿਆਂ ਦਾ।"

ਤੂੰ ਵੀ ਚੱਲ ਆਪਣੇ ਰਾਹ, ਬੰਤਿਆ, ਪੈਸੇ ਤਾਂ ਤੈਨੂੰ ਮਿਲ਼ ਈ ਗਏ ਨੇ, ਫੇਰ ਕਿਉਂ ਖੜ੍ਹਾ ਏਂ ਉਤਾਂ ਵਾਂਗ ਮੂੰਹ ਚੁੱਕੀ? ਹੁਣ ਤਾਂ ਚਾਹ ਪੀ ਲੈ, ਸਾਢੇ ਅੱਠ ਵੱਜਣ ਲੱਗੇ ਐ। ਐਵੇਂ ਤੂੰ ਜਿਦੇ ਪੈ ਗਿਆ ਘਰ ਕਿ ਚਾਹ ਪੀਣੀ ਈ ਨਹੀਂ। ਫੇਰ ਕੀ ਹੋਇਆ ਜੇ ਭਲੀ ਲੋਕ ਨੇ 'ਬੈੱਡ-ਟੀ' ਨਹੀਂ ਸੀ



Downloaded from https:// www.studiestoday.com

Downloaded from https:// www.studiestoday.com

ਦਿੱਤੀ ਬਣਾ ਕੇ। ਰੋਜ਼ ਵਾਂਗ ਚੱਲਣ ਲੱਗਿਆ ਤਾਂ ਪੀ ਲੈਂਦਾ ਚਾਹ ਤੇ ਨਾਲ਼ੇ ਖਾ ਲੈਂਦਾ ਰਾਤ ਦੀ ਬਚਾ ਕੇ ਰੱਖੀ ਹੋਈ ਇੱਕ ਰੋਟੀ। ਠੀਕ ਐ ਬੰਤਿਆ, ਰੋਜ਼ ਰਾਤ ਦੀ ਰੋਟੀ ਈ ਖਾਣੀ ਪੈਂਦੀ ਐ, ਸਵੇਰੇ ਚਾਹ ਨਾਲ਼। ਪਰ ਅੱਜ ਤਾਂ ਨਵਾਂ ਸਾਲ ਚੜ੍ਹਿਐ। ਕੁਝ ਤਾਂ ਫ਼ਰਕ ਹੋਣਾ ਚਾਹੀਦੈ, ਅੱਜ ਖਾਣ-ਪੀਣ ਵਿੱਚ। ਸੱਚੀ ਗੱਲ ਤਾਂ ਇਹ ਐ ਕਿ ਮੈਨੂੰ ਵੀ ਨਹੀਂ ਸੀ ਪਤਾ ਕੱਲ੍ਹ ਸ਼ਾਮ ਤੱਕ ਕਿ ਨਵਾਂ ਸਾਲ ਚੜ੍ਹਨ ਵਾਲ਼ਾ ਐ।

ਕੱਲ੍ਹ ਰਾਤੀਂ ਘਰ ਮੁੜਦਿਆਂ ਹੋਇਆਂ ਮੈਨੂੰ ਦੋ ਸਵਾਰੀਆਂ ਮਿਲ਼ ਗਈਆਂ ਸਨ, ਕਿਸੇ ਕਲੱਬ ਵਿੱਚੋਂ ਆਉਂਦੀਆਂ। ਉਹਨਾਂ ਦੀਆਂ ਗੱਲਾਂ ਤੋਂ ਮੈਨੂੰ ਪਤਾ ਲੱਗਾ ਸੀ ਕਿ ਉਹਨਾਂ ਦੀ ਕਾਰ ਖ਼ਰਾਬ ਹੋ ਗਈ ਐ। ਉਸ ਨੂੰ ਕਲੱਬ ਵਿੱਚ ਈ ਰੱਖ ਆਏ ਸੀ, ਉਹ। ਘਰ ਨੇੜੇ ਈ ਸੀ ਉਹਨਾਂ ਦਾ ਤੇ ਉਹ ਪੈਦਲ ਈ ਚੱਲ ਪਏ ਸਨ, ਝੂਮਦੇ-ਝੂਮਦੇ। ਰਸਤੇ ਵਿੱਚ ਰਿਕਸ਼ਾ ਲੰਘਦਾ ਵੇਖ ਕੇ ਉਹਨਾਂ ਨੇ 'ਵਾਜ ਮਾਰ ਲਈ ਮੈਨੂੰ। ਮੈਂ ਵੀ ਉਸੇ ਪਾਸੇ ਜਾਣਾ ਸੀ, ਸੋ ਇਹ ਇੱਕ ਰੁਪਇਆ ਬੱਸ ਇਨਾਮ ਵਾਂਗ ਹੀ ਸੀ, ਮੇਰੇ ਲਈ-

"ਯਾਰ, ਅੱਜ ਕੁਝ ਜ਼ਿਆਦਾ ਈ ਖਾਧਾ-ਪੀਤਾ ਗਿਆ ।"

"ਗੱਲ ਤਾਂ ਮਨ ਦੀ ਮੌਜ ਦੀ ਹੁੰਦੀ ਏ। ਬੱਸ ਦਿਲ ਵਿੱਚ ਕੋਈ ਹਸਰਤ ਨਹੀਂ ਰਹਿਣ ਦੇਣੀ, ਅਸੀਂ। ਐਸ਼ ਕਰਾਂਗੇ ਰੱਜ ਕੇ, ਕਮਾਉਂਦੇ ਕਾਹਦੇ ਲਈ ਆਂ।"

"ਅੱਛਾ ਬਈ, ਲਾਲੀ, ਇਹ ਸ਼ਾਮ ਤਾਂ ਮੰਨ ਗਈ ਸਾਡੀ ਚੰਗੀ, ਹੁਣ ਦੱਸ ਕੱਲ੍ਹ ਦਾ ਕੀ ਪ੍ਰੋਗ੍ਰਾਮ ਏ, 'ਨੀਊ ਯੀਅਰ ਡੇ' ਦਾ?"

"ਕੱਲ੍ਹ ਦਾ ਪ੍ਰੋਗ੍ਰਾਮ ਸਵੇਰੇ ਦੱਸਾਂਗਾ, ਟੈਲੀਫ਼ੂਨ ਉੱਤੇ, ਬੈੱਡ-ਟੀ ਪੀਣ ਲੱਗਿਆਂ। ਹੁਣ ਤਾਂ ਬੱਸ ਸੌਣ ਨੂੰ ਜੀਅ ਕਰਦਾ ਏ, ਨਿੱਘੀ-ਨਿੱਘੀ ਰਜਾਈ ਵਿੱਚ....ਰੋਕ ਬਈ ਰਿਕਸ਼ਾ, ਮੈਂ ਤਾਂ ਏਥੇ ਹੀ ਉੱਤਰਨਾ ਏ, ਇਹਨਾਂ ਨੂੰ ਅਹੁ ਸਾਮ੍ਹਣੇ ਖੰਭੇ ਦੇ ਨਾਲ਼ ਵਾਲ਼ੀ ਕੋਠੀ ਵਿੱਚ ਉਤਾਰ ਦੇਈਂ। ਅਹਿ ਲੈ ਰੁਪਇਆ, ਹੁਣ ਇਹਨਾਂ ਕੋਲ਼ੋਂ ਨਾ ਲੈ ਲਈਂ, ਉੱਥੇ ਜਾ ਕੇ।"

"ਫ਼ਿਕਰ ਨਾ ਕਰ, ਲਾਲੀ ਸ਼ਾਹ, ਮੈਂ ਮਦਹੋਸ਼ ਜ਼ਰੂਰ ਆਂ, ਪਰ ਬੇਹੋਸ਼ ਨਹੀਂ....ਅੱਛਾ, ਗੁੱਡ-ਨਾਈਟ...."

"ਗੁੱਡ ਨਾਈਟ, ਡੀਅਰ...."

ਇਹ ਤਾਂ ਚੰਗੀ ਕਿਸਮਤ ਸੀ ਮੇਰੀ ਕਿ ਮੈਂ ਪੰਜਵੀਂ ਫ਼ੇਲ੍ਹ ਸੀ ਤੇ ਉਹਨਾਂ ਦੇ 'ਨਿਊ ਯੀਅਰ ਡੇ' ਦਾ ਮੈਂ ਮਤਲਬ ਸਮਝ ਲਿਆ, ਨਹੀਂ ਤੇ ਕੀ ਪਤਾ ਲੱਗਣਾ ਸੀ ਮੈਨੂੰ ਉਹਨਾਂ ਦੀਆਂ ਗੱਲਾਂ ਦਾ। ਅੰਗਰੇਜ਼ੀ ਮੈਂ ਸਕੂਲ ਵਿੱਚ ਭਾਵੇਂ ਨਹੀਂ ਸੀ ਪੜ੍ਹੀ, ਪਰ ਸੁਣ-ਸੁਣ ਕੇ ਅੰਗਰੇਜ਼ੀ ਦੇ ਕਈ ਸ਼ਬਦ ਮੈਨੂੰ ਚੇਤੇ ਹੋ ਗਏ ਸਨ। ਭਲੀ ਲੋਕ ਨੂੰ ਜੇਕਰ ਥੋੜ੍ਹੀ ਜਿਹੀ ਅੰਗਰੇਜ਼ੀ ਆਉਂਦੀ ਹੁੰਦੀ, ਤਾਂ ਅੱਜ 'ਬੈੱਡ-ਟੀ' ਨਾ ਪਿਆ ਦੇਂਦੀ, ਸਾਨੂੰ।—



Downloaded from https:// www.studiestoday.com

Downloaded from https:// www.studiestoday.com

"ਬਣਾ ਬਈ ਚਾਹ, ਅੱਧ ਪਾ ਦੁੱਧ ਦੀ, ਪੱਤੀ ਜ਼ਰਾ ਬਹੁਤੀ, ਨਾਲ਼ੇ ਫੜਾ ਦੇ ਆਹ ਦੋ ਕੇਕ ਜਿਹੇ ਗੋਲ਼-ਗੋਲ਼।"

"ਲਓ ਬਾਦਸ਼ਾਓ, ਨਾਲ਼ੇ ਆ ਜਾਓ ਜ਼ਰਾ ਨੇੜੇ ਅੱਗ ਦੇ।"

"ਇਹ ਧੁੰਦ ਸਹੁਰੀ ਪਰੇ ਈ ਨਹੀਂ ਹਟਦੀ ਕਿਸੇ ਵੇਲ਼ੇ, ਕਈ ਦਿਨ ਹੋ ਗਏ ਐ, ਵੇਖਦਿਆਂ।"

"ਪਰ ਅੱਜ ਰੋਜ਼ ਨਾਲ਼ੋਂ ਘੱਟ ਏ, ਦਸ-ਯਾਰਾਂ ਵਜੇ ਸੂਰਜ ਨਿਕਲ਼ ਈ ਆਊ।"

"ਅੱਜ ਵੀ ਨਹੀਂ ਨਿਕਲ਼ੇਗਾ ਸੂਰਜ? ਅੱਜ ਤਾਂ ਨਿਕਲ਼ੇਗਾ ਈ।"

"ਕਿਉਂ ਕੋਈ ਖ਼ਾਸ ਗੱਲ ਏ ਅੱਜ ਕਿ ਸੂਰਜ ਨੂੰ ਨਿਕਲਣਾ ਈ ਪਊ?"

"ਖ਼ਾਸ ਈ ਐ ਨਾ, ਨਵਾਂ ਸਾਲ ਚੜ੍ਹਿਐ ਅੱਜ।"

"ਨਵਾਂ ਸਾਲ...?"

"ਤੇ ਹੋਰ ਕੀ? ਕੁਝ ਪਤਾ ਵੀ ਐ ਕਿਹੜਾ ਸੰਨ ਸ਼ੁਰੂ ਹੋਇਐ ਅੱਜ?"

"ਸੰਨ....? ਉਹ ਕੀ ਹੁੰਦੈ....?"

"ਇਹ ਵੀ ਨਹੀਂ ਪਤਾ ਤੈਨੂੰ, ਚੱਲ ਛੱਡ ਯਾਰ....ਤੂੰ ਕੀ ਲੈਣੈਂ ਸੰਨ ਤੋਂ....ਲਿਆ, ਫੜਾ ਚਾਹ, ਘੁੱਟ ਪੀਈਏ....ਚੰਗਾ ਨਵਾਂ ਸਾਲ ਚੜ੍ਹਿਐ, ਸਵੇਰ ਦੀ ਚਾਹ ਈ ਨਹੀਂ ਪੀਤੀ।"

ਰੌਲ਼ਾ ਕਿਉਂ ਪਾਉਂਦਾ ਏਂ ਬੰਤਿਆ, ਚੁੱਪ ਕਰ ਕੇ ਚਾਹ ਪੀ। ਗੱਲਾਂ-ਗੱਲਾਂ ਵਿੱਚ ਤੂੰ ਦੋ ਕੇਕ ਤਾਂ ਖਾ ਈ ਲਏ ਐ। ਹੋਰ ਦੱਸ ਕੀ ਖਾਣਾ ਈ? ਕਰ ਲੈ ਮੌਜ ਤੂੰ ਵੀ। ਜੂਨ ਭੋਗਣ ਆਇਆ ਹੋਇਐਂ ਬੰਦੇ ਦੀ। ਪਤਾ ਈ ਚੁਰਾਸੀ ਲੱਖ ਜੂਨਾਂ ਭੋਗ ਕੇ ਬੰਦੇ ਦੀ ਜੂਨ ਮਿਲ਼ਦੀ ਐ। ਕਿੰਨੇ ਚੰਗੇ ਨਸੀਬ ਨੇ ਤੇਰੇ, ਬੰਤਿਆ, ਕਿ ਆਦਮੀ ਦੀ ਜੂਨ ਭੋਗ ਰਿਹੈਂ। ਕਰ ਲੈ ਐਸ਼, ਫੇਰ ਪਤਾ ਨਹੀਂ ਅਗਲੇ ਜਨਮ ਵਿੱਚ ਤੈਨੂੰ ਕਿਹੜੀ ਜੂਨ ਭੋਗਣੀ ਪਵੇ। ਜੇਕਰ ਰੱਬ ਨੇ ਪੁੱਛਿਆ ਕਿ ਕਿਹੜੀ ਜੂਨ ਵਿੱਚ ਪੈਣਾ ਐ? ਚੱਲ ਛੱਡ, ਉਹਨੇ ਕਿਹੜਾ ਸਾਨੂੰ ਪੁੱਛਣੈਂ। ਪਰ ਗੱਲ ਸੁਣ, ਬੰਤਿਆ, ਦੱਸ ਤਾਂ ਸਈ, ਭਲਾ ਜੇ ਉਹ ਪੁੱਛੇ ਤਾਂ ਤੂੰ ਕਿਹੜੀ ਜੂਨ ਮੰਗੇਂ?" ਮੈਂ ਉਹਨੂੰ ਕਵ੍ਹਾਂ, "ਕਿਸੇ ਵੀ ਜੂਨ ਵਿੱਚ ਪਾ ਦੇ, ਸਾਨੂੰ ਕੋਈ ਫ਼ਰਕ ਨਹੀਂ ਪੈਂਦਾ...ਆਪਾਂ ਬੰਦੇ ਦੀ ਜੂਨ ਭੋਗੀ ਹੋਈ ਐ...."—

"ਲਿਆ ਫੜਾ ਦੇ, ਸਿਗਰਟਾਂ ਦੀ ਇੱਕ ਡੱਬੀ, ਨਾਲ਼ ਅਖ਼ਬਾਰ ਵੀ ਉਰ੍ਹਾਂ ਕਰ ਦੇਹ, ਵੇਖੀਏ ਤਾਂ ਸਹੀ ਕੀ ਹੋ ਰਿਹੈ ਦੁਨੀਆ ਵਿੱਚ।"

"ਜ਼ਰਾ ਸਾਨੂੰ ਵੀ ਸੁਣਾ ਦਿਓ, ਇੱਕ-ਅੱਧ ਚੋਂਦੀ-ਚੋਂਦੀ ਖ਼ਬਰ ...।"

"ਲੈ ਸੁਣ ਫੇਰ, ਲਿਖਿਆ ਐ....'ਅਸੀਂ ਆਪਣੇ ਪਾਠਕਾਂ ਨੂੰ ਨਵੇਂ ਸਾਲ ਦੀ ਵਧਾਈ ਦੇਂਦੇ ਹਾਂ'..."

"ਅੱਛਾ-ਅੱਛਾ....ਅਖ਼ਬਾਰ ਵਿੱਚ ਆਈ ਏ ਇਹ ਖ਼ਬਰ?"

"ਨਹੀਂ ਕਮਲ਼ਿਆ, ਇਹ ਖ਼ਬਰ ਨਹੀਂ.....ਚੱਲ ਖ਼ਬਰ ਈ ਸਮਝ ਲੈ ਤੂੰ।"



Downloaded from https:// www.studiestoday.com

Downloaded from https:// www.studiestoday.com

"ਅੱਗੇ ਸੁਣ! 'ਬੰਬਈ (ਮੁੰਬਈ) : ਇੱਕ ਸੌ ਤਰ੍ਹੇਠ ਭਾਰਤੀ ਜਿਹੜੇ ਚੋਰੀ-ਛੁਪੇ ਆਪਣਾ ਦੇਸ ਛੱਡ ਕੇ ਵਲਾਇਤ ਜਾ ਰਹੇ ਸਨ, ਡੁਬਈ ਦੇ ਕੋਲ਼ ਕਿਸ਼ਤੀ ਡੁੱਬ ਜਾਣ ਦੇ ਕਾਰਨ ਡੁੱਬ ਗਏ'...."

"ਕਿਸ਼ਤੀ ਡੁੱਬ ਜਾਣ ਨਾਲ਼ ਤਾਂ ਡੁੱਬਣਾ ਈ ਸੀ....ਇਹ ਭਲਾ ਕੀ ਖ਼ਬਰ ਹੋਈ?"

"ਬੋਲ ਨਾ ਵਿੱਚ, ਬੱਸ ਸੁਣਦਾ ਜਾ....'ਰਾਜਕੋਟ : ਪੰਜ ਸੌ ਵਿਦਿਆਰਥੀਆਂ ਨੇ ਆਪਣੇ ਕਾਲਜ ਦੀ ਬਿਲਡਿੰਗ ਨੂੰ ਨੁਕਸਾਨ ਪਹੁੰਚਾਇਆ'...."

"ਮਤਲਬ ਇਹ ਕਿ....'ਨਾ ਰਹੇਗਾ ਬਾਂਸ, ਨਾ ਵੱਜੇਗੀ ਬੰਸਰੀ'...."

"ਫੇਰ ਉਹੀ ਗੱਲ। ਲੈ ਹੋਰ ਸੁਣ....'ਨਵੀਂ ਦਿੱਲੀ : ਇੰਦਰਾ ਗਾਂਧੀ ਨੇ ਕੱਲ੍ਹ ਪੱਤਰਕਾਰਾਂ ਨਾਲ਼ ਗੱਲ-ਬਾਤ ਕਰਦਿਆਂ ਹੋਇਆਂ ਕਿਹਾ ਕਿ ਜਿੰਨਾ ਚਿਰ ਹਾਲਾਤ ਸੁਧਰ ਨਹੀਂ ਜਾਂਦੇ, ਪਾਕਿਸਤਾਨ ਨਾਲ਼ ਅਸੀਂ ਕੋਈ ਸੰਬੰਧ ਕਾਇਮ ਨਹੀਂ ਕਰ ਸਕਦੇ'....।"

"ਠੀਕ ਏ ਫੇਰ....ਪਹਿਲਾਂ ਹਾਲਤ ਸੁਧਰਨੀ ਚਾਹੀਦੀ ਏ, ਇਸ ਤੋਂ ਪਿੱਛੋਂ....."

"ਲੈ ਇਹ ਖ਼ਬਰ ਸੁਣ....'ਚੰਡੀਗੜ੍ਹ : ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਮਈ ਦੇ ਮਹੀਨੇ ਤੋਂ ਹੋਰ ਭੱਤਾ ਦੇਣ ਦੀ ਘੋਸ਼ਣਾ ਕਰ ਦਿੱਤੀ'...."

"ਹੋਈ ਨਾ ਗੱਲ, ਸਰਕਾਰ ਨਹੀਂ ਖ਼ਿਆਲ ਰੱਖੇਗੀ, ਆਪਣੇ ਬੰਦਿਆਂ ਦਾ, ਤਾਂ ਕੌਣ ਰੱਖੇਗਾ...? ਕਿਸੇ ਕੋਲ਼ ਪੈਸੇ ਹੋਣਗੇ ਤਾਂ ਉਹ ਖ਼ਰਚੇਗਾ ਵੀ।"

"ਇੱਕ ਹੋਰ ਖ਼ਬਰ ਐ.....'ਅੰਮ੍ਰਿਤਸਰ : ਠੰਢ ਨਾਲ਼ ਚਾਰ ਬੰਦੇ ਹੋਰ ਮਰ ਗਏ'...."

"ਮਰਨਗੇ ਈ, ਬਾਹਰ ਠੰਢ ਵਿੱਚ ਈ ਪਏ ਰਹਿੰਦੇ ਐ, ਕੋਈ ਪੁਲ਼ ਉੱਤੇ ਇੱਕ ਪਾਸੇ ਪਿਆ ਹੁੰਦਾ ਏ ਤੇ ਕੋਈ ਹੱਟੀ ਦੇ ਥੜ੍ਹੇ ਉੱਤੇ। ਮਰਨ ਵਾਲ਼ੀਆਂ ਗੱਲਾਂ ਤਾਂ ਉਹ ਆਪ ਕਰਦੇ ਐ, ਸਗੋਂ....ਕੋਈ ਚੰਗੀ ਜਿਹੀ ਖ਼ਬਰ ਸੁਣਾ, ਇਹ ਕੀ...."

"ਚੰਗੀ ਖ਼ਬਰ ਵੀ ਸ਼ੈਦ ਲੱਭ ਈ ਪਵੇ, ਪਹਿਲਾਂ ਇਹ ਸੁਣ....'ਨਵੀਂ ਦਿੱਲੀ : ਮਿੱਟੀ ਦੇ ਤੇਲ ਦੀਆਂ ਕੀਮਤਾਂ ਵਿੱਚ ਹੋਰ ਵਾਧਾ'...."

"ਹੋਰ ਵਾਧਾ....? ਜਿਹੜੀ ਚੀਜ਼ ਬਜ਼ਾਰ ਵਿੱਚ ਮਿਲ਼ਦੀ ਈ ਨਹੀਂ, ਉਹਦੇ ਵਿੱਚ ਹੋਰ ਵਾਧਾ....?"

"ਉਹਦੇ ਵਿੱਚ ਨਹੀਂ, ਉਹਦੀ ਕੀਮਤ ਵਿੱਚ...."

"ਇੱਕੋ ਗੱਲ ਹੋਈ ਨਾ, ਜਿਹੜੀ ਚੀਜ਼ ਮਿਲ਼ਦੀ ਈ ਨਹੀਂ ਉਹਦੀ ਕੀਮਤ ਵਿੱਚ ਜੇਕਰ ਹੋਰ ਵਾਧਾ...."

ਚੱਲ ਛੱਡ ਬੰਤਿਆ, ਤੁਰ ਏਥੋਂ, ਇਸ ਨੂੰ ਨਹੀਂ ਸਮਝ ਲੱਗਣੀ, ਇਹ ਗੱਲ। ਬਾਕੀ ਦਾ ਸਿਗਰਟ ਰਿਕਸ਼ਾ ਦੀ ਪਿਛਲੀ ਸੀਟ ਉੱਤੇ ਬੈਠ ਕੇ ਪੀਵੀਂ। ਟੱਪ ਲੱਗਿਆ ਹੋਵੇ ਤਾਂ ਪਿਛਲੀ ਸੀਟ ਉੱਤੇ ਬੈਠਾ ਬੰਦਾ ਇੰਜ ਮਹਿਸੂਸ ਕਰਦੈ ਜਿਵੇਂ ਉਹ ਘਰ ਦੇ ਕਮਰੇ ਵਿੱਚ ਬੈਠਾ ਹੋਵੇ। ਸੱਚ-ਮੁੱਚ ਕੁਝ ਲੋਕ ਇਸ ਸੀਟ ਨੂੰ ਘਰ ਦਾ ਕਮਰਾ ਈ ਸਮਝ ਲੈਂਦੇ ਐ। ਤਦੇ ਤੇ ਮੈਂ ਹਨੇਰਾ ਹੋਣ ਤੋਂ ਪਿੱਛੋਂ ਕਦੀ ਟੱਪ ਨਹੀਂ ਲਾਂਦਾ। ਇਹ ਤਾਂ ਧੁੱਪ-ਮੀਂਹ ਰੋਕਣ ਲਈ ਐ।



Downloaded from https:// www.studiestoday.com

Downloaded from https:// www.studiestoday.com

ਚੱਲ ਉੱਠ ਬੰਤਿਆ, ਕੋਈ ਸਵਾਰੀ ਭਾਲ਼। ਠਹਿਰ ਐਨੀ ਵੀ ਕੀ ਜਲਦੀ ਐ, ਸਾਰਾ ਦਿਨ ਪਿਐ, ਸਵਾਰੀਆਂ ਢੋਣ ਨੂੰ। ਨਾਲ਼ੇ ਜਿਹੜਾ ਰਿਜ਼ਕ ਮਿਲਣੈ, ਬੈਠੇ-ਬਿਠਾਏ ਈ ਮਿਲ਼ ਜਾਣੈ। ਖ਼ਬਰੇ ਮਿਲ਼ ਜਾਏ, ਪਰ ਅੱਜ ਤੀਕ ਤਾਂ ਮਿਲ਼ਿਆ ਨਹੀਂ, ਬੈਠੇ-ਬਿਠਾਏ ਕੁਝ, ਕੱਲ੍ਹ ਦਾ ਤਾਂ ਪਤਾ ਨਹੀਂ। ਮਿਲ਼ਦਾ ਹੋਊ, ਜਿਨ੍ਹਾਂ ਨੂੰ ਮਿਲ਼ਦਾ ਹੋਊ, ਆਪਾਂ ਨੂੰ ਤਾਂ ਨਹੀਂ ਮਿਲ਼ਦਾ, ਬੈਠੇ-ਬਿਠਾਏ। ਹੋਰਨਾ ਦਾ ਤਾਂ ਮੈਨੂੰ ਪਤਾ ਨਹੀਂ, ਉਸ ਸੇਠ ਦਾ ਜ਼ਰੂਰ ਪਤਾ ਐ, ਜਿਸ ਨੇ ਕਈ ਰਿਕਸ਼ੇ ਬਣਾਏ ਹੋਏ ਐ। ਰੋਜ਼ ਸ਼ਾਮ ਨੂੰ ਕਿਰਾਇਆ ਉਸ ਦੇ ਘਰ ਪਹੁੰਚ ਜਾਂਦੈ, ਬੈਠੇ-ਬਿਠਾਏ। ਠੀਕ ਐ, ਬੰਤਿਆ, ਰੁਪਇਆ ਉਸ ਨੇ ਲਾਇਐ ਪੱਲਿਓਂ, ਪਰ ਉਹ ਹੱਥ-ਪੈਰ ਤਾਂ ਨਹੀਂ ਨਾ ਹਿਲਾਂਦਾ ਸਾਡੇ ਵਾਂਗ। ਤੇਰੀ ਤਾਂ ਬੱਸ, ਅਕਲ ਮੋਟੀ ਐ। ਇਹ ਸਾਰਾ ਕਰਮਾਂ ਦਾ ਫਲ਼ ਐ। ਜਿਨ੍ਹਾਂ ਨੇ ਚੰਗੇ ਕਰਮ ਕੀਤੇ ਸਨ ਨਾ, ਪਿਛਲੇ ਜਨਮ ਵਿੱਚ, ਉਹਨਾਂ ਨੂੰ ਇਸ ਜਨਮ ਵਿੱਚ ਚੰਗਾ ਫਲ਼ ਤਾਂ ਮਿਲਣਾ ਹੀ ਹੋਇਆ। ਤਾਂ ਫੇਰ ਬੰਤਿਆ, ਆਪਾਂ ਬੁਰੇ ਕਰਮ ਕੀਤੇ ਹੋਣਗੇ, ਪਿਛਲੇ ਜਨਮ ਵਿੱਚ? ਇਹ ਵੀ ਕੋਈ ਪੁੱਛਣ ਵਾਲ਼ੀ ਗੱਲ ਐ? ਚੱਲ ਨਹੀਂ ਪੁੱਛਦਾ, ਪਰ ਇਹ ਦੱਸ ਕਿ ਹੁਣ ਅਗਲੇ ਜਨਮ ਵਿੱਚ ਸਾਨੂੰ ਕਿਸ ਤਰ੍ਹਾਂ ਦਾ ਫਲ਼ ਮਿਲੂ, ਚੰਗਾ ਕਿ ਮਾੜਾ? ਇਹ ਤਾਂ ਤੈਨੂੰ ਈ ਪਤਾ ਹੋਊ। ਜੇ ਚੰਗੇ ਕਰਮ ਕਰਦੈਂ, ਤਾਂ ਚੰਗਾ, ਜੇ ਬੁਰੇ ਕਰਦੈਂ, ਤਾਂ ਬੁਰਾ। ਲੈ ਇੰਜ ਤਾਂ ਨਾ ਟਰਕਾ ਸਾਨੂੰ, ਤੈਥੋਂ ਕੀ ਲੁਕਿਐ-ਛੁਪਿਐ ਸਾਡਾ। ਹਰ ਵੇਲ਼ੇ ਤਾਂ ਤੂੰ ਨਾਲ਼ ਰਹਿੰਦੈਂ ਮੇਰੇ। ਹਾਲੀ ਤਾਂ ਤੇਰੀ ਉਮਰ ਤੀਹਾਂ-ਪੈਂਤੀਆਂ ਦੀ ਈ ਐ, ਕੀ ਪਤਾ ਅੱਗੋਂ ਕੀ ਕਰ ਬੈਠੇਂ? ਚੱਲ ਮੰਨੀ ਤੇਰੀ ਗੱਲ, ਪਰ ਇਹ ਤਾਂ ਦੱਸ, ਉਹ ਸੇਠ ਕਿਹੜੀ ਜੂਨ ਵਿੱਚ ਜਾਊ, ਉਹ ਤਾਂ ਜ਼ਿੰਦਗੀ ਖਾ-ਹੰਢਾ ਚੁੱਕਿਐ? ਕੀ ਪਤਾ ਅੰਦਰਗਤੀ ਉਹ ਚੰਗੇ ਕਰਮ ਈ ਕਰਦਾ ਹੋਵੇ—ਪੂਜਾ-ਪਾਠ ਕਰਦਿਆਂ ਤਾਂ ਤੂੰ ਆਪ ਵੇਖਿਐ ਉਸ ਨੂੰ ਕਈ ਵਾਰ। ਉਹ ਤਾਂ, ਜਦੋਂ ਵੀ ਰਿਕਸ਼ੇ ਦੀ ਕਿਸ਼ਤ ਦੇਣ ਜਾਂਦਾ ਹੁੰਦਾ ਸੀ ਮੈਂ ਪਹਿਲਾਂ, ਉਹਨੂੰ ਪਾਠ ਕਰਦਿਆਂ ਈ ਵੇਖਦਾ ਹੁੰਦਾ ਸੀ, ਮੈਂ ਹਮੇਸ਼ਾਂ। ਪਰ—ਬੱਸ....ਬੱਸ ਚੁੱਪ ਕਰ ਜਾ, ਉਹਦੇ ਕਰਮ ਚੰਗੇ ਨੇ, ਉਸ ਨੂੰ ਚੰਗਾ ਫਲ਼ ਮਿਲੂ, ਅਗਲੇ ਜਨਮ ਵਿੱਚ। ਪਰ ਉਸ ਨੂੰ, ਕੋਈ ਕੰਮ ਕਰਦਿਆਂ ਤਾਂ ਮੈਂ.....। ਕੰਮ ਦੀ ਗੱਲ ਤੂੰ ਛੱਡ, ਉਹਨੇ ਨਾ ਕੀਤਾ, ਤੂੰ ਕਰ ਲਿਆ, ਅਸਲ ਗੱਲ ਤਾਂ ਚੰਗੇ ਫਲ਼ ਦੀ ਐ। –

"ਖ਼ਾਲੀ ਏ, ਰਿਕਸ਼ਾ....?"

"ਖ਼ਾਲੀ ਐ ਜੀ...."

"ਉੱਥੇ ਲੈ ਆ, ਸਮਾਨ ਦੇ ਕੋਲ਼...."

"ਕਿੰਨੀਆਂ ਸਵਾਰੀਆਂ ਐਂ ਜੀ...?"

"ਤਿੰਨ ਬੱਚੇ ਨੇ ਨਾਲ਼, ਦੋ ਜੀਅ ਅਸੀਂ ਆਪ ਆਂ...."

"ਕੋਈ ਨਹੀਂ ਜੀ, ਬੱਚਿਆਂ ਦੀਆਂ ਬਰਕਤਾਂ ਨੇ।"

"ਕਟੜਾ ਦੂਲੋ, ਗਲ਼ੀ ਮਸਤ ਰਾਮ..."

"ਉਹ ਕਿੱਥੇ ਹੋਈ....?"



Downloaded from https:// www.studiestoday.com

Downloaded from https:// www.studiestoday.com

"ਨੇੜੇ ਈ ਏ, ਮੋੜ ਮੁੜ ਕੇ।"

"ਦੋ ਰੁਪਏ..."

"ਦੋ....?"

"ਹਾਂ ਜੀ..."

"ਕੋਈ ਰਾਹ ਦੀ ਗੱਲ ਕਰ।"

"ਰਾਹ ਦੀ ਈ ਗੱਲ ਐ, ਬਾਊ ਜੀ।"

"ਇੱਕ ਰੁਪਇਆ ਦੇਵਾਂਗੇ।"

"ਨਹੀਂ ਪੁੱਗਦਾ..."

ਜੇ ਪੁੱਗਦਾ ਹੁੰਦਾ, ਬੰਤਿਆ, ਤਾਂ ਮੈਂ ਪਹਿਲਾਂ ਈ ਰੁਪਇਆ ਮੰਗਣਾ ਸੀ। ਬੱਚਿਆਂ ਦੀ ਕੋਈ ਗੱਲ ਨਹੀਂ, ਆਪਣੇ ਬੱਚਿਆਂ ਵਰਗੇ ਈ ਐ ਇਹ ਬੱਚੇ ਵੀ, ਪਰ ਜ਼ਰਾ ਸਮਾਨ ਵੱਲ ਤਾਂ ਵੇਖ—ਇੱਕ ਟ੍ਰੰਕ, ਇੱਕ ਸੂਟਕੇਸ, ਇੱਕ ਬਿਸਤਰਾ, ਨਾਲ਼ ਅਹੁ ਟੋਕਰੀ। ਇਹ ਤਾਂ ਦੋ ਵਿੱਚ ਵੀ ਨਹੀਂ ਪੁੱਗਦਾ, ਸੱਚ ਪੁੱਛੇਂ ਤਾਂ। ਮਹਿੰਗਾਈ ਕਿੰਨੀ ਐ! ਜੋ ਮਰਜ਼ੀ ਐ, ਕਮਾ ਲਓ, ਕੁਝ ਬਣਦਾ ਈ ਨਹੀਂ। ਹੋਰ ਗੱਲਾਂ ਤਾਂ ਛੱਡੋ, ਢਿੱਡ ਭਰਨ ਜੋਗੇ ਪੈਸੇ ਵੀ ਨਹੀਂ ਕਮਾਏ ਜਾਂਦੇ। ਉਂਜ ਪੈਸੇ ਤਾਂ ਜ਼ਿਆਦਾ ਈ ਕਮਾਈਦੇ ਐ, ਪਹਿਲਾਂ ਨਾਲ਼ੋਂ, ਪਰ ਹੁਣ ਜਿਵੇਂ ਬਰਕਤ ਈ ਨਹੀਂ ਰਹੀ ਪੈਸਿਆਂ ਵਿੱਚ। ਲੈ ਚਾਹ ਦੇ ਈ ਬਾਰਾਂ ਆਨੇ ਧਰਾ ਲਏ ਐ ਉਹਨੇ, ਹਾਲੀ ਕੀ ਦੇਰ ਹੋਈ ਐ ਚਾਹ ਪੀਤਿਆਂ। ਪਰ ਢਿੱਡ ਜਿਵੇਂ ਭੁੱਖੇ ਦਾ ਭੁੱਖਾ, ਚੀਜ਼ਾਂ ਵਿੱਚ ਤਾਂ ਹੁਣ ਸਾਹ-ਸਤ ਈ ਨਹੀਂ ਰਿਹਾ, ਬੰਦਿਆਂ ਵਿੱਚ ਕਿਵੇਂ ਆਊ! ਲੈ ਫੇਰ ਆ ਰਿਹਾ ਈ, ਬਾਊ ਏਧਰ ਨੂੰ, ਹੋਰ ਕੋਈ ਦੋ ਵਿੱਚ ਵੀ ਨਹੀਂ ਮੰਨਿਆ ਹੋਣਾ। ਐਸ ਵੇਲ਼ੇ ਉਂਜ ਵੀ ਤਾਂ ਰਿਕਸ਼ਾ ਕੋਈ-ਕੋਈ ਈ ਨਜ਼ਰ ਆਉਂਦਾ ਐ। ਦਿਨ ਚੰਗੀ ਤਰ੍ਹਾਂ ਚੜ੍ਹਿਆ ਨਹੀਂ, ਏਸੇ ਲਈ ਰਿਕਸ਼ਾ ਈ ਕੋਈ ਨਹੀਂ, ਚਾਰੇ ਪਾਸੇ। ਦਿਨ ਚੜ੍ਹੇ ਤਾਂ ਕੋਈ ਭਾਵੇਂ ਰੁਪਈਏ ਤੋਂ ਵੀ ਘੱਟ ਲੈ ਲਵੇ। ਹਮ੍ਹਾਤੜ ਕਈ ਵਾਰ ਸੋਚ ਲੈਂਦੈ....'ਚੱਲ ਜੋ ਵੱਟਿਆ, ਸੋ ਖੱਟਿਆ'।—

"ਦੋ ਤੋਂ ਘੱਟ ਨਹੀਂ ਲੈਣੇ?"

"ਵਾਰਾ ਈ ਨਹੀਂ ਖਾਂਦੇ, ਬਾਊ ਜੀ।"

"ਚੱਲ ਮੋੜ ਫੇਰ...।"

ਇੱਕ-ਇੱਕ ਨਗ ਕਰ ਕੇ ਮੈਂ ਉਹਨਾਂ ਦਾ ਸਾਰਾ ਸਮਾਨ ਰਿਕਸ਼ੇ ਵਿੱਚ ਟਿਕਾ ਦਿੱਤਾ। ਫੇਰ ਉਹ ਦੋਵੇਂ ਔਖੇ-ਸੌਖੇ ਬੈਠ ਗਏ। ਇੱਕ-ਇੱਕ ਬੱਚਾ ਉਹਨਾਂ ਨੇ ਗੋਦੀ ਵਿੱਚ ਬਿਠਾ ਲਿਆ। ਹੁਣ ਮੁਸ਼ਕਲ ਵੱਡੇ ਬੱਚੇ ਨੂੰ ਬਿਠਾਣ ਦੀ ਸੀ। ਉਹਦੇ ਵਾਸਤੇ ਕੋਈ ਥਾਂ ਨਹੀਂ ਸੀ। ਅਖੀਰ ਮੈਂ ਉਸ ਨੂੰ ਅੱਗੇ ਡੰਡੇ ਉੱਤੇ ਬਿਠਾ ਲਿਆ। ਉਹ ਬੜਾ ਖ਼ੁਸ਼ ਸੀ ਸਭਨਾਂ ਤੋਂ ਅੱਗੇ ਬੈਠ ਕੇ। ਮੈਂ ਵੀ ਬਹੁਤ ਖ਼ੁਸ਼ ਸਾਂ, ਉਸ ਨੂੰ ਆਪਣੇ ਕੋਲ਼ ਬਿਠਾ ਕੇ। ਮੇਰੇ ਲੜਕੇ ਦੀ ਉਮਰ ਦਾ ਈ ਲੱਗਦਾ ਸੀ, ਉਹਦੇ ਜਿੰਨਾ ਈ



Downloaded from https:// www.studiestoday.com

Downloaded from https:// www.studiestoday.com

ਉਸ ਦਾ ਕੱਦ ਸੀ। ਪਿੱਛੇ ਉਹ ਦੋਵੇਂ ਗੱਲਾਂ ਕਰਨ ਲੱਗ ਪਏ, ਮੈਂ ਵੀ ਉਸ ਬੱਚੇ ਨੂੰ ਗੱਲੀਂ ਲਾ ਲਿਆ—

"ਕੀ ਨਾਂ ਐ, ਬਈ ਤੇਰਾ...?"

"ਰਮਨ...."

"ਬੱਲੇ, ਬੱਲੇ....ਬੜਾ ਸੋਹਣਾ ਨਾਂ ਐ।"

"ਤੇਰਾ ਕੀ ਨਾਂ ਏ....?"

"ਮੇਰਾ ਨਾਂ...? ਮੇਰਾ ਨਾਂ ਐ ਰਿਕਸ਼ੇ ਵਾਲ਼ਾ।"

"ਇਹ ਵੀ ਕੋਈ ਨਾਂ ਏ....?"

"ਅੱਛਾ, ਇਹ ਦੱਸ ਤੂੰ ਪੜ੍ਹਦਾ ਕਿੰਨਵੀਂ ਵਿੱਚ ਐਂ?"

"ਤੀਸਰੀ ਵਿੱਚ..."

"ਮੇਰਾ ਲੜਕਾ ਵੀ ਤੀਸਰੀ ਵਿੱਚ ਈ ਪੜ੍ਹਦਾ ਐ!"

"ਤੇਰਾ ਲੜਕਾ? ਤੇਰੇ ਵੀ ਬੱਚੇ ਨੇ?"

"ਹਾਂ....ਕਿਉਂ, ਮੇਰੇ ਬੱਚੇ ਨਹੀਂ ਹੋ ਸਕਦੇ?"

ਉਸ ਨੇ ਕੋਈ ਜਵਾਬ ਨਾ ਦਿੱਤਾ, ਮੈਂ ਵੀ ਚੁੱਪ ਕਰ ਗਿਆ। ਭਾਰ ਜ਼ਿਆਦਾ ਹੋਣ ਕਰਕੇ ਗੱਲ-ਬਾਤ ਕਰਨੀ ਔਖੀ ਹੋ ਗਈ ਸੀ। ਉਹ ਦੋਵੇਂ ਗੱਲਾਂ ਕਰ ਰਹੇ ਸਨ। ਪਰ ਮੇਰਾ ਧਿਆਨ ਉਹਨਾਂ ਦੀਆਂ ਗੱਲਾਂ ਵੱਲ ਵੀ ਨਹੀਂ ਸੀ ਜਾ ਰਿਹਾ। ਮੈਂ ਕੁਝ ਸੋਚ ਵੀ ਨਹੀਂ ਸੀ ਰਿਹਾ। ਉਸ ਵੇਲ਼ੇ ਮੇਰੀਆਂ ਲੱਤਾਂ ਘੁੰਮ ਰਹੀਆਂ ਸਨ ਤੇ ਰਿਕਸ਼ਾ ਚੱਲਦਾ ਜਾ ਰਿਹਾ ਸੀ। ਪੂਰਾ ਟੱਬਰ ਬੈਠਾ ਹੋਇਆ ਸੀ ਮੇਰੇ ਰਿਕਸ਼ੇ ਵਿੱਚ ਸਮਾਨ ਸਮੇਤ ਤੇ ਮੈਂ ਉਹਨਾਂ ਨੂੰ ਘਰ ਵੱਲ ਲਿਜਾ ਰਿਹਾ ਸੀ। ਕਿੰਨਾ ਚੰਗਾ ਲੱਗ ਰਿਹਾ ਸੀ ਮੈਨੂੰ, ਇਹ ਸਭ ਕੁਝ। ਸ਼ਹਿਰ ਦੇ ਅੰਦਰ ਕਾਫ਼ੀ ਰੌਣਕ ਸੀ। ਧੁੰਦ ਥੋੜ੍ਹੀ ਜਿਹੀ ਘਟੀ ਸੀ। ਲੋਕ ਇੱਧਰ-ਉੱਧਰ ਆ-ਜਾ ਰਹੇ ਸਨ। ਫਿਰ ਕਟੜਾ ਦੂਲੋ ਆ ਗਿਆ। ਜਿਸ ਪਾਸੇ ਨੂੰ ਮੈਨੂੰ ਉਸ ਆਦਮੀ ਨੇ ਕਿਹਾ, ਮੈਂ ਮੁੜ ਗਿਆ। ਉਸ ਔਰਤ ਨੇ ਆਪਣੇ ਮਰਦ ਨੂੰ ਹੌਲ਼ੀ ਜਿਹੀ ਕੁਝ ਪੁੱਛਿਆ। ਜਵਾਬ ਵਿੱਚ ਉਹ ਕਹਿਣ ਲੱਗਾ—"ਚਿੰਤਾ ਨਾ ਕਰ।" ਫੇਰ ਇੱਕ ਗਲ਼ੀ ਅੱਗੋਂ ਮੈਂ ਲੰਘਣ ਲੱਗਾ ਤਾਂ ਉਸ ਨੇ ਮੈਨੂੰ ਰੋਕ ਲਿਆ। ਪਹਿਲਾਂ ਮੈਂ ਬੱਚਿਆਂ ਨੂੰ ਉਤਾਰਿਆ, ਫੇਰ ਸਮਾਨ ਨੂੰ, ਫੇਰ ਉਹ ਆਪ ਉੱਤਰੇ। ਉਹ ਆਦਮੀ ਗਲ਼ੀ ਦੇ ਨਾਲ਼ ਵਾਲ਼ੀ ਹਲਵਾਈ ਦੀ ਦੁਕਾਨ ਕੋਲ਼ ਗਿਆ ਤੇ ਕਹਿਣ ਲੱਗਾ—

"ਕੀ ਹਾਲ ਐ, ਘਣਸ਼ਾਮ ਜੀ, ਠੀਕ ਓ ਨਾ?"

"ਕਿਰਪਾ ਏ ਪ੍ਰਭੂ ਦੀ, ਤੁਸੀਂ ਆਪਣੀ ਸੁਣਾਓ—ਬੜੇ ਦਿਨ ਲਾ ਆਏ ਓ।"

"ਲੱਗ ਈ ਜਾਂਦੇ ਨੇ ਦਿਨ ਵਿਆਹ-ਸ਼ਾਦੀ ਵਿੱਚ...।"

"ਹਾਂ, ਵਿਆਹ-ਸ਼ਾਦੀ ਵਿੱਚ ਤਾਂ...."



Downloaded from https:// www.studiestoday.com

Downloaded from https:// www.studiestoday.com

"ਅੱਛਾ, ਦੋ ਰੁਪਏ ਤਾਂ ਦੇਣਾ ਟੁੱਟੇ ਹੋਏ, ਮੇਰੇ ਕੋਲ਼ ਵੱਡਾ ਨੋਟ ਏ, ਮੈਂ ਦੇਨਾਂ ਤੁਹਾਨੂੰ ਹੁਣੇ ਤੁੜਵਾ ਕੇ।"

"ਕੋਈ ਗੱਲ ਨਹੀਂ ਜੀ, ਅਹਿ ਲਓ ਦੋ ਰੁਪਏ।"

ਵੱਡਾ ਨੋਟ ਟੁੱਟਣਾ ਵੀ ਤਾਂ ਕੋਈ ਸੌਖੀ ਗੱਲ ਨਹੀਂ। ਉਂਜ ਬੰਦੇ ਕੋਲ਼ ਨੋਟ ਹੋਵੇ ਤਾਂ ਚਿੰਤਾ ਦੀ ਕੋਈ ਗੱਲ ਨਹੀਂ ਹੁੰਦੀ। ਇਸ ਨੋਟ ਦੇ ਆਸਰੇ ਬੰਦਾ ਜਿੰਨੇ ਪੈਸੇ ਚਾਹੇ ਫੜ ਸਕਦਾ ਐ। ਇਹ ਗੇੜ ਇੰਜ ਈ ਚੱਲੀ ਜਾ ਰਿਹੈ ਜ਼ਿੰਦਗੀ ਦਾ। ਠੀਕ ਐ ਨਾ, ਬੰਤਿਆ? ਮੈਂ ਕੁਝ ਗ਼ਲਤ ਤਾਂ ਨਹੀਂ ਕਹਿ ਰਿਹਾ? ਕੀ ਨਾਂ ਸੀ ਉਸ ਮੁੰਡੇ ਦਾ? ਬੜਾ ਚੰਗਾ ਜਿਹਾ ਨਾਂ ਸੀ। ਰਮਨ—ਹਾਂ, ਹਾਂ ਰਮਨ। ਮੇਰੇ ਪੁੱਤਰ ਦਾ ਨਾਂ ਐ ਛੁੰਮਣ। ਚੰਗਾ ਐ ਨਾ, ਇਹ ਨਾਂ ਵੀ? ਮੈਨੂੰ ਤਾਂ ਨਹੀਂ ਸੀ ਚੰਗਾ ਲੱਗਦਾ ਪਹਿਲੋਂ। ਮੈਂ ਕਿਹਾ, 'ਇਹ ਵੀ ਕੋਈ ਨਾਂ ਐ ਭਲਾ?' ਪਰ ਉਹ ਨਹੀਂ ਮੰਨੀ, ਭਲੀ ਲੋਕ। ਕਹਿਣ ਲੱਗੀ—'ਕੀ ਹੋਇਐ ਐਸ ਨਾਂ ਨੂੰ? ਕਿੰਨਾ ਸੋਹਣਾ ਨਾਂ ਐ। ਮੇਰਾ ਛੁੰਮਣ ਐ ਇਹ ਤਾਂ।' ਹੁਣ ਤਾਂ ਮੈਨੂੰ ਵੀ ਇਹ ਨਾਂ ਚੰਗਾ ਲੱਗਣ ਲੱਗ ਪਿਐ। ਰਮਨ ਵੀ ਚੰਗਾ ਨਾਂ ਐ, ਛੁੰਮਣ ਵੀ। ਨਾਂ ਅਸਲ ਵਿੱਚ ਸਾਰੇ ਈ ਚੰਗੇ ਹੁੰਦੇ ਐ, ਗੱਲ ਤਾਂ ਬੰਦਿਆਂ ਦੇ ਚੰਗੇ-ਮੰਦੇ ਹੋਣ ਦੀ ਐ-

"ਚੱਲੇਂਗਾ, ਗੁਰੂ ਰਾਮਦਾਸ ਦੀ ਸਰਾਂ?"

"ਲੈ ਚੱਲਨੇ ਆਂ ਜੀ...."

"ਕੀ ਲਏਂਗਾ....?"

"ਇੱਕ ਰੁਪਇਆ....."

"ਚੱਲ ਇੱਕ ਰੁਪਇਆ ਈ ਸਈ।"

ਉਹ ਦੋਵੇਂ ਬੈਠ ਗਏ ਰਿਕਸ਼ੇ ਵਿੱਚ। ਉਹਨਾਂ ਦਾ ਨਵਾਂ-ਨਵਾਂ ਵਿਆਹ ਹੋਇਆ ਲੱਗਦਾ ਸੀ। ਮੈਂ ਭਾਵੇਂ ਦੋ ਰੁਪਏ ਮੰਗ ਲੈਂਦਾ, ਨਾਂਹ ਨਹੀਂ ਸੀ ਹੋਣੀ।

ਪਰ ਆਪਣਾ ਨਹੀਂ ਇਹ ਕੰਮ। ਆਪਣਾ ਹੱਕ ਲਈਦਾ ਐ। ਕਿਸੇ ਨੂੰ ਐਵੇਂ ਤੰਗ ਨਹੀਂ ਕਰੀਦਾ। ਕਈ ਲੋਕ ਖ਼ੁਸ਼ੀ ਜਾਂ ਗ਼ਮੀ ਵਿੱਚ ਵੱਧ ਦੇਣ ਨੂੰ ਤਿਆਰ ਹੋ ਜਾਂਦੇ ਐ, ਪਰ ਆਪਾਂ ਮੰਗੀਦੇ ਈ ਨਹੀਂ ਕਿਸੇ ਤੋਂ ਵੱਧ। ਬੜੀ ਰੌਣਕ ਐ, ਏਸ ਬਜ਼ਾਰ ਵਿੱਚ ਤਾਂ। ਬੜੀਆਂ ਝੰਡੀਆਂ ਲੱਗੀਆਂ ਹੋਈਐਂ। ਨਾਲ਼ੇ ਥਾਂ-ਥਾਂ 'ਤੇ ਗੁਰੂਆਂ ਦੀਆਂ ਤਸਵੀਰਾਂ ਵੀ ਲਟਕ ਰਹੀਐਂ। ਓ ਬੰਤਿਆ, ਤੂੰ ਵੀ ਬੜਾ ਪਾਪੀ ਐਂ। ਤੈਨੂੰ ਨਹੀਂ ਪਤਾ, ਅੱਜ ਜਨਮ-ਦਿਨ ਐ ਬਾਜਾਂ ਵਾਲ਼ੇ ਸੱਚੇ ਪਾਤਸ਼ਾਹ ਦਾ। ਸਵੇਰੇ ਜਦੋਂ ਤੂੰ ਘੰਟਾ-ਘਰ ਵੱਲ ਗਿਆ ਸੀ, ਦੋ ਭਾਰੀਆਂ-ਭਾਰੀਆਂ ਸਵਾਰੀਆਂ ਛੱਡਣ, ਤਾਂ ਵੇਖਿਆ ਨਹੀਂ ਸੀ ਤੂੰ ਸਜੇ ਹੋਏ ਉਸ ਬਜ਼ਾਰ ਨੂੰ? ਕੀ ਪਤਾ ਲੱਗਦਾ ਐ, ਸਵੇਰੇ ਠੰਢ ਵਿੱਚ। ਨਾਲ਼ੇ ਧੁੰਦ ਵੀ ਕਿੰਨੀ ਸੀ ਉਸ ਵੇਲ਼ੇ। ਹੁਣ ਵੇਖ ਕਿੰਨੀ ਚਮਕਦੀ ਐ, ਧੁੱਪ। ਕਿੰਨੀ ਨਿੱਘੀ-ਨਿੱਘੀ ਐ। ਜੀਅ ਕਰਦੈ ਇੱਕ ਥਾਂ ਉੱਤੇ ਰਿਕਸ਼ਾ ਰੋਕ ਕੇ ਥੋੜ੍ਹੀ ਜਿਹੀ ਧੁੱਪ ਸੇਕ ਲਾਂ। ਪਰ ਨਹੀਂ, ਇਹ ਕੰਮ ਦਾ ਵਕਤ ਐ, ਵਿਹਲੇ ਵੇਲ਼ੇ ਸੇਕਾਂਗੇ ਧੁੱਪ। ਅੱਛਾ, ਫੇਰ ਅੱਜ ਐ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਪੁਰਬ! ਨਵਾਂ ਸਾਲ ਵੀ ਚੜ੍ਹਿਐ ਅੱਜ ਤੇ ਨਾਲ਼ੇ ਗੁਰਪੁਰਬ ਵੀ ਐ। ਖ਼ੁਸ਼ੀਆਂ ਈ ਖ਼ੁਸ਼ੀਆਂ ਨੇ ਫੇਰ ਤਾਂ ਚਾਰੇ



Downloaded from https:// www.studiestoday.com

Downloaded from https:// www.studiestoday.com

ਪਾਸੇ। ਸਾਰੇ ਈ ਚਾਈਂ-ਚਾਈਂ ਜਾ ਰਹੇ ਐ ਬਾਬੇ ਦੇ ਘਰ। ਆਪਾਂ ਵੀ ਅੱਜ ਚਲੇ ਚੱਲਨੇ ਆਂ, ਦਰਸ਼ਨ ਕਰਨ। ਦੇਰ ਤਾਂ ਲੱਗ ਜਾਊ, ਭੀੜ ਜੋ ਬਹੁਤ ਐ, ਪਰ ਕੀ ਐ ਦੇਰ ਦਾ ਵੀ। ਸਾਰੀ ਉਮਰ ਪਈ ਐ ਕਮਾਉਣ ਲਈ। ਕਿਸੇ ਵੇਲ਼ੇ ਤਾਂ ਬੰਦੇ ਨੂੰ ਰੱਬ ਦਾ ਨਾਂ ਲੈਣਾ ਚਾਹੀਦੈ। ਇਹ ਦੋਵੇਂ ਜਾ ਰਹੇ ਆ ਗੁਰਦੁਆਰੇ, ਮੱਥਾ ਟੇਕਣ। ਆਪਾਂ ਵੀ ਗਏ ਸਾਂ ਕਦੀ ਪਿੰਡ ਦੇ ਗੁਰਦੁਆਰੇ, ਵਿਆਹ ਤੋਂ ਪਿੱਛੋਂ। ਕਿੰਨਾ ਚੰਗਾ-ਚੰਗਾ ਲੱਗਦਾ ਸੀ, ਉਦੋਂ ਸਭ ਕੁਝ। ਇੰਜ ਜਾਪਦਾ ਸੀ, ਜਿਵੇਂ ਵਾਹਿਗੁਰੂ ਵੀ ਖ਼ੁਸ਼ ਹੋਵੇ ਸਾਡੇ ਵਿਆਹ ਉੱਤੇ। ਉਹ ਤਾਂ ਅੱਜ ਵੀ ਬੜਾ ਖ਼ੁਸ਼ ਹੋਏਗਾ, ਇਹਨਾਂ ਦੇ ਵਿਆਹ ਉੱਤੇ। ਉਹ ਤਾਂ ਹਮੇਸ਼ਾਂ ਹੀ ਖ਼ੁਸ਼ ਹੁੰਦਾ ਹੋਏਗਾ, ਸਭ ਉੱਤੇ। ਪਰ ਇਹ ਗੱਲ ਸਾਰਿਆਂ ਨੂੰ ਪਤਾ ਨਹੀਂ ਲੱਗਦੀ। ਬੱਸ, ਉਸ ਨੂੰ ਈ ਲੱਗਦੀ ਐ, ਜਿਸ ਉੱਤੇ ਉਹ ਖ਼ੁਸ਼ ਹੁੰਦਾ ਐ। -

"ਭਾਬੀ ਜੀ ਕਹਿੰਦੇ ਸਨ, 'ਬਹੁਤੇ ਗਹਿਣੇ ਨਾ ਪਾਈਂ, ਬੜੀ ਭੀੜ ਹੁੰਦੀ ਐ, ਅੱਜ ਦੇ ਦਿਨ'।"

"ਅੱਛਾ, ਗੱਲ ਸੁਣ, ਦਰਬਾਰ ਸਾਹਿਬੋਂ ਮੱਥਾ ਟੇਕ ਕੇ ਪਿਕਚਰ ਈ ਨਾ ਕੋਈ ਦੇਖ ਆਈਏ?"

"ਕਿਹੜੀ ਦੇਖਾਂਗੇ? ਸਾਰੀਆਂ ਈ ਤਾਂ ਦੇਖ ਲਈਆਂ ਨੇ।"

"ਦੇਖ ਲੈਂਦੇ ਆਂ, ਕੋਈ ਦੁਬਾਰਾ।"

"ਨਾ ਬਾਬਾ ਨਾ, ਫ਼ਿਲਮ ਤਾਂ ਇੱਕ ਵਾਰ ਦੇਖੀ ਹੋਈ ਬਹੁਤ ਏ।"

"ਅੱਛਾ, ਗੱਲ ਸੁਣੋ....ਟੈਲੀਵੀਜ਼ਨ ਹੀ ਕਿਉਂ ਨਹੀਂ ਲੈ ਆਂਦੇ ਤੁਸੀਂ? ਘਰ ਬੈਠੇ ਹੀ ਫ਼ਿਲਮਾਂ ਦੇਖੀ ਜਾਓ।"

"ਪੈਸੇ ਤਾਂ ਮੈਂ ਲੈ ਕੇ ਚੱਲਿਆ ਸੀ ਇੱਕ ਵਾਰ, ਪਰ ਭਾਬੀ ਜੀ ਨੇ ਰੋਕ ਦਿੱਤਾ।"

"ਕਿਉਂ....?"

"ਕਹਿਣ ਲੱਗੇ, 'ਚੱਲ, ਫੇਰ ਲੈ ਆਈਂ, ਵਿਆਹ ਦੇ ਪਿੱਛੋਂ'।"

"ਪਹਿਲਾਂ ਈ ਲੈ ਆਉਂਦੇ...."

"ਤੇਰੀ ਚਾਇਸ ਵੀ ਤਾਂ ਦੇਖਣੀ ਸੀ।"

"ਮੰਮੀ ਤਾਂ ਕਹਿੰਦੇ ਸਨ ਕਿ ਟੀ.ਵੀ. ਨਾਲ਼ ਦੇਣਾ ਏ, ਪਰ ਪਾਪਾ ਕਹਿਣ ਲੱਗੇ, ਇੱਕ ਚੀਜ਼ ਲੈ ਦੇ...ਜਾਂ ਟੀ.ਵੀ. ਜਾਂ ਫ਼ਰਿੱਜ।"

"ਟੀ.ਵੀ. ਲੈ ਆਉਂਦੀ ਸਗੋਂ।"

"ਗਰਮੀਆਂ ਵਿੱਚ ਕਹੋਗੇ, 'ਚੰਗਾ ਈ ਕੀਤਾ ਫ਼ਰਿੱਜ ਲਿਆ ਕੇ'।"

"ਗਰਮੀਆਂ ਵਿੱਚ ਪਹਾੜ 'ਤੇ ਚੱਲਾਂਗੇ ਦੋ ਮਹੀਨੇ।"

"ਹੁਣ ਤਾਂ ਤੁਸੀਂ ਦੋ ਦਿਨ ਵੀ ਨਾ ਲੈ ਕੇ ਗਏ ਕਿਤੇ।"

"ਐਨੀ ਸਰਦੀ ਵਿੱਚ....?"

"ਕੀ ਸੀ ਫੇਰ, ਬਰਫ਼ਾਂ ਦੇਖ ਆਉਂਦੇ।"

"ਏਥੇ ਵੀ ਬਰਫ਼ ਪੈਣ ਤੋਂ ਕਿਹੜੀ ਘੱਟ ਰਹੀ ਏ, ਏਸ ਸਾਲ।"



Downloaded from https:// www.studiestoday.com

Downloaded from https:// www.studiestoday.com

"ਕਿਹੜੀ ਸਰਦੀ ਏ ਬਹੁਤੀ, ਐਵੇਂ ਕਰੀ ਜਾਂਦੇ ਓ।"

"ਘੱਟ ਏ ਹਾਲੀ—ਤੋਬਾ! ਤੋਬਾ!!"

ਤੂੰ ਮੇਰੇ ਵੱਲ ਦਾ ਐਂ, ਬੱਲਿਆ। ਸਰਦੀ ਨੇ ਤਾਂ ਕੜਾਕੇ ਕੱਢ ਦਿੱਤੇ ਐ, ਇਸ ਵਾਰੀ। ਜੇ ਸ਼ਾਹ ਲੋਕਾਂ ਨੇ ਵੱਡੇ-ਵੱਡੇ ਮੁੱਢ ਨਾ ਸੁਟਾਏ ਹੁੰਦੇ ਬਜ਼ਾਰਾਂ ਵਿੱਚ, ਤਾਂ ਸਾਡੇ ਵਰਗੇ ਤਾਂ ਮਰ ਗਏ ਹੁੰਦੇ ਹੁਣ ਤੀਕ। ਜਦੋਂ ਕਦੀ ਵਿਹਲ ਮਿਲ਼ਦੀ ਐ, ਅੱਗ ਸੇਕ ਲਈਦੀ ਐ, ਮੁੱਢ ਦੇ ਕੋਲ਼ ਬਹਿ ਕੇ। ਦਿਨੇ-ਰਾਤ ਧੁਖਦੇ ਰਹਿੰਦੇ ਐ, ਇਹ ਮੁੱਢ। ਕਿੰਨੇ ਦਿਆਲੂ ਹੁੰਦੇ ਐ ਕੁਝ ਬੰਦੇ ਵੀ। ਕਈ ਤਾਂ ਛਕਦੇ ਐ ਵੰਡ ਕੇ, ਤੇ ਕਈ ਆਪਣੀ ਈ ਗੋਗੜ ਭਰੀ ਜਾਂਦੇ ਐ। ਇਹ ਵੀ ਕੋਈ ਗੱਲ ਹੋਈ, ਆਪੇ ਈ ਖਾਈ ਜਾਓ, ਆਪੇ ਈ ਖਾਈ ਜਾਓ। ਓਏ ਖ਼ੌਫ਼ ਕਰੋ ਰੱਬ ਦਾ। ਭੁਲਾ ਈ ਬੈਠੇ ਓ ਤੁਸੀਂ ਉਸ ਨੂੰ। ਪਰ, ਕਾਹਨੂੰ ਐਵੇਂ ਔਖਾ ਹੋਈ ਜਾਨੈਂ? ਕਿਸੇ ਦੇ ਹੱਥਾਂ ਵੱਲ ਨਹੀਂ ਵੇਖੀਦਾ। ਦਸਾਂ ਨਹੁੰਆਂ ਦੀ ਕਿਰਤ ਕਰਕੇ ਖਾਈਦੀ ਐ। ਕੋਈ ਨਹੀਂ ਦੇਂਦਾ, ਕਿਸੇ ਨੂੰ ਕੁਝ। ਸਭ ਆਪਣਾ ਈ ਸੁਆਰਥ ਵੇਖਦੇ ਐ। ਬੇਸ਼ੱਕ ਹੈਣ ਚੰਗੇ ਬੰਦੇ ਹਾਲੀ ਵੀ ਦੁਨੀਆ ਵਿੱਚ, ਪਰ ਬਹੁਤ ਘੱਟ-

"ਬੀ ਜੀ ਵੱਲ ਚੱਲਣਾ ਏ ਅੱਜ ਸ਼ਾਮ ਨੂੰ, ਭੁੱਲ ਨਾ ਜਾਣਾ।"

"ਹਾਲੀ ਪਰਸੋਂ ਤਾਂ ਗਏ ਸੀ ਉੱਥੇ, ਰੋਜ਼-ਰੋਜ਼ ਜਾਣਾ ਵੀ ਚੰਗਾ ਨਹੀਂ ਲੱਗਦਾ, ਸਹੁਰੇ ਘਰ."

"ਬੜੀ ਜਲਦੀ ਅੱਕ ਗਏ ਓ, ਹਾਲੀ ਤਾਂ ਦੋ ਮਹੀਨੇ ਵੀ ਨਹੀਂ ਹੋਏ ਵਿਆਹ ਨੂੰ।"

"ਤਦੇ ਤਾਂ ਕਹਿਨਾਂ ਵਾਂ ਕਿ ਕੀ ਜਾਣਾ ਹੋਇਆ ਘੜੀ-ਮੁੜੀ, ਐਨੀ ਛੇਤੀ।"

"ਬੜੇ ਸ਼ਰਾਰਤੀ ਓ ਤੁਸੀਂ, ਕਿੱਧਰ ਦੀ ਗੱਲ ਕਿਧਰ ਲੈ ਗਏ।"

"ਸੰਤ ਆਂ ਅਸੀਂ ਤਾਂ, ਜੋ ਮਨ ਆਇਆ ਕਹਿ ਦੇਈਦਾ ਏ।"

"ਕਿੰਨੀ ਉੱਚੀ ਬੋਲਦੇ ਓ ਤੁਸੀਂ, ਰਿਕਸ਼ਾ ਵਾਲ਼ਾ ਸੁਣਦਾ ਪਿਆ ਏ।"

"ਫੇਰ ਕੀ ਏ, ਸੁਣਦਾ ਰਵ੍ਹੇ, ਸਾਨੂੰ ਕੀ..."

ਹਾਂ, ਕਿਸੇ ਨੂੰ ਕੀ, ਕੋਈ ਜੋ ਮਰਜ਼ੀ ਐ ਕਹਿੰਦਾ ਰਹੇ, ਕੋਈ ਜੋ ਮਰਜ਼ੀ ਐ ਸੁਣਦਾ ਰਹੇ। ਕਿਸੇ ਨੂੰ ਕਿਸੇ ਨਾਲ਼ ਕੀ? ਫੇਰ ਬੰਤਿਆ, ਤੂੰ ਹੈਂ ਵੀ ਕੀ? ਤੈਨੂੰ ਕੌਣ ਸਿਆਣਦਾ ਐ ਏਥੇ? ਤੂੰ ਮਾਰੀ ਜਾ ਪੈਡਲ ਤੇ ਸੁਣੀ ਜਾ ਗੱਲਾਂ, ਚੁੱਪ ਕਰ ਕੇ। ਵੇਖੀ ਜਾ ਰੰਗ ਕਰਤਾਰ ਦੇ। ਐਵੇਂ ਨਾ ਝੂਰਿਆ ਕਰ ਗੱਲ-ਗੱਲ 'ਤੇ। ਤੇਰੇ ਕੋਲ਼ ਵੀ ਸਭ ਕੁਝ ਐ। ਬੀਵੀ ਐ, ਬੱਚੇ ਐ, ਮਾਂ ਐ—ਭਾਵੇਂ ਉਹ ਪਿੰਡ ਈ ਰਹਿੰਦੀ ਐ। ਆ ਗਈ ਸੀ ਸਾਡੇ ਕੋਲ਼ ਈ ਮੇਰੇ ਵਿਆਹ ਤੋਂ ਪਿੱਛੋਂ, ਪਰ ਐਵੇਂ ਖਹਿਬੜ ਹੋ ਗਈ ਸੀ ਨੂੰਹ-ਸੱਸ ਵਿੱਚ। ਬੱਸ, ਕਹਿਣ ਲੱਗੀ, "ਮੈਨੂੰ ਛੱਡ ਆ, ਮੈਂ ਕਿਸੇ ਦੇ ਭਾਂਡੇ ਮਾਂਜ ਲਊਂਗੀ, ਪਰ ਮੈਂ ਏਥੇ ਨਹੀਂ ਰਹਿਣਾ।' ਚੰਗਾ ਬਈ, ਨਾ ਰਹੋ ਏਥੇ, ਹੋਰ ਕੀ ਕਹਿੰਦਾ ਮੈਂ? ਮਹੀਨੇ-ਦੋ ਮਹੀਨਿਆਂ ਪਿੱਛੋਂ ਜਾਈਦਾ ਐ ਪਿੰਡ, ਮਿਲ਼-ਗਿਲ਼ ਆਈਦਾ ਐ ਬੇਬੇ ਨੂੰ, ਨਾਲ਼ੇ ਦੋ-ਚਾਰ ਛਿੱਲੜ ਫੜਾ ਆਈਦੇ ਐ, ਉਸ ਨੂੰ। ਹੁਣ ਤਾਂ ਉਸ ਦੀਆਂ ਅੱਖਾਂ ਰਹੀ ਜਾਂਦੀਐਂ। ਦੋਂਹਾਂ ਅੱਖਾਂ ਦਾ ਅਪਰੇਸ਼ਨ ਹੋ



Downloaded from https:// www.studiestoday.com

Downloaded from https:// www.studiestoday.com

ਚੁੱਕਾ ਐ, ਖ਼ਬਰੇ ਫੇਰ ਕਰਵਾਣਾ ਪੈ ਜਾਏ, ਕਿਸੇ ਇੱਕ ਦਾ। ਚੱਲ ਕੋਈ ਨਹੀਂ, ਕਰ ਦਿਆਂਗੇ ਕੁਝ ਨਾ ਕੁਝ ਉਹਦੀ ਸੇਵਾ–

"ਅੱਗੇ ਤਾਂ ਰਸਤਾ ਬੰਦ ਐ ਜੀ।"

"ਰੋਕ ਦੇ ਏਥੇ ਈ, ਪਹੁੰਚ ਤਾਂ ਗਏ ਆਂ –ਲੈ ਫੜ ਰੁਪਇਆ।"

ਬੰਤਿਆ, ਲਾ ਰਿਕਸ਼ਾ ਇੱਕ ਪਾਸੇ । ਹੋ ਈ ਨਾ ਆਈਏ ਅੰਦਰ, ਮੱਥਾ ਟੇਕਣੇ ਨੂੰ ? ਕਿੰਨੀ ਕੁ ਦੇਰ ਲੱਗ ਜਾਊ ? ਬੱਸ , ਆਣ–ਜਾਣ ਈ ਕਰਨਾ ਐ । ਕਰ ਫੇਰ ਖੜ੍ਹਾ ਰਿਕਸ਼ਾ ਐਸ ਗਲ਼ੀ ਵਿੱਚ, ਕਾਫ਼ੀ ਖੁੱਲ੍ਹੀ ਥਾਂ ਐ। ਜੰਦਰਾ ਵੀ ਮਾਰ ਦੇ ਚੈਨ ਨੂੰ, ਚੰਗੀ ਹੁੰਦੀ ਐ ਹਿਫ਼ਾਜ਼ਤ। ਆਪਾਂ ਹਮੇਸ਼ਾਂ ਸੀਟ ਦੇ ਥੱਲੇ ਵਾਲ਼ੇ ਖਾਨੇ ਵਿੱਚ ਰੱਖਦੇ ਆਂ, ਜੰਦਰਾ।—

"ਚੱਲੇਂਗਾ, ਬਈ ਓਏ..."

"ਨਹੀਂ ਜੀ, ਪਹਿਲਾਂ ਮੱਥਾ ਟੇਕਣ ਜਾਣੈ।"

"ਹਾਲੀ ਤਾਂ ਬਾਲ੍ਹੀ ਈ ਭੀੜ ਐ ਅੰਦਰ—ਸਾਨੂੰ ਕਰ ਆ ਖਾਂ ਉੱਥੋਂ ਤੀਕ।"

"ਜਾਣਾ ਕਿੱਥੇ ਐ ਤੁਸਾਂ....?"

"ਰਾਮਾ ਨੰਦ ਦੇ ਬਾਗ਼—"

"ਪੰਝੱਤਰ ਪੈਸੇ ਲੱਗਣੇ ਜੇ..."

"ਚੱਲ ਬੈਠ ਨਾਮ੍ਹੋ—ਲਿਆ ਜਵਾਕ ਮੈਨੂੰ ਫੜਾ ਦੇ।"

"ਨਹੀਂ, ਰਹਿਣ ਦਿਓ ਜੀ—ਮੇਰੇ ਕੋਲ਼ ਈ।"

"ਚੰਗਾ ਫੇਰ, ਬੈਠ।"

ਉਹ ਦੋਵੇਂ ਬੈਠ ਗਏ ਮਲਕੜੇ ਈ। ਤੀਹਾਂ–ਪੈਂਤੀਆਂ ਤੋਂ ਉੱਪਰ ਈ ਸਨ ਉਹ ਤੀਵੀਂ–ਮਰਦ। ਵਾਹਵਾ ਸਿਹਤ ਸੀ ਦੋਂਹਾਂ ਦੀ ਈ ਅਤੇ ਕੱਪੜੇ ਵੀ ਚੰਗੇ ਪਾਏ ਹੋਏ ਸਨ, ਉਹਨਾਂ ਨੇ। ਸ਼ੌਂਰੇ, ਕਾਕੇ ਨੂੰ ਮੱਥਾ ਟਿਕਾਣ ਲਿਆਏ ਸਨ ਉਹ, ਦਰਬਾਰ ਸਾਹਿਬ। ਦੋ ਕੁ ਮਹੀਨਿਆਂ ਦਾ ਬਾਲ ਸੀ ਉਹਨਾਂ ਦੇ ਕੁੱਛੜ। ਮੈਂ ਦੋ–ਚਾਰ ਪੈਡਲ ਈ ਮਾਰੇ ਸਨ ਕਿ ਉਹ ਕਹਿਣ ਲੱਗਾ—

"ਪੰਝੱਤਰ ਪੈਸਿਆਂ ਦੀ ਕੋਈ ਗੱਲ ਨਹੀਂ, ਭਾਵੇਂ ਤੂੰ ਰੁਪਇਆ ਲੈ ਲੈ, ਪਰ ਰਾਮਾਨੰਦ ਦਾ ਬਾਗ਼ ਹੈ ਨੇੜੇ ਈ...."

"ਭੀੜ ਬੜੀ ਐ ਜੀ, ਬਜ਼ਾਰਾਂ ਵਿੱਚ, ਕਿੰਨਾ ਈ ਚਿਰ ਲੱਗ ਜਾਂਦੈ, ਥੋੜ੍ਹੀ ਜਿਹੀ ਵਾਟ ਜਾਂਦਿਆਂ...."

"ਚੱਲ, ਕੋਈ ਨਹੀਂ।"

"ਤੈਨੂੰ ਅਸੀਂ ਰੁਪਇਆ ਈ ਦੇਵਾਂਗੇ।"

"ਹੱਕ ਤਾਂ ਮੇਰਾ ਪੰਝੱਤਰ ਪੈਸੇ ਈ ਬਣਦਾ ਐ, ਜੀ।"

"ਕੀ ਹੋਇਆ ਫੇਰ....? ਅਸੀਂ ਧਨ–ਦੌਲਤ ਕੋਈ ਨਾਲ਼ ਤਾਂ ਨਹੀਂ ਲੈ ਜਾਣੀ ਮਰਨ ਲੱਗਿਆਂ, ਸਭ ਕੁਝ ਐਥੇ ਈ ਰਹਿ ਜਾਣੈ।"



Downloaded from https:// www.studiestoday.com

Downloaded from https:// www.studiestoday.com

"ਠੀਕ ਐ ਜੀ ਤੁਹਾਡੀ ਗੱਲ, ਪਰ ਕੋਈ-ਕੋਈ ਸਮਝਦੈ ਇਸ ਗੱਲ ਨੂੰ।"

"ਲੈ ਸਾਡੇ ਵੱਲ ਵੇਖ, ਪੰਜਾਂ ਕੁੜੀਆਂ 'ਤੋਂ ਹੋਇਆ ਈ, ਇਹ ਕਾਕਾ।"

"ਅੱਛਾ ਜੀ....!"

"ਜੇ ਨਾ ਹੁੰਦਾ ਤਾਂ ਘਰ-ਬਾਰ ਕੌਣ ਸਾਂਭਦਾ....?"

"ਸ਼ੁਕਰ ਐ ਵਾਹਿਗੁਰੂ ਦਾ, ਉਹਦੇ ਘਰ ਕਾਹਦੀ ਘਾਟ ਐ?"

"ਐਨੀਆਂ ਜ਼ਮੀਨਾਂ ਨੇ ਆਪਣੇ ਕੋਲ਼ ਕਿ ਪੰਜ ਪੁੱਤਰ ਹੁੰਦੇ ਤਾਂ ਵੀ ਰੱਜ-ਰੱਜ ਖਾਂਦੇ, ਪਰ...."

"ਕੋਈ ਨਹੀਂ ਜੀ, ਜੋੜੀ ਰਲ਼ਾ ਦਊਗਾ ਉਹ, ਛੇਤੀ ਈ।"

"ਚੱਲ ਕੋਈ ਨਹੀਂ, ਜਿਵੇਂ ਉਹਦੀ ਮਰਜ਼ੀ...."

ਆਪਣਾ ਫੁੰਮਣ ਐ ਨਾ ਜਿਵੇਂ, ਬੰਤਿਆ...ਜੇਕਰ ਉਹਦੀ ਜੋੜੀ ਰਲ਼ਾ ਦਿੰਦਾ ਨੀਲੀ ਛਤਰੀ ਵਾਲ਼ਾ ਤਾਂ ਕਿਹੜੀ ਗੱਲ ਸੀ? ਹੁਣ ਵੀ ਸ਼ੁਕਰ ਐ, ਉਸ ਦਾ। ਜੇਕਰ ਇੱਕ ਵੀ ਨਾ ਦਿੰਦਾ ਮੁੰਡਾ, ਤਾਂ ਆਪਣਾ ਰਿਕਸ਼ਾ ਕੌਣ...ਓਇ ਇਹ ਕੀ ਮੂਰਖਾਂ ਵਾਲ਼ੀਆਂ ਗੱਲਾਂ ਸੋਚੀ ਜਾ ਰਿਹਾ ਐਂ? ਫੁੰਮਣ ਕਿਉਂ ਸਾਂਭੇਗਾ ਮੇਰਾ ਰਿਕਸ਼ਾ? ਇਹ ਕਿਹੜੀ ਜ਼ਮੀਨ ਐ ਜਾਂ ਹਵੇਲੀ ਐ ਜਿਹੜੀ ਉਹਨੇ ਸਾਂਭਣੀ ਐ? ਆਪਣੇ ਕੋਲ਼ ਹੈ ਵੀ ਕੀ, ਬੰਤਿਆ, ਉਹਦੇ ਸਾਂਭਣ ਜੋਗਾ? ਕਿਉਂ, ਹੈ ਕਿਉਂ ਨਹੀਂ? ਹੌਸਲਾ ਚਾਹੀਦੈ ਬੰਦੇ ਕੋਲ਼। ਜੀਹਦੇ ਕੋਲ਼ ਹੌਸਲਾ ਨਹੀਂ, ਉਹਦੇ ਕੋਲ਼ ਸਭ ਕੁਝ ਹੁੰਦਿਆਂ-ਸੁੰਦਿਆਂ ਵੀ ਕੁਝ ਨਹੀਂ। ਠੀਕ ਐ ਨਾ, ਮੇਰੀ ਗੱਲ?—

"ਕਰ ਦਿੱਤਾ ਏ ਪਸ਼ਾਪ ਏਨੇ ਤਾਂ....."

"ਲਿਆ ਫੜਾ ਦੇ ਮੈਨੂੰ...."

"ਨਹੀਂ, ਹੁਣ ਮਾਸੀ ਦੇ ਘਰ ਜਾ ਕੇ ਈ ਬਦਲਾਂਗੇ, ਇਹਦੇ ਲੀੜੇ।"

"ਬੜੇ ਚਿਰ ਦਾ ਸੁੱਤਾ ਹੋਇਆ ਐ, ਜਗਾ ਖਾਂ ਹੁਣ।"

"ਨਹੀਂ, ਨਹੀਂ, ਸੁੱਤੇ ਰਹਿਣ ਦੇਹ, ਫੇਰ ਤੰਗ ਕਰੂਗਾ, ਮੈਨੂੰ।"

"ਲੈ ਤੇਰੀ ਸੁੱਖਣਾ ਵੀ ਲਾਹ ਦਿੱਤੀ, ਤੂੰ ਕਹਿੰਦੀ ਹੁੰਦੀ ਸੀ, ਜੇ ਕਾਕਾ ਹੋਇਆ ਤਾਂ ਪੰਜਾਂ ਦਾ ਪ੍ਰਸ਼ਾਦ ਕਰੌਣੇਂ ਨਾਲੇ ਉਹਦਾ ਨਾਂ ਵੀ ਦਰਬਾਰ ਸਾਹਿਬੋਂ ਰਖੌਣੈਂ।"

"ਊਂ ਤਾਂ ਸ਼ੁਕਰ ਐ, ਵਾਹਿਗੁਰੂ ਦਾ, ਪਰ ਸ਼ਰੀਕ ਤਾਂ ਜਿਵੇਂ ਸੜ ਕੇ ਸਵਾਹ ਹੋ ਗਏ ਐ...."

"ਛੱਡ ਉਹਨਾਂ ਦੀ ਗੱਲ, ਨਾਮੋ। ਨਾ ਹੁੰਦਾ ਕਾਕਾ ਤਾਂ ਮੈਂ ਸਾਰੀ ਜ਼ਮੀਨ ਕੁੜੀਆਂ ਦੇ ਨਾਂ ਲਵਾ ਦੇਣੀ ਸੀ....ਹੁਣ ਤਾਂ ਕੁੜੀਆਂ ਵੀ ਓਨੀਆਂ ਈ ਵਾਰਸ ਐ, ਜਿੰਨੇ ਕਿ ਮੁੰਡੇ।"

"ਚੱਲ ਹੁਣ ਸਾਂਭੂ ਜ਼ਮੀਨਾਂ ਮੇਰਾ ਛਿੰਦਾ....."

"ਪਰ ਕੁੜੀਆਂ ਦਾ ਹੱਕ ਵੀ ਆਪਾਂ ਨਹੀਂ ਰੱਖਣਾ...."



Downloaded from https:// www.studiestoday.com

Downloaded from https:// www.studiestoday.com

"ਹੁਣ ਤੈਨੂੰ ਕੁੜੀਆਂ ਦਾ ਹੇਜ ਵੀ ਜਾਗ ਪਿਐ, ਨਹੀਂ ਤੇ ਕਹਿੰਦਾ ਹੁੰਦਾ ਸੀ, 'ਕੀ ਐ ਜ਼ਿੰਦਗੀ ਮੁੰਡੇ ਬਿਨਾਂ....ਮੈਂ ਤਾਂ ਨਵਾਂ ਵਿਆਹ ਕਰਵਾ ਲੈਣੈਂ'...."

"ਲੈ ਕਮਲ਼ੀ ਨਾ ਹੋਵੇ, ਉਹ ਤਾਂ ਐਵੇਂ ਤੇਰੇ ਨਾਲ਼ ਹੱਸ ਛੱਡੀਦਾ ਸੀ....."

"ਪਤੈ ਮੈਨੂੰ ਸਾਰਾ, ਤੇਰੇ ਹਾਸੇ ਦਾ...."

"ਚੱਲ ਛੱਡ ਹੁਣ ਪੁਰਾਣੀਆਂ ਗੱਲਾਂ, ਕੀ ਐਵੇਂ...."

ਤੂੰ ਵੀ ਛੱਡ ਦੇ ਬੰਤਿਆ, ਹੁਣ ਪੁਰਾਣੀਆਂ ਗੱਲਾਂ। ਕਰ ਕੋਈ ਨਵੀਂ ਗੱਲ। ਕਿਸ ਤਰ੍ਹਾਂ ਦੀ, ਭਲਾ? ਬੱਸ ਨਵੀਂ ਹੋਵੇ ਗੱਲ, ਹੋਰ ਕੀ? ਲੈ ਸੁਣ ਫੇਰ। ਆਪਾਂ ਵੀ ਆਪਣੀਆਂ ਦੋਂਹਾਂ ਕਾਕੀਆਂ ਨੂੰ ਓਨਾ ਈ ਪੜ੍ਹਾਉਣੈ ਜਿੰਨਾ ਕਿ ਫੁੰਮਣ ਨੂੰ। ਫ਼ੀਸਾਂ ਕਿਥੋਂ ਦਵੇਂਗਾ? ਫ਼ੀਸਾਂ ਕਿਹੜੀਆਂ ਲੱਗਦੀਐਂ ਐਨੀਆਂ? ਨਾਲ਼ੇ ਹੁਣ ਤਾਂ ਦਾਜ ਦੇਣ ਤੋਂ ਵੀ ਜ਼ਿਆਦਾ ਜ਼ਰੂਰੀ ਐ, ਪੜ੍ਹਾਣਾ-ਲਿਖਾਣਾ। ਬਈ ਹੱਦ ਕਰ ਦਿੱਤੀ, ਬੰਤਿਆ, ਤੂੰ ਤਾਂ ਅੱਜ ਸੱਚੀ-ਮੁੱਚੀ ਨਵੀਆਂ ਗੱਲਾਂ ਕਰੀ ਜਾਨੈਂ....ਸ਼ਾਬਾਸ਼ ਤੇਰੇ-

"ਸਵਰਨੀ ਲਈ ਦੱਸ ਪਈ ਏ, ਮੁੰਡੇ ਦੀ।"

"ਪਤੈ ਮੈਨੂੰ, ਉਹੀ ਫ਼ਰੀਦਕੋਟ ਦੇ ਲਾਗੇ...ਕੀ ਨਾਂ ਐ ਉਸ ਪਿੰਡ ਦਾ?"

"ਪਿੱਪਲ਼ੀ...."

"ਹਾਂ, ਹਾਂ—ਪਿੱਪਲ਼ੀ......ਪਰ ਆਪਾਂ ਨਹੀਂ ਹਾਮੀ ਭਰਨੀ ਕਿਸੇ ਨੂੰ ਵੀ ਹਾਲੀ।"

"ਚੰਗਾ ਸਾਕ ਨਹੀਂ ਹੱਥੋਂ ਗਵਾਣਾ ਚਾਹੀਦਾ....ਕਾਲਜ 'ਚ ਪੜ੍ਹਦਾ ਏ ਮੁੰਡਾ।"

"ਪੜ੍ਹਦਾ ਹੋਊ....ਕਾਹਲ਼ੀ ਕੀ ਐ, ਤੈਨੂੰ? ਉਮਰ ਵੀ ਕੀ ਐ ਹਾਲੀ ਸਵਰਨੀ ਦੀ।"

"ਅਸਾਂ ਕਿਹੜਾ ਵਿਆਹ ਕਰ ਦੇਣੈ ਐਡੀ ਛੇਤੀ, ਰੋਕਣਾ ਈ ਐ, ਮੁੰਡੇ ਨੂੰ।"

"ਕਮਲ਼ੀ ਨਾ ਹੋਵੇ ਤੇ....ਉਦੋਂ ਰੋਕਾਂਗੇ ਜਦੋਂ ਵਿਆਹ ਕਰਨਾ ਹੋਊ..."

"ਬੈਠਾ ਰਹੂ ਉਹ ਸਾਡੇ ਜੋਗਾ, ਉਦੋਂ ਤੀਕ?"

"ਮੈਂ ਕਿਹੜਾ ਆਹਨਾਂ ਕਿ ਬੈਠਾ ਰਹੂ...ਹਾਲੀ ਪੰਜ-ਚਾਰ ਸਾਲ ਠਹਿਰ ਕੇ ਲੱਭਾਂਗੇ ਸਾਕ...ਹੁਣੇ ਤੋਂ ਈ ਬੱਝ ਕੇ ਬਹਿ ਜਾਈਏ?"

"ਜੇ ਨਾ ਲੱਭਾ ਕੋਈ ਚੰਗਾ....?"

"ਕਿਵੇਂ ਨਾ ਲੱਭੂ...ਪੜ੍ਹਨ ਦੇ ਹਾਲੇ ਗੁੱਡੀ ਨੂੰ ਦਿਲ ਲਾ ਕੇ।"

"ਪੜ੍ਹਦੀ ਰਹੇ, ਮੈਂ ਕੀ ਆਹਨੀਂ ਆਂ ਉਹਨੂੰ...."

"ਤੂੰ ਵੀ ਪੜ੍ਹ ਲੈ ਕੁਝ, ਨਾਮ੍ਹੋ...."

"ਹੁਣ ਕੀ ਪੜ੍ਹਨੈਂ ਮੈਂ....ਉਦੋਂ ਨਾ ਪੜ੍ਹੀ ਜਦੋਂ ਵੇਲ਼ਾ ਸੀ!"

"ਹੁਣ ਕੀ ਹੋਇਐ ਵੇਲ਼ੇ ਨੂੰ, ਤੂੰ ਅੱਜ ਹਾਂ ਕਰ, ਮੈਂ ਕਿਤਾਬਾਂ-ਕਾਪੀਆਂ ਦਾ ਢੇਰ ਲਾ ਦਊਂ।"

"ਮੈਨੂੰ ਤਾਂ ਇੱਲ ਦਾ ਨਾਂ ਕੋਕੋ ਨਹੀਂ ਆਉਂਦਾ....ਮੈਂ ਕੀ ਕਰਨੈਂ, ਕਿਤਾਬਾਂ-ਕਾਪੀਆਂ ਨੂੰ।"



Downloaded from https:// www.studiestoday.com

Downloaded from https:// www.studiestoday.com

ਤਾਰੋ ਨੂੰ ਵੀ ਇੱਲ ਨਾ ਨਾਂ ਕੋਕੋ ਨਹੀਂ ਆਉਂਦਾ। ਬੱਸ ਕੱਚੀ-ਪੱਕੀ ਪਾਸ ਐ, ਐਸ ਤੋਂ ਅੱਗੇ ਨਹੀਂ ਗਈ। ਜੇ ਕਿਤੇ ਪੜ੍ਹ ਜਾਂਦੀ, ਤਾਰੋ....ਪਰ, ਬੰਤਿਆ, ਇਹ ਵੀ ਤਾਂ ਸੋਚ, ਜੇ ਪੜ੍ਹ ਜਾਂਦੀ ਤਾਂ ਤੇਰੇ ਨਾਲ਼ ਵਿਆਹ ਕੌਣ ਕਰਵਾਂਦਾ। ਕਿਉਂ, ਫੇਰ ਕੀ ਸੀ....? ਆਪਾਂ ਨਾ ਪੜ੍ਹ ਲੈਂਦੇ ਹੋਰ? ਹੁਣ ਪੜ੍ਹ ਲੈ, ਸੋਚਦਾ ਕੀ ਐਂ? ਹੁਣ ਨਹੀਂ ਪੜ੍ਹਿਆ ਜਾਂਦਾ, ਵੇਲ਼ਾ ਹੁੰਦਾ ਐ ਪੜ੍ਹਨ-ਲਿਖਣ ਦਾ.... ਵੇਲ਼ਾ ਇੱਕ ਵਾਰ ਹੱਥੋਂ ਨਿਕਲ਼ਿਆ ਹੋਇਆ ਮੁੜ ਨਹੀਂ ਹੱਥ ਆਉਂਦਾ। ਚੰਗਾ ਫੇਰ ਰੋਕ ਦੇ ਰਿਕਸ਼ਾ, ਆ ਗਿਆ ਈ ਰਾਮਾਨੰਦ ਦਾ ਬਾਗ਼-

"ਲੈ ਬਈ, ਫੜ ਰੁਪਇਆ...."

"ਚਾਰ ਆਨੇ ਲੈ ਜਾਓ ਜੀ...."

"ਚੱਲ ਰਹਿਣ ਦੇ, ਰੱਖ ਆਪਣੇ ਕੋਲ਼ ਈ...."

"ਨਹੀਂ, ਜੀ ਇਹ ਤਾਂ...."

ਚੰਗਾ ਬੰਦਾ ਐ, ਬਾਕੀ ਦੇ ਪੈਸੇ ਈ ਨਹੀਂ ਲੈ ਗਿਆ....ਉਂਜ ਹੈ ਰੂਹ ਵਾਲ਼ਾ। ਮੇਰੇ ਵਰਗੇ ਕਈ ਕੰਮ ਕਰਦੇ ਹੋਣਗੇ ਇਹਦੇ ਖੇਤਾਂ ਵਿੱਚ। ਉਹਨਾਂ ਨੂੰ ਵੀ ਇੰਜ ਹੀ ਦਿੰਦਾ ਹੋਊਗਾ, ਖੁੱਲ੍ਹੇ ਗੱਫੇ। ਉਂਜ ਸੱਚੀ ਗੱਲ ਪੁੱਛੇਂ, ਬੰਤਿਆ, ਜੇ ਕੋਈ ਹੱਕ ਤੋਂ ਵੱਧ ਦੇ ਜਾਏ ਤਾਂ ਚੰਗਾ ਜਿਹਾ ਨਹੀਂ ਲੱਗਦਾ ਜੀਅ ਨੂੰ। ਮਨ ਭੂਠਾ ਪੈ ਜਾਂਦੈ, ਜਿਵੇਂ ਕਿਸੇ ਨੇ ਦਾਨ ਦਿੱਤਾ ਹੋਵੇ। ਜਾਂ ਜਿਵੇਂ ਕੋਈ ਕਵ੍ਹੇ....'ਅਹਿ ਲੈ ਫੜ, ਅਹਿ ਵੀ ਚੁੱਕ।' ਐਸ ਤਰ੍ਹਾਂ ਨੀਵਾਂ ਹੋਣਾ ਪੈਂਦੈ ਬੰਦੇ ਨੂੰ। ਕਿਰਤੀ ਨੂੰ ਉਹਦਾ ਹੱਕ ਮਿਲਣਾ ਚਾਹੀਦਾ ਐ, ਹੋਰ ਕੁਝ ਨਹੀਂ। ਕਿਉਂ ਬੰਤਿਆ..... ਹੋਰ ਕੁਝ ਕਿਉਂ ਨਹੀਂ? ਕੀ ਕਹਿੰਦੇ ਹੁੰਦੇ ਐ, ਉਹ....? ਕੌਣ? ਉਹੀ ਕਾਰਖ਼ਾਨਿਆਂ ਵਿੱਚ ਕੰਮ ਕਰਨ ਵਾਲ਼ੇ। ਅੱਛਾ, ਅੱਛਾ....ਬੋਨਸ। ਹਾਂ, ਹਾਂ....ਬੋਨਸ। ਪਰ ਕਮਲ਼ਿਆ, ਖੇਤਾਂ ਵਿੱਚ ਕੰਮ ਕਰਨ ਵਾਲ਼ਿਆਂ ਨੂੰ ਕਾਹਦਾ ਬੋਨਸ ? ਬੱਸ, ਤੇਰੀ ਤਾਂ ਮੱਤ ਈ ਮਾਰੀ ਜਾਂਦੀ ਐ, ਬਾਜ਼ੇ ਵੇਲ਼ੇ।

ਚੱਲ ਮੋੜ ਹੁਣ, ਬੰਤਿਆ, ਰਿਕਸ਼ਾ ਇੱਕ ਪਾਸੇ। ਅੱਗੋਂ ਗੱਡਾ ਆਉਂਦਾ ਈ ਬੋਰੀਆਂ ਨਾਲ਼ ਲੱਦਿਆ ਹੋਇਆ। ਹੁਣ ਕਿੱਧਰ ਚੱਲਣ ਦੀ ਮਰਜ਼ੀ ਐ? ਜਲ੍ਹਿਆਂਵਾਲ਼ੇ ਬਾਗ਼ ਅੱਗੇ ਨਾ ਖੜ੍ਹੇ ਹੋਈਏ ਚੱਲ ਕੇ? ਠੀਕ ਐ, ਤੇਰੀ ਗੱਲ। ਮੋੜ ਰਿਕਸ਼ਾ ਤੇ ਮਾਰ ਪੰਜ-ਸੱਤ ਪੈਡਲ। ਔਹ ਸਾਹਮਣੇ ਈ ਐ ਜਲ੍ਹਿਆਂਵਾਲ਼ਾ ਬਾਗ਼, ਜਿਥੇ ਆਂਹਦੇ ਐ, ਸ਼ਹੀਦਾਂ ਦਾ ਲਹੂ ਡੁੱਲ੍ਹਿਆ ਸੀ, ਵਿਸਾਖੀ ਵਾਲ਼ੇ ਦਿਨ। ਬਹੁਤ ਪਹਿਲਾਂ ਦੀ ਗੱਲ ਐ, ਖ਼ਬਰੇ ਪੰਜਾਹ ਵਰ੍ਹੇ ਹੋ ਗਏ ਐ ਕਿ ਇਸ ਤੋਂ ਵੀ ਵੱਧ। ਅੰਨ੍ਹੇਵਾਹ ਗੋਲ਼ੀ ਚਲਾ ਦਿੱਤੀ ਅੰਗਰੇਜ਼ ਨੇ, ਭੁੰਨ ਦਿੱਤਾ ਇੱਕ-ਇੱਕ ਕਰ ਕੇ ਦੇਸ-ਭਗਤਾਂ ਨੂੰ। ਇੱਕ ਖੂਹ ਹੈ ਇਸ ਬਾਗ਼ ਵਿੱਚ, ਇੱਕ ਪਾਸੇ ਜਿਹੇ। ਉਸ ਵਿੱਚ ਐਨੇ ਲੋਕ ਡਿਗ ਪਏ ਕਿ ਖ਼ੂਨ ਭਰ ਗਿਆ ਨੱਕੋ-ਨੱਕ। ਹੁਣ ਵੀ ਯਾਦ ਕਰੋ ਇਹ ਗੱਲ ਤਾਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਐ। ਕੰਧਾਂ ਉੱਤੇ ਗੋਲ਼ੀਆਂ ਦੇ ਨਿਸ਼ਾਨ ਵੇਖ ਕੇ ਕਈ ਤਰ੍ਹਾਂ ਦੇ ਵਿਚਾਰ ਆਂਦੇ ਐ, ਮਨ ਵਿੱਚ। ਕੀ ਸਮਾਂ ਸੀ ਉਹ! ਉਂਜ ਤਾਂ ਸ਼ਹੀਦਾਂ ਦੀਆਂ ਚਿਤਾਵਾਂ ਉੱਤੇ ਹਰ ਵਰ੍ਹੇ ਮੇਲੇ ਲੱਗਦੇ ਐ, ਪਰ ਇਨ੍ਹਾਂ ਸ਼ਹੀਦਾਂ ਦੀ ਯਾਦਗਾਰ ਨੂੰ ਵੇਖਣ ਰੋਜ਼ ਈ ਸੈਂਕੜੇ ਲੋਕ ਆਂਦੇ ਐ। ਅੱਜ ਸ਼ੌਰੇ ਕੋਈ ਜਲਸਾ ਹੋ ਰਿਹੈ ਅੰਦਰ, ਬੜੇ



Downloaded from https:// www.studiestoday.com

Downloaded from https:// www.studiestoday.com

ਲੋਕ ਜਾ ਰਹੇ ਐ ਦਬਾ-ਦਬ। ਲਾਊਡਸਪੀਕਰ ਦੀ 'ਵਾਜ ਵੀ ਆ ਰਹੀ ਐ, ਦੇਸ-ਪਿਆਰ ਦਾ ਗੀਤ ਲੱਗਾ ਹੋਇਆ ਐ, ਕੋਈ।—

"ਚੱਲ ਬਈ, ਛੇਤੀ..."

'ਕਿੱਧਰ ਨੂੰ ਜੀ....?"

"ਚੌਕ ਬਾਬਾ ਸਾਹਿਬ...."

ਉਹ ਗੱਲ ਕਰਨ ਤੋਂ ਪਹਿਲਾਂ ਈ ਰਿਕਸ਼ਾ ਵਿੱਚ ਬੈਠ ਚੁੱਕਾ ਸੀ। ਬੜਾ ਘਬਰਾਇਆ ਹੋਇਆ ਸੀ, ਉਹ। ਚਾਲ਼ੀ-ਪੰਜਾਹ ਸਾਲ ਦੀ ਉਮਰ ਲੱਗਦੀ ਸੀ, ਉਹਦੀ। ਚਿੱਟੇ ਕੱਪੜੇ ਖੱਦਰ ਦੇ ਤੇ ਸਿਰੋਂ ਨੰਗਾ। ਹੱਥ ਵਿੱਚ ਇੱਕ ਥੈਲਾ ਸੀ, ਉਹਦੇ-

"ਬਈ, ਜਲਦੀ ਚਲਾ ਰਿਕਸ਼ਾ..."

"ਗੱਲ ਕੀ ਐ, ਜੀ? ਬੜੇ ਘਬਰਾਏ ਹੋਏ ਓ।"

"ਮੇਰੇ ਪਿਤਾ ਜੀ ਬਿਮਾਰ ਨੇ, ਬਹੁਤ ਸਖ਼ਤ।"

"ਕੀ ਗੱਲ ਐ, ਉਹਨਾਂ ਨੂੰ?"

"ਅੱਜ ਸਵੇਰੇ ਵੇਸਣ ਵਾਲ਼ੀ ਰੋਟੀ ਖਾਧੀ ਸੀ ਉਹਨਾਂ ਨੇ, ਉਸ ਤੋਂ ਬਾਅਦ ਉਲਟੀਆਂ ਈ ਬੰਦ ਨਹੀਂ ਹੁੰਦੀਆਂ।"

"ਵੇਸਣ ਵਿੱਚ ਕੋਈ ਨੁਕਸ ਹੋਊ, ਜ਼ਰੂਰ।"

"ਕੀ ਪਤਾ ਕਿਸ ਵਿੱਚ ਨੁਕਸ ਐ....ਜਿਹੜਾ ਟੀਕਾ ਲਗਵਾਇਆ ਸੀ, ਸਵੇਰੇ ਛੇਤੀ ਵਿੱਚ, ਡਾਕਟਰ ਕਹਿੰਦਾ ਏ ਕਿ ਉਹ ਅਸਲੀ ਨਹੀਂ ਸੀ, ਨਹੀਂ ਤੇ ਹੁਣ ਤੱਕ ਕਾਫ਼ੀ ਅਰਾਮ ਆ ਜਾਣਾ ਸੀ।"

"ਫੇਰ ਹੁਣ....?"

'ਕੁਝ ਸਮਝ ਨਹੀਂ ਪਈ ਲੱਗਦੀ...."

'ਦਿਲ ਨਾ ਛੱਡੋ ਤੁਸੀਂ...."

"ਨਹੀਂ, ਬਈ, ਦਿਲ ਨਹੀਂ ਛੱਡਦੇ, ਅਸੀਂ..."

"ਕਿੰਨੀ ਕੁ ਉਮਰ ਹੋਊ, ਉਹਨਾਂ ਦੀ....?"

"ਅੱਸੀਆਂ ਤੋਂ ਉੱਪਰ ਹੀ ਹੈ, ਕੁਝ....."

"ਤਾਂ ਤੇ ਫੇਰ ਇਹਨਾਂ ਨੇ ਜਲ੍ਹਿਆਂਵਾਲ਼ੇ ਬਾਗ ਵਿੱਚ ਗੋਲ਼ੀ ਚੱਲਦੀ ਵੇਖੀ ਹੋਊ...."

"ਵੇਖੀ ਹੀ ਨਹੀਂ, ਉਹਨਾਂ ਨੂੰ ਇੱਕ ਗੋਲ਼ੀ ਲੱਗੀ ਵੀ ਸੀ, ਲੱਤ ਵਿੱਚ..."

"ਜੀ....ਜੀ...?"

"ਹਾਂ.... ਪਰ ਇਹ ਤਾਂ ਬਹੁਤ ਪਹਿਲਾਂ ਦੀ ਗੱਲ ਹੈ। ਉਦੋਂ ਤਾਂ ਉਹ ਬਚ ਗਏ ਸਨ, ਪਰ ਹੁਣ....।"



Downloaded from https:// www.studiestoday.com

Downloaded from https:// www.studiestoday.com

ਨਹੀਂ, ਨਹੀਂ....ਬੰਤਿਆ, ਇਹ ਨਹੀਂ ਠੀਕ। ਇੱਕ ਦੇਸ-ਭਗਤ ਇੰਜ ਮਰ ਜਾਏ! ਇਹ ਨਹੀਂ ਹੋਣਾ ਚਾਹੀਦਾ। ਸ਼ਹੀਦਾਂ ਦੀਆਂ ਚਿਤਾਵਾਂ 'ਤੇ ਮੇਲੇ....ਹਰ ਵਰ੍ਹੇ, ਹਰ ਰੋਜ਼ ਠੀਕ ਐ, ਠੀਕ ਐ ਪਰ ਇਹ ਦੇਸ-ਭਗਤ, ਇਹ ਦੇਸ ਨੂੰ ਪਿਆਰ ਕਰਨ ਵਾਲ਼ੇ, ਬੱਸ, ਸੋਚ ਨਾ ਤੂੰ ਕੁਝ, ਬੰਤਿਆ, ਚਲਾਈ ਚੱਲ ਰਿਕਸ਼ਾ—ਤੇਜ਼, ਹੋਰ ਤੇਜ਼।—

"ਨਹੀਂ ਜੀ, ਪੈਸੇ ਲੈਣੇ ਨਹੀਂ ਠੀਕ...."

"ਲੈ ਪਕੜ, ਏਸ ਤਰ੍ਹਾਂ ਨਹੀਂ ਕਰੀਦਾ...."

"ਰਹਿਣ ਦਿਓ, ਜੀ....।"

ਬੰਤਿਆ, ਤੂੰ ਵੀ ਚੱਲ ਮਗਰੇ-ਮਗਰ, ਇਸ ਦੇ। ਕਰ ਆ ਦਰਸ਼ਨ ਉਹਨਾਂ ਦੇ। ਸਵੇਰ ਦਾ ਨਾ ਤੂੰ ਕਿਸੇ ਮੰਦਰ ਗਿਐਂ, ਨਾ ਗੁਰਦੁਆਰੇ। ਵਿਹਲ ਈ ਨਹੀਂ ਮਿਲ਼ਦਾ, ਕਰੇ ਵੀ ਕੀ ਬੰਦਾ? ਹੁਣ ਤਾਂ ਵਿਹਲ ਐ, ਚਲਿਆ ਜਾ ਗਲ਼ੀ ਵਿੱਚ, ਉਸ ਦੇ ਮਗਰੇ-ਮਗਰ। ਪਰ, ਬੰਤਿਆ, ਤੂੰ ਹੈਂ ਕੌਣ? ਕੀ ਹੈਸੀਅਤ ਐ, ਤੇਰੀ? ਕਿਵੇਂ ਜਾਏਂਗਾ ਕਿਸੇ ਦੇ ਘਰ? ਕੱਪੜੇ ਵੇਖ ਆਪਣੇ, ਔਕਾਤ ਵੇਖ ਆਪਣੀ। ਐਵੇਂ ਨਾ ਛਾਲ਼ਾਂ ਮਾਰ ਉੱਚੀਆਂ-ਉੱਚੀਆਂ। ਮੁੜ ਕੇ ਥੱਲੇ ਈ ਡਿਗੇਂਗਾ, ਆ ਕੇ। ਤੇਰੀ ਕਿਸੇ ਨੇ ਬਾਤ ਨਹੀਂ ਪੁੱਛਣੀ। ਤੂੰ ਤੇ ਪਹੀਏ ਵਾਂਗ ਐਂ। ਜਿੰਨਾ ਚਿਰ ਚੱਲਦਾ ਰਹੇਂਗਾ, ਠੀਕ ਐ....ਜਦੋਂ ਰੁਕ ਗਿਆ, ਤੈਨੂੰ ਚੁੱਕ ਕੇ ਖੂੰਜੇ ਵਿਚ ਸੁੱਟ ਦਏਗਾ, ਕੋਈ ਜਣਾ। ਰੁਕ ਨਾ ਕਿਤੇ ਵੀ, ਸੋਚ ਵੀ ਨਾ ਕੁਝ। ਪਾਗਲ ਹੋ ਜਾਏਂਗਾ, ਨਹੀਂ ਤੇ। ਪਰ ਬੰਤਿਆ, ਇਹ ਦੱਸ, ਪਾਗਲ ਕਿਉਂ ਹੋ ਜਾਂਦਾ ਐ, ਬੰਦਾ? ਨਾਲ਼ੇ ਕਿਵੇਂ ਪਤਾ ਲੱਗਦਾ ਐ ਕਿ ਫਲਾਣਾ ਪਾਗਲ ਐ, ਫਲਾਣਾ ਪਾਗਲ ਨਹੀਂ? ਤੂੰ ਕੀ ਲੈਣਾ ਐ, ਇਹ ਪੁੱਛ ਕੇ? ਆਪਣਾ ਕੰਮ ਕਰੀ ਚੱਲ-

"ਭਊ, ਰੋਕੀਂ ਰਿਕਸ਼ਾ...."

"ਜਾਣਾ ਕਿੱਥੇ ਐ, ਤੁਸਾਂ?"

"ਚਾਟੀਵਿੰਡ ਦੇ ਦਰਵਾਜ਼ੇ ਤੀਕ ਈ ਜਾਣਾ ਐ, ਅੱਗੋਂ ਆਪਾਂ ਤਰਨਤਾਰਨ ਦੀ ਬੱਸ ਫੜ ਲਾਂਗੇ।"

"ਸੱਠ ਪੈਸੇ ਲੱਗਣਗੇ, ਸੋਚ ਲਵੋ।"

"ਚੱਲ ਲੈ ਲਵੀਂ ਤੂੰ ਸੱਠ ਪੈਸੇ, ਸੋਚਣ ਵਾਲ਼ੀ ਕਿਹੜੀ ਗੱਲ ਐ, ਇਹ?"

"ਚੰਗਾ ਫੇਰ, ਚੱਲਨੇ ਆਂ, ਰਹੁ ਦਾ ਇੱਕ ਗਲਾਸ ਪੀ ਲਾਂ, ਤੇਹ ਲੱਗ ਗਈ ਐ।"

"ਆਪਾਂ ਵੀ ਪੀ ਲੈਨੇ ਆਂ ਇੱਕ-ਇੱਕ ਗਲਾਸ, ਕਿਉਂ ਮੱਖਣਾ?"

"ਇਹਨਾਂ ਛੂਛੜੀਆਂ ਨਾਲ਼ ਸਾਡਾ ਕੀ ਬਣਨਾ ਐ? ਪਿੰਡ ਚੱਲ ਕੇ ਪੀਆਂਗੇ ਬਾਟੇ ਵਿੱਚ।"

"ਪਿੰਡ ਜਾ ਕੇ ਫੇਰ ਨਾ ਪੀਤੀ ਜਾਊ, ਚੱਲ ਆ ਉਰੇ।"

ਇੱਕ ਗਲਾਸ ਪੀ ਕੇ ਮੈਂ ਇੱਕ ਗਲਾਸ ਹੋਰ ਪੀ ਲਿਆ। ਨਜ਼ਾਰੇ ਆ ਗਏ। ਧੁੱਪ ਵਿੱਚ ਖਲੋ ਕੇ ਰਹੁ ਦਾ ਠੰਢਾ ਗਲਾਸ ਪੀ ਕੇ ਅੱਖਾਂ ਖੁੱਲ੍ਹ ਜਾਂਦੀਐਂ, ਬੰਦੇ ਦੀਆਂ-



Downloaded from https:// www.studiestoday.com

Downloaded from https:// www.studiestoday.com

"ਮਾਰ ਦੇ ਵੀਰ ਹੁਣ ਦੋ ਪੈਡਲ, ਸਾਡੀ ਬੱਸ ਈ ਨਾ ਨਿਕਲ਼ ਜਾਏ।"

"ਮੱਖਣਾ, ਕਿਉਂ ਕਾਹਲ਼ਾ ਪੈਂਦੈਂ? ਖਿੱਚਣ ਦੇ ਸੁ ਮੌਜ ਨਾਲ਼। ਬੱਸਾਂ ਤਾਂ ਜਾਂਦੀਆਂ ਈ ਰਹਿੰਦੀਐਂ, ਆਪਣੇ ਪਿੰਡ ਨੂੰ।"

"ਤਰਨਤਾਰਨੋਂ ਅੱਗੇ ਵੀ ਤਾਂ ਵਾਟ ਐ, ਥੋੜ੍ਹੀ ਜਿਹੀ।"

"ਤਾਂ ਕੀ ਹੋਇਆ, ਜੇਰਾ ਕਰ।"

"ਚੰਗਾ, ਜਿਵੇਂ ਤੇਰੀ ਮਰਜ਼ੀ—ਉਂਜ ਭਊ, ਰੌਣਕਾਂ ਬੜੀਆਂ ਨੇ ਗੁਰੂ ਦੀ ਨਗਰੀ 'ਚ।"

"ਤੂੰ ਵੇਖੀ ਜਾ ਮੱਖਣਾ, ਅੱਗੇ ਤੋਂ ਅੱਗੇ ਪਈ ਐ, ਦੁਨੀਆ।"

"ਸਾਡੇ ਕੋਲ਼ੋਂ ਤਾਂ ਉਹ ਸਾਈਕਲ ਵਾਲ਼ੀ ਈ ਅੱਗੇ ਲੰਘ ਗਈ...."

"ਲੰਘ ਜਾਣ ਦੇ, ਸਾਨੂੰ ਕਾਹਦੀ ਕਾਹਲ਼ ਐ। ਲੈ ਹੁਣ ਆ ਗਿਆ ਈ, ਚਾਟੀਵਿੰਡ....ਬੱਸ ਵੀ ਖੜ੍ਹੀ ਐ ਰੋਡਵੇ ਦੀ....ਚੱਲ ਭੱਜ ਕੇ ਅੱਗੇ ਹੋ, ਮੈਂ ਦੇਨਾਂ ਇਸਨੂੰ ਪੈਸੇ....ਲੈ ਫੜ, ਵੀਰ ਮੇਰਿਆ, ਇੱਕ ਰੁਪਇਆ, ਦੇ-ਦੇ ਬਾਕੀ ਦੇ ਪੈਸੇ....ਛੇਤੀ ਕਰ ਜ਼ਰਾ....ਫੜਾ ਛੇਤੀ ਨਾਲ਼....ਲੈ ਤੁਰ ਪਈ ਊ ਬੱਸ।"

ਕਈਆਂ ਸਵਾਰੀਆਂ ਦੀਆਂ ਗੱਲਾਂ ਸੁਣ ਕੇ ਈ ਚਿੱਤ ਕਰਾਰਾ ਹੋ ਜਾਂਦੈ, ਬੰਤਿਆ। ਬੰਦਾ ਹੋਵੇ ਤਾਂ ਹਸਮੁਖ ਹੋਵੇ....ਇਉਂ ਨਾ ਜਾਪੇ ਜਿਵੇਂ ਰੱਬ ਦੀ ਮਕਾਣੇ ਆਇਆ ਹੋਇਐ—ਹੁਣ ਚੱਲਣਾ ਈ, ਬੰਤਿਆ, ਕਿ ਰੁਕੀਏ ਏਥੇ ਥੋੜ੍ਹਾ ਜਿਹਾ?....ਧੁੱਪ ਕਿੰਨੀ ਨਿੱਘੀ ਲੱਗ ਰਹੀ ਐ, ਠਰੇ ਹੋਏ ਹੱਡਾਂ ਨੂੰ! ਨਿੱਘ ਤਾਂ ਆਪਾਂ ਨੂੰ ਆਉਂਦਾ ਈ ਨਹੀਂ, ਨਾ ਰਾਤੀਂ—ਨਾ ਦਿਨੇਂ। ਹੱਥ ਤਾਂ ਪੂਰੀ ਤਰ੍ਹਾਂ ਸਿੱਧੇ ਈ ਨਹੀਂ ਹੁੰਦੇ ਜਿਵੇਂ। ਲੈ ਹੁਣ ਪਤਾ ਏ ਕੋਈ ਇਹਨਾਂ ਉਂਗਲ਼ਾਂ ਨੂੰ ਕਿ ਧੁੱਪ ਨਿਕਲ਼ੀ ਹੋਈ ਐ। ਉਵੇਂ ਦੀਆਂ ਉਵੇਂ ਈ ਐਂ, ਆਕੜੀਆਂ ਹੋਈਆਂ, ਸੁੱਕੀਆਂ ਲੱਕੜਾਂ ਵਾਂਗ ਈ ਜਾਪਦੀਆਂ ਐਂ। ਖ਼ੁਸ਼ਕੀ ਬੜੀ ਹੋ ਗਈ ਐ, ਹੱਥਾਂ ਨੂੰ। ਥਾਂ-ਥਾਂ ਤੋਂ ਉੱਖੜ ਗਈ ਐ ਚਮੜੀ। ਅਹਿ ਵੇਖ ਨਾ ਕਿਵੇਂ ਮਾਝਾ ਲਾ ਰਿਹਾ ਏ, ਡੋਰ ਨੂੰ। ਇਹਦੇ ਹੱਥ ਵੀ ਮੇਰੇ ਵਰਗੇ ਈ ਨੇ—ਕਾਲ਼ੇ-ਕਾਲ਼ੇ ਤੇ ਸੁੱਕੇ-ਸੁੱਕੇ। ਕਿਰਤੀਆਂ ਦੇ ਹੱਥ ਤਾਂ ਕੰਮ ਕਰਦਿਆਂ ਈ ਸੋਹਣੇ ਲੱਗਦੇ ਐ। ਵੇਖ ਨਾ ਕਿਵੇਂ ਚੱਲ ਰਿਹਾ ਏ ਇਦ੍ਹਾ ਮਾਝੇ ਨਾਲ਼ ਲਿੱਬੜਿਆ ਹੋਇਆ ਹੱਥ, ਡੋਰ ਉੱਤੇ। ਕਿੰਨੀਆਂ ਰੰਗ-ਬਰੰਗੀਆਂ ਡੋਰਾਂ ਨੇ—ਲਾਲ, ਪੀਲ਼ੀਆਂ, ਨੀਲੀਆਂ। ਗੁੱਡੀਆਂ ਦੀ ਰੁੱਤ ਐ ਬਈ, ਬੰਤਿਆ, ਕਿਉਂ ਨਾ ਲੱਗਣ ਡੋਰਾਂ...ਅਹੁ ਆ ਰਹੀਆਂ ਈ ਦੋ ਕਾਕੀਆਂ, ਏਧਰ ਨੂੰ....ਕਿੱਦਾਂ ਦੇ ਕੱਪੜੇ ਪਾਏ ਆ, ਇਹਨਾਂ ਨੇ? ਉਂਜ ਫੱਬਦੇ ਬਹੁਤ ਐ...-

"ਚੱਲਣਾ ਈ, ਚਿੱਤਰਾ ਟਾਕੀ....?"

"ਬੈਠੋ...."

"ਕਿੰਨੇ ਪੈਸੇ...."

"ਜੋ ਮਰਜ਼ੀ ਦੇ ਦੇਣਾ...."

"ਨਹੀਂ, ਪਹਿਲਾਂ ਦੱਸ..."



Downloaded from https:// www.studiestoday.com

Downloaded from https:// www.studiestoday.com

"ਪੰਝੱਤਰ ਪੈਸੇ..."

"ਪੰਜਾਹ ਦੇਵਾਂਗੀਆਂ, ਅੱਗੇ ਏਨੇ ਈ ਦੇਈਦੇ ਨੇ।"

"ਜੋ ਅੱਗੇ ਦੇਂਦੇ ਓ, ਹੁਣ ਦੇ ਦੇਣਾ...."

ਮੈਂ ਉਨ੍ਹਾਂ ਨੂੰ ਬਿਠਾ ਕੇ ਜਦੋਂ ਰਿਕਸ਼ਾ ਚਲਾਣ ਲੱਗਾ ਤਾਂ ਮੈਨੂੰ ਇੰਜ ਜਾਪਿਆ ਜਿਵੇਂ ਖ਼ਾਲੀ ਹੀ ਲਿਜਾ ਰਿਹਾ ਹੋਵਾਂ, ਮੈਂ ਰਿਕਸ਼ਾ। ਉਂਜ ਦੋ ਜਣੀਆਂ ਸਨ ਪਰ ਭਾਰ ਕੁਝ ਵੀ ਨਹੀਂ। ਇਸ ਤਰ੍ਹਾਂ ਦੀਆਂ ਸਵਾਰੀਆਂ ਕੋਲ਼ੋਂ ਤਾਂ ਭਾਵੇਂ ਪੰਜਾਹ ਪੈਸੇ ਈ ਮਿਲ਼ ਜਾਣ ਤਾਂ ਘੱਟ ਨਹੀਂ...ਐਨਾ ਹਲਕਾ ਸਰੀਰ ਵੀ ਕੀ ਹੋਇਆ, ਐਧਰੋਂ ਹਵਾ ਆਈ, ਉੱਧਰ ਲੈ ਗਈ...

"ਜਲਦੀ ਚਲਾ ਰਿਕਸ਼ਾ, ਸਾਨੂੰ ਦੇਰ ਹੋ ਰਹੀ ਏ।"

"ਰੰਜੂ, ਜੇ ਪਿਕਚਰ ਸ਼ੁਰੂ ਹੋ ਗਈ ਤਾਂ ਬਿਲਕੁਲ ਸਵਾਦ ਨਹੀਂ ਆਉਣਾ।"

"ਪਹਿਲਾ ਸੀਨ ਤਾਂ ਬਹੁਤ ਹੀ ਇਮਪਾਰਟੈਂਟ ਹੁੰਦਾ ਏ।"

"ਕਈ ਵਾਰ ਤਾਂ ਪਹਿਲਾਂ ਗਾਣਾ ਈ ਸ਼ੁਰੂ ਹੋ ਜਾਂਦਾ ਏ...."

"ਹਾਏ, ਕਿੰਨੀ ਹੌਲ਼ੀ-ਹੌਲ਼ੀ ਚਲਾਂਦਾ ਏ..."

"ਤੂੰ ਈ ਆ ਗਈ ਏਧਰ, ਨਹੀਂ ਤੇ ਮੈਂ ਤਾਂ ਦੂਸਰੇ ਰਿਕਸ਼ੇ ਵੱਲ ਚੱਲੀ ਸਾਂ।"

"ਮੈਨੂੰ ਕੀ ਪਤਾ ਸੀ....ਹੁਣ ਗੈਲਰੀ ਦੀ ਟਿਕਟ ਨਹੀਂ ਮਿਲਣੀ, ਥੱਲੇ ਹਾਲ ਵਿੱਚ ਈ ਬੈਠਣਾ ਪਊ।"

"ਮੈਂ ਤਾਂ ਨਹੀਂ ਬੈਠਣਾ ਹਾਲ ਵਿੱਚ....।"

"ਮੁੜਨਾ ਨਹੀਂ ਹੁਣ ਅਸੀਂ, ਜਿਹੜੀ ਟਿਕਟ ਮਿਲ਼ ਗਈ...."

"ਸਾਨੂੰ ਡਰੀ ਨਹੀਂ ਮਾਰੀ ਹੋਈ ਕਿਸੇ ਦੀ—ਡਰੇਂਗੀ ਤੇ ਮਰੇਂਗੀ....।"

ਠੀਕ ਈ ਐ, ਬੰਤਿਆ, ਜੇ ਡਰੇਂਗਾ ਤਾਂ ਮਰੇਂਗਾ। ਬੱਸ ਡਰਿਆ ਨਾ ਕਰ ਕਿਸੇ ਕੋਲ਼ੋਂ। ਆਪਾਂ ਅੱਗੇ ਕਿਹੜਾ ਡਰਦੇ ਆਂ ਕਿਸੇ ਕੋਲ਼ੋਂ। ਆਪਣੀ ਮਰਜ਼ੀ ਕਰੀਦੀ ਐ, ਹਮੇਸ਼ਾਂ। ਜੋ ਜੀਅ ਕਰੇ ਖਾਈ-ਪਾਈਦਾ ਐ,ਆਪਾਂ ਰੱਬ ਦੀ ਜੰਞੇ ਆਏ ਹੋਏ ਆਂ! ਕਰਾਂਗੇ ਮੌਜਾਂ। ਹੁਣ ਤਾਂ ਵਕਤ ਈ ਨਹੀਂ ਮਿਲ਼ਦਾ। ਸਾਰਾ ਦਿਨ ਰਿਕਸ਼ਾ ਚਲਾ-ਚਲਾ ਕੇ ਟੁੱਟ ਜਾਂਦਾ ਐ, ਸਰੀਰ। ਰਾਤੀਂ ਰੋਟੀ ਖਾ ਕੇ ਸੌਂ ਜਾਈਦਾ ਐ, ਛੇਤੀ ਈ। ਬੱਚੇ ਤੰਗ ਕਰਨ ਲੱਗ ਪੈਂਦੇ ਐ। ਕੋਈ ਕਹਿੰਦਾ ਐ, 'ਮੈਂ ਅਹਿ ਲੈਣਾ', ਕੋਈ ਕਹਿੰਦਾ ਐ, 'ਮੈਂ ਅਹੁ ਲੈਣਾ'। ਆਪਾਂ ਵੀ ਨਾਂਹ ਨਹੀਂ ਕਰਦੇ। ਦਿਲ ਟੁੱਟ ਜਾਂਦਾ ਐ, ਬੱਚੇ ਦਾ। ਚੀਜ਼ ਭਾਵੇਂ ਲੈ ਕੇ ਦੇਈਏ ਭਾਵੇਂ ਨਾ ਦੇਈਏ, ਪਰ ਨਾਂਹ ਨਹੀਂ ਕਰੀਦੀ, ਆਪਣੇ ਮੂੰਹੋਂ। ਨਾਂਹ ਤਾਂ ਆਪਾਂ ਕਦੀ ਭਲੀ ਲੋਕ ਨੂੰ ਵੀ ਨਹੀਂ ਕੀਤੀ। ਬੱਸ ਲਿੱਸੀ ਈ ਹੋਈ ਜਾਂਦੀ ਐ, ਦਿਨੋ-ਦਿਨ। ਪਤਾ ਨਹੀਂ ਕਾਹਦਾ ਗ਼ਮ ਲੱਗਾ ਹੋਇਐ ਉਸ ਨੂੰ। ਆਪਾਂ ਤਾਂ ਕਦੀ ਨਹੀਂ ਝੂਰਦੇ ਕਿਸੇ ਗੱਲ ਉੱਤੇ। ਜੋ ਤਕਦੀਰ ਵਿੱਚ ਹੈਗਾ ਏ, ਉਹ ਤਾਂ ਮਿਲ਼ ਈ ਜਾਣਾ ਏ, ਫੇਰ ਕਿਉਂ ਬੰਦਾ ਐਵੇਂ ਸੋਚਾਂ ਵਿੱਚ ਪਿਆ ਰਹੇ ? ਰੋਟੀ ਮਿਲ਼ ਈ ਜਾਂਦੀ ਐ, ਔਖੀ-ਸੌਖੀ। ਹਾਂ, ਕੱਪੜੇ ਨਹੀਂ ਬਣਦੇ ਸੌਖ ਨਾਲ਼। ਹੁਣ ਕਿੰਨੇ ਦਿਨਾਂ ਤੋਂ ਭਲੀ ਲੋਕ ਮਗਰ ਪਈ ਹੋਈ ਐ ਕਿ 'ਝੱਗਾ ਪਾਟ ਗਿਐ, ਹੋਰ ਸਵਾ ਦੇ'। ਬਣ



Downloaded from https:// www.studiestoday.com

Downloaded from https:// www.studiestoday.com

ਜਾਏਗਾ ਨਵਾਂ ਝੱਗਾ, ਕੀ ਹੋਇਐ ਪਹਿਲੇ ਨੂੰ? ਇਕ-ਦੋ ਥਾਂਵਾਂ ਤੋਂ ਜ਼ਰਾ ਖੁੱਸਿਆ ਈ ਐ। ਐਨੀ ਗੱਲ ਵਿੱਚ ਤਾਂ ਨਹੀਂ ਨਾ ਸੁੱਟ ਪਾਈਦੀ, ਆਪਣੀ ਚੀਜ਼। ਪਰਸੋਂ ਐਵੇਂ ਟਾਕੀਆਂ ਲਾਈ ਫਿਰੇ—ਦੋ-ਤਿੰਨ ਥਾਂਈਂ। ਉਸ ਦਿਨ ਬੋਲੀ ਈ ਨਹੀਂ, ਮੇਰੇ ਨਾਲ਼। ਨਹੀਂ ਬੋਲਦੀ, ਨਾ ਬੋਲੇ। ਮੇਰੇ ਕੋਲ਼ ਵਿਹਲ ਵੀ ਨਹੀਂ ਬੋਲਣ ਦੀ। ਅਗਲੇ ਦਿਨ ਆਪੇ ਈ ਪੱਜੀਂ-ਪੱਜੀਂ ਗੱਲਾਂ ਕਰਨ ਲੱਗ ਪਈ। ਫਿਰ ਰੋਣ ਲੱਗ ਪਈ ਤੇ ਚੁੱਪ ਈ ਨਾ ਕਰੇ। ਮੈਂ ਕਿਹਾ, 'ਦਿਲ ਰੱਖ, ਮੁੰਡਾ ਵੱਡਾ ਹੋ ਰਿਹੈ, ਛੇਤੀ ਈ ਮੇਰਾ ਹੱਥ ਵਟਾਣ ਜੋਗਾ ਹੋ ਜਾਊ। ਫੇਰ ਨਿਕਲ਼ ਜਾਊ ਘਰ ਦਾ ਦਲਿੱਦਰ।' ਕਹਿਣ ਲੱਗੀ, 'ਅਜੇ ਅੱਜ ਕਿ ਕੱਲ੍ਹ? ਕੀ ਉਮਰ ਐ ਉਸ ਦੀ?' ਠੀਕ ਈ ਕਹਿੰਦੀ ਸੀ, ਉਹ। ਕੀ ਉਮਰ ਐ, ਹਾਲੀ ਉਸ ਦੀ? ਮੈਂ ਉਸ ਨੂੰ ਪੜ੍ਹਾਵਾਂਗਾ—ਚੌਦਾਂ ਜਮਾਤਾਂ। ਮੇਰਾ ਪੁੱਤਰ ਘੱਟ ਤਾਂ ਨਹੀਂ ਕਿਸੇ ਕੋਲ਼ੋਂ ਪੜ੍ਹਨ ਵਿੱਚ। ਪੜ੍ਹੇ, ਜਿੰਨਾ ਉਹਦਾ ਜੀਅ ਕਰਦਾ ਐ। ਮੈਂ ਨਹੀਂ ਰੋਕਣਾ ਉਸ ਨੂੰ, ਪੜ੍ਹਨ ਤੋਂ। ਉਹਦੀ ਜ਼ਿੰਦਗੀ ਸੌਰ ਜਾਏ, ਸਾਡਾ ਕੀ ਐ—

"ਬੱਸ, ਬੱਸ—ਰੋਕ ਦੇ ਏਥੇ ਈ...ਅਹਿ ਲੈ ਰੁਪਇਆ।"

"ਬਾਕੀ ਤਾਂ ਨਹੀਂ ਹੋਣੇ ਮੇਰੇ ਕੋਲ਼।"

"ਤੁੜਾ ਲਿਆ ਕਿਤੋਂ...."

"ਮੈਨੂੰ ਨਹੀਂ ਦੇਣੇ ਕਿਸੇ ਨੇ, ਤੁਸੀਂ ਈ...."

"ਨੀ, ਦੇਖ ਕਿੰਨੇ ਨੇ ਤੇਰੇ ਕੋਲ਼ ਟੁੱਟੇ ਹੋਏ....?"

"ਮੇਰੇ ਕੋਲ਼ ਤਾਂ, ਰੰਜੂ, ਸਿਰਫ਼ ਤੀਹ ਪੈਸੇ ਨੇ...."

"ਅਹਿ ਲੈ, ਪੰਦਰਾਂ ਪੈਸੇ ਮੇਰੇ ਕੋਲ਼ੋਂ ਵੀ ਨਿਕਲ਼ ਆਏ ਈ।"

"ਸਾਡੇ ਕੋਲ ਤਾਂ ਪੰਜਤਾਲ਼ੀ ਪੈਸੇ ਨੇ, ਭਾਈ।"

"ਪੰਜਤਾਲ਼ੀ ਈ ਦੇ ਦਿਓ...ਭਾਨ ਦਾ ਤਾਂ ਤੋੜਾ ਮੁੱਕਦਾ ਈ ਨਹੀਂ।"

ਕਿਸ ਚੀਜ਼ ਦਾ ਤੋੜਾ ਮੁੱਕ ਗਿਐ, ਬੰਤਿਆ? ਚੱਲ ਕੋਈ ਨਹੀਂ, ਐਵੇਂ ਨਾ ਘਬਰਾ ਜਾਇਆ ਕਰ। ਸਾਰੇ ਕੰਮ ਚੱਲਦੇ ਈ ਪਏ ਐ, ਦੁਨੀਆ ਦੇ। ਦੱਸ, ਕਾਰਾਂ ਬੰਦ ਹੋਈਐਂ ਕਿ ਸਿਨਮੇ ਬੰਦ ਹੋਏ ਐ? ਚੀਜ਼ਾਂ ਕਿਤੋਂ ਨਾ ਕਿਤੋਂ ਲੈ ਈ ਆਂਦੇ ਨੇ ਲੋਕ। ਹੁਣ ਭਾਨ ਦੇ ਤੋੜ ਦਾ ਈ ਐ, ਰੁਪਇਆ ਦਿਓ ਤੇ ਨੱਬੇ ਪੈਸੇ ਲਓ, ਔਸ ਹਟਵਾਣੀਏ ਤੋਂ। ਭਾਵੇਂ ਸੌ ਰੁਪਏ ਦਾ ਭਾਨ ਲੈ ਲਵੇ ਕੋਈ। ਕਿਸ ਚੀਜ਼ ਦੀ ਥੁੜ ਐ, ਸਾਡੇ ਮੁਲਖ ਵਿੱਚ? ਸੋਨੇ ਦੀ ਚਿੜੀ ਐਵੇਂ ਤਾ ਨਹੀਂ ਸੀ ਨਾ ਕਹਿੰਦੇ ਹੁੰਦੇ, ਪਹਿਲੇ ਲੋਕ। ਹਾਲੀ ਵੀ ਇਹ ਸੋਨੇ ਦੀ ਚਿੜੀ ਈ ਐ। ਪਾਈ ਜਾਣ ਜਿੰਨਾ ਰੌਲ਼ਾ ਪਾਂਦੇ ਐ ਲੋਕ ਕਿ ਅੰਗਰੇਜ਼ ਸਾਨੂੰ ਲੁੱਟ ਕੇ ਲੈ ਗਏ। ਕਿੰਨਾ ਕੁ ਲੁੱਟ ਲਿਆ ਹੋਊ ਉਹਨਾਂ ਨੇ? ਸਭ ਕੁਝ ਉਂਜ ਦਾ ਉਂਜ ਈ ਪਿਆ ਲੱਗਦਾ ਐ, ਏਥੇ। ਕੀ ਹੋਇਆ ਜੇ ਸਾਡੇ ਕੋਲ਼ ਨਹੀਂ ਬੰਤਿਆ, ਸਾਡੇ ਭਰਾਵਾਂ ਕੋਲ਼ ਤਾਂ ਹੈ।

ਹਾਲ-ਗੇਟ ਉੱਥੋਂ ਨੇੜੇ ਈ ਸੀ। ਗੇਟ ਤੋਂ ਬਾਹਰ ਬੜੇ ਰਿਕਸ਼ੇ ਖੜ੍ਹੇ ਸਨ। ਮੈਂ ਵੀ ਜਾ ਖੜ੍ਹਾ ਕੀਤਾ ਆਪਣਾ ਰਿਕਸ਼ਾ ਉਹਨਾਂ ਦੇ ਕੋਲ਼। ਧੁੱਪ ਚੰਗੀ ਤਿੱਖੀ ਹੋ ਗਈ ਸੀ। ਰੋਜ਼ ਨਾਲ਼ੋਂ ਪਹਿਲਾਂ ਹੀ ਨਜ਼ਰ ਆ ਗਿਆ ਸੀ, ਸੂਰਜ। ਕਈ-ਕਈ ਦਿਨ ਤਾਂ ਦੋ ਵਜੇ ਤੋਂ ਪਹਿਲਾਂ ਸੂਰਜ ਨਜ਼ਰ ਹੀ ਨਹੀਂ



Downloaded from https:// www.studiestoday.com

Downloaded from https:// www.studiestoday.com

ਸੀ ਆਉਂਦਾ, ਧੁੰਦ ਈ ਐਨੀ ਗਾੜ੍ਹੀ ਹੁੰਦੀ ਸੀ ਪਰ ਅੱਜ ਧੁੰਦ ਜਲਦੀ ਖਿੰਡ ਗਈ ਸੀ। ਹਾਲੀ ਤਾਂ ਮਸਾਂ ਸਾਢੇ ਯਾਰਾਂ ਈ ਵੱਜੇ ਸਨ। ਪੰਦਰਾਂ ਪੈਸਿਆਂ ਦੀ ਮੂੰਗਫ਼ਲੀ ਲੈ ਕੇ ਮੈਂ ਰਿਕਸ਼ੇ ਦੀ ਸੀਟ ਉੱਤੇ ਬੈਠ ਗਿਆ। ਧੁੱਪ ਵਿੱਚ ਬੈਠ ਕੇ ਮੂੰਗਫ਼ਲੀ ਖਾਣ ਦਾ ਆਪਣਾ ਈ ਸਵਾਦ ਆ ਰਿਹਾ ਸੀ। ਚੌਕ ਵਿੱਚ ਬੜੀ ਭੀੜ ਹੋ ਗਈ ਸੀ। ਹਰ ਬੰਦਾ ਜਲਦੀ ਵਿੱਚ ਸੀ, ਭਾਵੇਂ ਉਹ ਪੈਦਲ ਸੀ, ਸਾਈਕਲ ਜਾਂ ਸਕੂਟਰ ਉੱਤੇ—ਕਾਰਾਂ, ਬੱਸਾਂ ਨੇ ਤਾਂ ਭਲਾ ਦੌੜਨਾ ਈ ਹੋਇਆ। ਹਾਲ-ਗੇਟ ਤੋਂ ਬਾਹਰ ਅਖ਼ਬਾਰਾਂ ਵਾਲ਼ੀਆਂ ਦੁਕਾਨਾਂ ਉੱਤੇ ਵੀ ਰੌਣਕ ਵਧਦੀ ਜਾ ਰਹੀ ਸੀ। ਕਈ ਤਾਂ ਅਖ਼ਬਾਰ-ਰਿਸਾਲਾ ਲੈ ਕੇ ਛੇਤੀ ਹੀ ਚਲੇ ਜਾਂਦੇ ਪਰ ਕੁਝ ਉੱਥੇ ਖੜ੍ਹੇ -ਖੜ੍ਹੇ ਈ ਪੜ੍ਹੀ ਜਾ ਰਹੇ ਸਨ, ਅਖ਼ਬਾਰ। ਨਾਲ਼ ਈ ਪੁਰਾਣੀਆਂ ਕਿਤਾਬਾਂ ਦੀ ਦੁਕਾਨ ਉੱਤੇ ਲਾਟਰੀ ਦੀਆਂ ਟਿਕਟਾਂ ਲਟਕ ਰਹੀਆਂ ਸਨ। ਕਿੰਨੀਆਂ ਚੰਗੀਆਂ ਲੱਗ ਰਹੀਆਂ ਸਨ, ਉਹ ਰੰਗ-ਬਰੰਗੀਆਂ ਟਿਕਟਾਂ!

ਇੱਕ ਵਾਰ ਮੈਂ ਵੀ, ਬੰਤਿਆ, ਖ਼ਰੀਦੀ ਸੀ, ਏਹੋ-ਜਿਹੀ ਇੱਕ ਟਿਕਟ, ਪਰ ਐਵੇਂ ਰੁਪਇਆ ਈ ਗੁਆਇਆ। ਕੁਝ ਵੀ ਹੱਥ ਪੱਲੇ ਨਹੀਂ ਸੀ ਪਿਆ। ਫੇਰ ਨਹੀਂ ਮੈਂ ਕਦੀ ਲਈ ਟਿਕਟ। ਉਂਜ ਵੀ ਲੱਖ-ਸਵਾ ਲੱਖ ਰੁਪਇਆ ਕਿਨ੍ਹੇ ਦੇਣਾ ਐ, ਗ਼ਰੀਬ ਨੂੰ? ਐਨਾ ਰੁਪਇਆ ਤਾਂ ਅਮੀਰਾਂ ਕੋਲ਼ ਹੀ ਚੰਗਾ ਲੱਗਦੈ। ਉਹਨਾਂ ਨੂੰ ਵੱਲ ਜੋ ਆਇਐ ਸਾਂਭਣ ਦਾ, ਜਾਂ ਖ਼ਰਚਣ ਦਾ।

ਮੇਰੇ ਕੋਲ਼ ਜੇ ਐਨਾ ਰੁਪਇਆ ਆ ਵੀ ਜਾਏ ਤਾਂ ਮੈਂ ਕੀ ਕਰਾਂ? ਕਿਉਂ, ਕਰਨ ਨੂੰ ਕੀ ਐ, ਬੰਤਿਆ? ਆਉਣ ਤਾਂ ਦੇ ਇੱਕ ਵੇਰਾਂ। ਫੇਰ ਵੇਖੀਂ, ਆਪਾਂ ਕਿਵੇਂ ਇਹਦੀਆਂ ਫੱਕੀਆਂ ਉਡਾਂਦੇ ਆਂ। ਪਰ ਦੁੱਖ ਤਾਂ ਇਹੀ ਐ ਕਿ ਆਉਂਦਾ ਕੁਝ ਨਹੀਂ ਸਾਡੇ ਹੱਥ। ਲੈ ਮੂੰਗਫ਼ਲੀ ਵੀ ਮੁੱਕ ਗਈ ਐ। ਲਈਏ ਹੋਰ ਪੰਦ੍ਰਾਂ ਪੈਸਿਆਂ ਦੀ? ਚੱਲ ਰਹਿਣ ਦੇ, ਕੀ ਐਵੇਂ ਖਾਈ ਜਾਣੀ ਐ, ਮੂੰਗਫ਼ਲੀ। ਉਂਜ ਗੱਲ ਤਾਂ ਹੈਰਾਨੀ ਵਾਲ਼ੀ ਐ, ਪਈ ਪੰਦਰ੍ਹਾਂ ਪੈਸਿਆਂ ਦੀ ਮੂੰਗਫ਼ਲੀ ਐਨੀ ਛੇਤੀ ਮੁੱਕ ਗਈ। ਚੜ੍ਹਦੀ ਈ ਨਹੀਂ ਕੁਝ ਵੀ। ਪਿੱਛੇ ਭਾਰਾ ਵੱਟਾ ਪਵੇ, ਤਾਂ ਚੜ੍ਹੇ, ਕੁਝ ਕੁ।

ਹੁਣ ਕਿੱਦਾਂ ਕਰੀਏ, ਬੰਤਿਆ? ਬੈਠੀਏ ਹੋਰ ਕਿ ਚੱਲੀਏ ਕਿਸੇ ਪਾਸੇ ਨੂੰ? ਚੱਲਨੇ ਆਂ ਹੁਣ ਕਿ। ਕਿੱਧਰ ਨੂੰ? ਹਾਲ-ਬਜ਼ਾਰ ਦੇ ਵਿੱਚ ਦੀ ਲੰਘਦੇ ਆਂ। ਐਨੀ ਦੁਨੀਆ ਆ-ਜਾ ਰਹੀ ਐ, ਮਿਲ਼ ਈ ਜਾਊ ਸਵਾਰੀ, ਛੇਤੀ ਈ। ਪਿਛਲੇ ਚੱਕੇ ਵਿੱਚ ਹਵਾ ਜ਼ਰਾ ਘੱਟ ਲੱਗਦੀ ਐ। ਪਰਸੋਂ ਪੈਂਚਰ ਹੋ ਗਿਆ ਸੀ, ਕੀ ਪਤਾ ਉਹੀ ਲੀਕ ਕਰਨ ਲੱਗ ਪਿਆ ਹੋਵੇ। ਨਹੀਂ, ਪੈਂਚਰ ਤਾਂ ਪੱਕਾ ਲਵਾਇਆ ਸੀ, ਉਂਜ ਈ ਹਵਾ ਨਿਕਲ਼ ਗਈ ਹੋਊ, ਥੋੜ੍ਹੀ ਕੁ। ਏਥੋਂ ਨਹੀਂ ਭਰਦੇ ਹਵਾ, ਇਹ ਪੰਜ ਪੈਸੇ ਮੰਗ ਲੈਂਦਾ ਐ, ਭਾਵੇਂ ਬੰਦਾ ਆਪ ਈ ਭਰੇ ਹਵਾ। ਬਾਜ਼ੇ ਦੁਕਾਨਦਾਰ ਵੀ ਬੜੇ ਬੇਲਿਹਾਜ਼ੇ ਹੁੰਦੇ ਐ। ਅਹੁ ਪਰੇ ਮੋੜ ਦੇ ਨਾਲ਼ ਈ ਐ ਨਾ ਦੁਕਾਨ ਮੀਤੇ ਦੀ, ਉੱਥੋਂ ਭਰਾਂਗੇ ਹਵਾ। ਆਦਮੀ ਚੰਗਾ ਐ, ਉਹ। ਕਈ ਵੇਰਾਂ ਛੋਟਾ-ਮੋਟਾ ਕੰਮ ਕਰ ਦੇਵੇ ਤਾਂ ਪੈਸੇ ਈ ਨਹੀਂ ਲੈਂਦਾ। ਊਂ ਵੀ ਉਧਾਰ ਕਰ ਲਈਦਾ ਐ, ਉਹਦੇ ਨਾਲ਼, ਕਈ ਵਾਰੀ। ਕੰਮ ਵੀ ਚੰਗਾ ਕਰਦਾ ਐ, ਠਈਆ-ਠੱਪਾ ਨਹੀਂ ਕਰਦਾ-

"ਆਓ ਜੀ—ਆਓ।"

"ਜਲ੍ਹਿਆਂਵਾਲ਼ੇ ਬਾਗ਼...."



Downloaded from https:// www.studiestoday.com

Downloaded from https:// www.studiestoday.com

"ਪੰਝੱਤਰ ਪੈਸੇ...."

"ਚੱਲ ਵਗਦਾ ਜਾ...."

"ਤੁਸੀਂ ਕੀ ਦੇਣਾ ਐ...?"

ਚੱਲ, ਜਾਹ ਫੇਰ। ਗੱਲ ਮੇਰੇ ਨਾਲ ਕਰ ਰਿਹੈ, ਬੁਲਾ ਉਸ ਰਿਕਸ਼ਾ ਨੂੰ ਲਿਆ ਸੂ। ਉਹ ਤੈਨੂੰ ਮੁਫ਼ਤ ਤਾਂ ਨਹੀਂ ਲੈ ਜਾਊ, ਪੰਜ-ਦਸ ਘੱਟ ਲੈ ਲਊ, ਹੋਰ ਕੀ? ਆਪਾਂ ਵੀ ਪੰਜਾਹ-ਸੱਠ ਪੈਸੇ ਲੈ ਈ ਲੈਣੇ ਸੀ। ਫੇਰ ਕੀ ਐ....? ਹੁਣੇ ਈ ਮਿਲ਼ ਜਾਊ ਹੋਰ ਸਵਾਰੀ। ਪਹਿਲਾਂ ਹਵਾ ਭਰ ਲਾਂ ਪਿਛਲੇ ਚੱਕੇ ਵਿੱਚ। ਰੋਕ ਦੇ ਰਿਕਸ਼ਾ। ਚੁੱਕ ਲੈ ਪੰਪ। ਇੱਕ, ਦੋ, ਪੰਜ, ਸੱਤ.... ਦਸ। ਬੱਸ, ਬੱਸ....ਬੜੀ ਐ ਹਵਾ। ਹੋਰ ਨਾ ਮਾਰੀਂ ਪੰਪ, ਕਿਤੇ ਪਟਾਕਾ ਈ ਨਾ ਪੈ ਜਾਏ। ਹੋਰ ਲੈਣੀਆਂ ਦੀਆਂ ਦੇਣੀਆਂ ਪੈ ਜਾਣ। ਰੱਖ ਦੇ ਪੰਪ। ਮੋੜ ਲੈ ਰਿਕਸ਼ਾ, ਪਿੱਛੇ ਨੂੰ। ਖੜ੍ਹ ਜਾ ਐਥੇ, ਥੋੜ੍ਹੀ ਦੇਰ। ਬੜੀਆਂ ਗਲ਼ੀਆਂ ਨੇ ਐਥੇ, ਕੋਲ਼-ਕੋਲ਼। ਮਿਲ਼ ਜਾਊ ਹੁਣੇ ਈ ਕੋਈ ਨਾ ਕੋਈ ਸਵਾਰੀ। ਲੈ, ਅਹੁ ਆਈਆਂ ਈ ਦੋ ਜਣੀਆਂ ਗਲ਼ੀ ਵਿੱਚੋਂ, ਐਨੀ ਠੰਢ ਵਿੱਚ, ਸਾੜ੍ਹੀਆਂ ਬੰਨ੍ਹ ਕੇ। ਇਹਨਾਂ ਨੂੰ ਠੰਢ ਨਹੀਂ ਲੱਗਦੀ ਹੋਊ? ਨਾ ਈ ਲੱਗਦੀ ਹੋਊ ਨਾ! ਉੱਪਰੋਂ ਤਾਂ ਇਹਨਾਂ ਨੇ ਵਾਹਵਾ ਭਾਰੇ ਸ਼ਾਲ ਲੀਤੇ ਹੋਏ ਐ, ਬੂਟੀਆਂ ਵਾਲ਼ੇ। ਇੱਕੋ-ਜਿਹੀਆਂ ਈ ਐ ਦੋਵੇਂ ਜਣੀਆਂ, ਭਾਰੀਆਂ-ਭਾਰੀਆਂ।

"ਵੇ ਭਾਈ, ਚੱਲੇਂਗਾ, ਗੁਰੂ ਬਜ਼ਾਰ?"

"ਲੈ ਚੱਲਨੇ ਆਂ, ਜੀ।"

"ਕਿੰਨੇ ਪੈਸੇ....?"

"ਕਿੱਥੇ ਉੱਤਰੋਗੇ....?"

"ਚੁਰੱਸਤੀ ਅਟਾਰੀ ਤੋਂ ਉਰ੍ਹਾਂ...."

"ਚੰਗਾ ਜੀ....ਬੈਠੋ।"

"ਪਹਿਲਾਂ ਪੈਸੇ ਦੱਸ...."

"ਰੁਪਇਆ ਦੇ ਦੇਣਾ..."

"ਹੈਂ ਰੁਪੱਈਆ....? ਕੋਈ ਰਾਹ ਦੀ ਗੱਲ ਕਰ।"

"ਚਲ ਛੱਡ ਲਾਜੋ, ਅੱਗੋਂ ਹੋਰ ਰਿਕਸ਼ਾ ਮਿਲ਼ ਜਾਵੇਗਾ।"

"ਤੁਸੀਂ ਕੀ ਦੇਂਦੇ ਓ?"

"ਪੰਜਾਹ ਪੈਸੇ...."

"ਪੰਝੱਤਰ ਪੈਸੇ ਦੇ ਦਿਓ....।"

"ਨੀ ਚੱਲ, ਇਹਦੀ ਨਹੀਂ ਮਰਜ਼ੀ, ਜਾਣ ਦੀ।"

"ਮਰਜ਼ੀ ਕਿਉਂ ਨਹੀਂ ਜੀ ? ਠੀਕ ਈ ਮੰਗੇ ਆ ਮੈਂ।"

"ਸੱਠ ਪੈਸੇ ਲੈਣੇ ਈ....?"



Downloaded from https:// www.studiestoday.com

Downloaded from https:// www.studiestoday.com

"ਨੀ, ਰਹਿਣ ਦੇ ਤੂੰ। ਅਸੀਂ ਤਾਂ ਇੱਕ ਪੈਸਾ ਵੀ ਵੱਧ ਨਹੀਂ ਦੇਣਾ। ਕਈ ਵਾਰ ਜਾਈਦਾ ਐ। ਇਹ ਤਾਂ ਨਹੀਂ ਪਈ ਅੱਜ ਈ ਜਾਣ ਲੱਗੇ ਆਂ। ਕੋਈ ਨਵੇਂ ਨਹੀਂ ਆਏ ਏਥੇ। ਹਾਲੀ ਪਰਸੋਂ ਪੰਜਾਹ ਪੈਸੇ ਦੇ ਕੇ ਗਈ ਸੀ ਮੈਂ।"

"ਲਾਜੋ, ਉਹ ਵੇਖ ਇੱਕ ਹੋਰ ਰਿਕਸ਼ਾ ਆ ਰਿਹਾ ਏ, ਏਧਰ।"

"ਚਲੋ, ਬੈਠੋ"

ਮੈਂ ਉਹਨਾਂ ਨੂੰ ਬਿਠਾ ਲਿਆ। ਇੱਕ ਹੋਰ ਰਿਕਸ਼ੇ ਵਾਲ਼ਾ ਆ ਰਿਹਾ ਸੀ ਇੱਧਰ। ਮੈਂ ਸੋਚਿਆ ਕਾਹਨੂੰ ਸਵਾਰੀ ਗਵਾਣੀ ਐ ਹੱਥੋਂ। ਉਂਜ ਘੱਟ ਸਨ ਪੈਸੇ, ਪਰ ਇਸ ਤੋਂ ਵੱਧ ਇਹਨਾਂ ਨੇ ਦੇਣੇ ਵੀ ਨਹੀਂ ਸਨ। ਇਹ ਮੈਨੂੰ ਚੰਗੀ ਤਰ੍ਹਾਂ ਪਤਾ ਸੀ। ਏਨੀ ਗੱਲ-ਬਾਤ ਵੀ ਨਾ ਕਰੀਏ ਤਾਂ ਐਹੋ -ਜਿਹੀ ਸਵਾਰੀ ਦੀ ਤਸੱਲੀ ਵੀ ਨਹੀਂ ਹੁੰਦੀ। ਹਰ ਤਰ੍ਹਾਂ ਦੇ ਬੰਦੇ ਨਾਲ਼ ਵਾਹ ਪੈਂਦਾ ਐ, ਸਾਡਾ। ਆਦਮੀ ਨਾਲ਼ ਹੋਵੇ ਤਾਂ ਜੋ ਮਰਜ਼ੀ ਐ, ਮੰਗ ਲਵੋ—ਪਰ ਜਦੋਂ ਸਿਰਫ਼ ਜ਼ਨਾਨੀਆਂ ਹੋਣ ਤਾਂ ਮਜਾਲ ਐ, ਇੱਕ ਪੈਸਾ ਵੀ ਵੱਧ ਦੇ ਜਾਣ। ਵੱਧ ਕੀ, ਪੂਰੀ ਮਜ਼ਦੂਰੀ ਵੀ ਨਹੀਂ ਮਿਲ਼ਦੀ। ਸੋਚੀਦਾ ਐ, ਕਿਤੋਂ ਵੱਧ, ਕਿਤੋਂ ਘੱਟ— ਗੱਲ ਉੱਥੇ ਈ ਆ ਜਾਂਦੀ ਐ-

"ਨੀ ਲਾਜੋ, ਮੈਂ ਤਾਂ ਸਿਰਫ਼ ਕੁੜੀ ਵੇਖਣੀ ਊ, ਸੋਹਣੀ ਹੋਵੇ।"

"ਤੂੰ ਯਕੀਨ ਕਰ ਮੇਰੀ ਗੱਲ ਦਾ, ਭੈਣੇ...ਕੁੜੀ ਹੱਥ ਲਾਇਆਂ ਮੈਲ਼ੀ ਹੁੰਦੀ ਊ।"

"ਮੇਰਾ ਮੁੰਡਾ ਵੀ ਘੱਟ ਨਹੀਂ, ਰੱਜ ਕੇ ਸੋਹਣਾ ਏ।"

"ਤਦੇ ਤਾਂ ਮੈਂ ਕਹਿੰਦੀ ਆਂ ਕਿ ਜੋੜੀ ਬੜੀ ਫਬੇਗੀ।"

"ਉਹਨਾਂ ਨੂੰ ਕਹਿ ਦੇਈਂ, ਪਈ ਬਹੁਤਾ ਪੜ੍ਹਾਣ ਨਾ ਕੁੜੀ ਨੂੰ।"

"ਬੀ.ਏ. ਵਿੱਚ ਪੜ੍ਹਦੀ ਏ— ਪਤਾ ਨਹੀਂ ਪਹਿਲੇ ਸਾਲ ਵਿੱਚ ਏ ਕਿ ਦੂਸਰੇ ਵਿੱਚ, ਮੈਨੂੰ ਤਾਂ ਇਹ ਗੱਲਾਂ ਯਾਦ ਹੀ ਨਹੀਂ ਰਹਿੰਦੀਆਂ।"

"ਉਹਨਾਂ ਨੂੰ ਕਵ੍ਹੀਂ ਕਿ ਉਠਾ ਲੈਣ ਕੁੜੀ ਨੂੰ ਪੜ੍ਹਨੋਂ, ਅਸਾਂ ਨਹੀਂ ਪੜ੍ਹਾਣਾ ਬਹੁਤਾ— ਜਿੰਨਾ ਪੜ੍ਹ ਲਿਆ ਏ, ਓਨਾ ਠੀਕ ਏ।"

"ਪਰ ਭੈਣ, ਵਿਆਹ ਤਾਂ ਹਾਲੀ ਸਾਲ-ਦੋ ਸਾਲ ਠਹਿਰ ਕੇ ਈ ਕਰਨਾ ਏ, ਪੜ੍ਹਦੀ ਰਹਿਣ ਦੇ ਸੂ— ਕਾਲਜੋਂ ਕਾਹਨੂੰ ਉਠਾਲਣਾ ਹੋਇਆ?"

"ਨਾ ਅੜੀਏ, ਅਸਾਂ ਆਉਂਦੇ ਸਾਲ ਨੂੰ ਵਿਆਹ ਕਰ ਦੇਣਾ ਏ, ਦੋ ਸਾਲ ਨਹੀਂ ਉਡੀਕਣੇ ਅਸਾਂ— ਇਹ ਗੱਲ ਪਹਿਲਾਂ ਖੋਲ੍ਹ ਲਵੀਂ।"

"ਕੁੜੀ ਨਹੀਂ ਮੰਨਦੀ, ਉਹ ਕਹਿੰਦੀ ਏ, ਮੈਂ ਬੀ.ਏ. ਕਰ ਕੇ ਈ ਵਿਆਹ ਕਰਾਣਾ ਏ।"

"ਮੰਨ ਜਾਊਗੀ ਕੁੜੀ, ਕਰਨਾ ਵੀ ਕੀ ਸੂ ਬਹੁਤਾ ਪੜ੍ਹ ਕੇ।"

"ਨਾਲ਼ੇ ਭੈਣ, ਮਹੇਸ਼ੀ ਵੀ ਹਾਲੇ ਛੋਟਾ ਈ ਏ, ਦੋ ਸਾਲ ਹੋਰ ਵੀ ਠਹਿਰ ਜਾਵੇ, ਤਾਂ ਕੀ ਏ..."



Downloaded from https:// www.studiestoday.com

Downloaded from https:// www.studiestoday.com

"ਛੋਟਾ ਕਿੱਥੇ ਵੇ, ਅਠਾਰ੍ਹਵਾਂ ਲੱਗ ਗਿਆ ਏ ਉਹਨੂੰ— ਉਹਦਾ ਭਾਈਆ ਜਦੋਂ ਏਨੀ ਉਮਰ ਦਾ ਸੀ ਤਾਂ ਸਾਡੇ ਘਰ ਮਹੇਸ਼ੀ ਆ ਗਿਆ ਸੀ।"

"ਨੀ, ਉਦੋਂ ਜ਼ਮਾਨਾ ਹੋਰ ਸੀ, ਹੁਣ ਹੋਰ ਐ।"

"ਨਾਲ਼ੇ ਗੱਲ ਸੁਣ, ਮੈਂ ਕੁੜੀ ਨੂੰ ਗਹਿਣਾ ਵੀ ਬੜਾ ਪਾਣਾ ਏ— ਜੜਾਊ ਹਾਰ, ਬਾਰਾਂ ਵੰਗਾਂ, ਹੀਰੇ ਦੀ ਮੁੰਦਰੀ, ਦੋ ਸੈੱਟ..."

"ਉਹਨਾਂ ਵੀ ਘੱਟ ਨਹੀਂ ਕਰਨੀ, ਅੜੀਏ, ਬੜਾ ਕੁਝ ਦਿੱਤਾ ਹੋਇਆ ਏ ਭਗਵਾਨ ਨੇ, ਉਹਨਾਂ ਨੂੰ।"

"ਫੇਰ ਵੀ, ਕੀ-ਕੀ ਦੇਣਗੇ ਉਹ? ਦੇਣਾ ਤਾਂ ਜੋ ਵੀ ਏ ਉਹਨਾਂ ਨੇ ਆਪਣੀ ਧੀ ਨੂੰ ਦੇਣਾ ਏਂ, ਉਂਜ ਜੇ ਚੰਗਾ ਕਰ ਦਏ ਕੋਈ ਧੀ-ਪੁੱਤ ਦਾ ਕਾਰਜ, ਤਾਂ ਸੋਭਾ ਹੋ ਜਾਂਦੀ ਏ, ਲੋਕਾਂ ਵਿੱਚ— ਹੋਰ ਕੀ।"

ਬੰਤਿਆ, ਗੱਲ ਤਾਂ ਸੋਭਾ ਦੀ ਈ ਐ। ਇਸ ਤੋਂ ਬਗ਼ੈਰ ਵੀ ਕੋਈ ਜ਼ਿੰਦਗੀ ਐ, ਬੰਦੇ ਦੀ! ਜਿੰਨਾ ਬਹੁਤਾ ਦਿਓ, ਓਨਾ ਹੀ ਬਹੁਤਾ ਆਉਂਦਾ ਐ। ਪੜ੍ਹਨ-ਲਿਖਣ ਦਾ ਕੀ ਐ, ਏਧਰੋਂ ਯਾਦ ਕੀਤਾ, ਉੱਧਰੋਂ ਭੁੱਲ ਗਿਆ— ਪੱਲੇ ਤਾਂ ਕੁਝ ਨਹੀਂ ਨਾ ਪੈਂਦਾ। ਹੀਰੇ -ਮੋਤੀ ਭੱਜੇ ਥੋੜ੍ਹਾ ਜਾਂਦੇ ਐ। ਇਹਨਾਂ ਵਿੱਚ ਬੜੀ ਖਿੱਚ ਹੁੰਦੀ ਐ। ਜਿੱਥੇ ਬਹੁਤੇ ਹੋਣ, ਉੱਥੇ ਹੋਰ ਆ ਜਾਂਦੇ ਐ, ਦੌੜਦੇ ਹੋਏ। ਸਾਂਭਣ ਦੀ ਜਾਚ ਹੋਣੀ ਚਾਹੀਦੀ ਐ, ਬੰਦੇ ਨੂੰ। ਪੜ੍ਹੇ ਤਾਂ ਉਹ ਜਿਹਨੂੰ ਹੋਰ ਕੋਈ ਕੰਮ ਨਹੀਂ ਆਉਂਦਾ। ਠੀਕ ਐ ਨਾ, ਬੰਤਿਆ? ਕੋਈ ਗ਼ਲਤ ਤਾਂ ਨੀ ਕਿਹਾ ਮੈਂ?—

"ਲਾਜੋ, ਜੇ ਮੈਨੂੰ ਇਹ ਕੁੜੀ ਪਸਿੰਦ ਆ ਗਈ ਤਾਂ ਮੈਂ ਮੁੰਦਰੀ ਪਾ ਦੇਣੀ ਏ, ਉਹਨੂੰ...."

"ਨਹੀਂ, ਹਾਲੀ ਤੂੰ ਵੇਖ ਲਵੀਂ—ਫੇਰ ਉਹ ਮੁੰਡੇ ਨੂੰ ਵੇਖਣਗੇ....।"

"ਲੈ ਮੁੰਡੇ ਵੀ ਕਦੀ ਕਿਸੇ ਨੇ ਵੇਖੇ ਐ? ਮੁੰਡੇ ਤਾਂ ਹੀਰੇ ਹੁੰਦੇ ਨੇ, ਹੀਰੇ।"

"ਮੈਂ ਤਾਂ ਉਹਨਾਂ ਨੂੰ ਕਿਹਾ ਸੀ, ਪਈ ਮੁੰਡਾ ਮੁੰਡਿਆਂ ਵਰਗਾ ਏ, ਸੋਹਣਾ ਗੱਭਰੂ ਏ...।"

"ਲੈ ਮੇਰਾ ਮਹੇਸ਼ੀ ਕੋਈ ਘੱਟ ਏ ਕਿਸੇ ਕੋਲੋਂ। ਕੋਈ ਐਬ ਨਹੀਂ ਉਹਨੂੰ—ਸਿਗਰਟ ਨੂੰ ਵੀ ਕਦੀ ਹੱਥ ਨਹੀਂ ਲਾਇਆ। ਹਾਂ, ਹਰ ਐਤਵਾਰ ਨੂੰ ਉਹ ਸਿਨਮੇ ਜ਼ਰੂਰ ਜਾਂਦਾ ਏ। ਇਹ ਤਾਂ ਨਹੀਂ ਨਾ ਕੋਈ ਐਬ...।"

"ਇਹ ਕਾਹਦਾ ਐਬ ਏ, ਭੈਣ, ਪਰ ਜ਼ਮਾਨਾ ਬਦਲ ਗਿਆ ਏ, ਹੁਣ। ਤੂੰ ਤਾਂ ਕਰਦੀ ਏਂ ਆਪਣੇ ਵੇਲ਼ੇ ਦੀਆਂ ਗੱਲਾਂ। ਵੇਖ ਬੁਰਾ ਨਾ ਮਨਾਈਂ—ਕੁੜੀ ਨੇ ਵੀ ਵੇਖਣਾ ਈ, ਮੁੰਡਾ।"

"ਹੈਂ ! ਕੁੜੀ ਨੇ? ਇਹ ਨਹੀਂ ਹੋਣਾ ਕਦੀ ਵੀ। ਕਦੀ ਸੁਣਿਆ ਏ ਏਸ ਤਰ੍ਹਾਂ ਹੁੰਦਾ....?"

"ਸਭ ਕੁਝ ਹੁੰਦਾ ਏ, ਭੈਣ, ਅੱਜ-ਕੱਲ੍ਹ। ਸਾਡਾ ਵੇਲ਼ਾ ਲੰਘ ਗਿਆ। ਅਸੀਂ ਤਾਂ ਵਿਆਹ ਤੋਂ ਪਿੱਛੋਂ...."

"ਵਿਆਹ ਤੋਂ ਪਿੱਛੋਂ ਭਾਵੇਂ ਉਹ ਜਿੱਥੇ ਮਰਜ਼ੀ ਐ ਜਾਣ-ਆਣ, ਖਾਣ-ਪੀਣ, ਪਰ ਪਹਿਲਾਂ ਤਾਂ ਨਹੀਂ ਨਾ ਚੰਗਾ ਲੱਗਦਾ....?"



Downloaded from https:// www.studiestoday.com

Downloaded from https:// www.studiestoday.com

"ਪੜ੍ਹੀਆਂ-ਲਿਖੀਆਂ ਕੁੜੀਆਂ ਨਹੀਂ ਨਾ ਲੱਗਦੀਆਂ ਆਖੇ, ਮਾਪਿਆਂ ਦੇ। ਉਹ ਤਾਂ ਸਗੋਂ ਕਹਿੰਦੀ ਸੀ ਕਿ...?"

"ਲਾਜੋ, ਮੇਰਾ ਨਹੀਂ ਜੀਅ ਬੱਝਦਾ ਏਥੇ। ਤੂੰ ਹੁਣ ਲੈ ਚੱਲੀ ਏਂ, ਤਾਂ ਮੈਂ ਵੇਖ ਆਉਂਦੀ ਆਂ। ਪਰ ਮੈਨੂੰ ਤਾਂ ਉਹ ਕੁੜੀ ਚਾਹੀਦੀ ਏ ਜਿਹੜੀ ਆਖੇ ਵਿੱਚ ਹੋਵੇ, ਮਾਪਿਆਂ ਦੇ। ਉਹ ਕੋਈ ਦੁਸ਼ਮਣ ਤਾਂ ਨਹੀਂ ਧੀਆਂ-ਪੁੱਤਰਾਂ ਦੇ, ਜੋ ਕਰਦੇ ਐ, ਸੋਚ-ਸਮਝ ਕੇ ਈ ਕਰਦੇ ਐ—।"

"ਭੈਣ, ਤੂੰ ਐਵੇਂ ਦਿਲ ਨਾ ਛੱਡ। ਕੁੜੀ ਬੜੀ ਈ ਸੋਹਣੀ ਐ। ਨਾਲੇ ਦੇਣਗੇ ਵੀ ਬੜਾ। ਵੀਹ-ਪੰਝੀ ਹਜ਼ਾਰ ਤਾਂ ਨਕਦ ਵੀ ਰੱਖਣਗੇ—ਭਾਵੇਂ ਵੱਧ ਈ ਰੱਖ ਦੇਣ, ਕੋਈ ਘਾਟ ਨਹੀਂ ਉੱਥੇ....।"

"ਪਰ ਇਹ ਜਿਹੜੀ ਵੇਖਣ-ਵਖਾਣ ਵਾਲ਼ੀ ਗੱਲ ਐ, ਇਹ ਮੈਨੂੰ ਉੱਕਾ ਈ ਚੰਗੀ ਨਹੀਂ ਲੱਗਦੀ...।"

"ਇਹਦੇ ਵਿਚ ਕੀ ਐ? ਵੇਖ ਲਵੇ ਕੁੜੀ ਵੀ ਮੁੰਡੇ ਨੂੰ, ਫੇਰ ਕੀ ਐ—?"

"ਉਂਜ ਤਾਂ ਕੁਝ ਨਹੀਂ, ਲਾਜੋ, ਕਿਸੇ-ਕਿਸੇ ਵੇਲ਼ੇ ਕਾਕਾ ਆਪਣੀ ਇੱਕ ਅੱਖ ਜ਼ਰਾ ਭੁਆਂ ਲੈਂਦਾ ਏ, ਬੜਾ ਮਾਮੂਲੀ ਜਿਹਾ ਟੀਰ...."

"ਇਹ ਵੀ ਕੋਈ ਨੁਕਸ ਏ? ਅੱਬਲ ਤਾਂ ਕਿਸੇ ਨੂੰ ਪਤਾ ਈ ਨਹੀਂ ਲੱਗਣਾ, ਨਹੀਂ ਤੇ ਉਹਨੂੰ ਕਵ੍ਹਾਂਗੇ, ਪਈ ਧੁੱਪ ਵਾਲ਼ੀ ਐਨਕ ਲਾ ਕੇ ਜਾਵੇ...."

"ਅੱਜ-ਕਲ੍ਹ ਤਾਂ ਨਹੀਂ ਨਾ ਲੱਗ ਸਕਦੀ ਧੁੱਪ ਵਾਲ਼ੀ ਐਨਕ—ਐਨੀ ਸਰਦੀ ਵਿੱਚ...."

"ਲੈ, ਲੱਗ ਕਿਉਂ ਨ੍ਹੀਂ ਸਕਦੀ—ਕੁੜੀ ਐਨੇ ਫ਼ੈਸ਼ਨ ਕਰਦੀ ਏ ਤਾਂ ਮੁੰਡਾ ਨਹੀਂ ਕਰ ਸਕਦਾ? ਫੇਰ ਭੈਣ, ਇਹ ਵੀ ਤਾਂ ਹੋ ਸਕਦਾ ਏ ਕਿ ਅਸੀਂ ਮੁੰਡਾ ਵਿਖਾਈਏ ਈ ਗਰਮੀਆਂ ਵਿੱਚ...."

"ਐਨਾ ਚਿਰ ਉਡੀਕ ਲੈਣਗੇ ਉਹ, ਲਾਜੋ...?"

"ਤੇ ਹੋਰ ਕੀ....? ਮੈਂ ਕਹਿਦਾਂਗੀ ਮੁੰਡਾ ਬੰਬਈ ਗਿਆ ਹੋਇਆ ਏ। ਉੱਥੇ ਵੀ ਕੰਮ ਸ਼ੁਰੂ ਕਰਨ ਦਾ ਵਿਚਾਰ ਏ—।"

"ਅਹਿ ਚੰਗੀ ਸਕੀਮ ਐ, ਤੇਰੀ।"

ਠੀਕ ਐ, ਬੰਤਿਆ, ਸਕੀਮ ਚੰਗੀ ਈ ਹੋਣੀ ਚਾਹੀਦੀ ਐ। ਐਵੇਂ ਤਾਂ ਨਹੀਂ ਨਾ ਕੋਈ ਗੱਲ ਬਣਦੀ। ਪਹਿਲਾਂ ਸਕੀਮ ਬਣੇ, ਤਾਂ ਈ ਗੱਲ ਤੁਰਦੀ ਐ, ਅੱਗੇ। ਅੱਛਾ, ਇਹਨਾਂ ਦੀ ਗੱਲ ਛੱਡ, ਆਪਣੀ ਕਰ। ਠਹਿਰ ਜ਼ਰਾ, ਕਰਦੇ ਆਂ ਆਪਣੀ ਗੱਲ, ਪਹਿਲਾਂ ਇਹਨਾਂ ਨੂੰ ਉਤਾਰ ਲਈਏ। ਪੈਸੇ ਤਾਂ ਟੁੱਟੇ ਹੋਏ ਈ ਮਿਲ਼ ਗਏ ਐ। ਇਹ ਵੀ ਚੰਗਾ ਹੋਇਆ। ਇਹ ਪੰਜਾਹ ਵੀ ਸੱਠਾਂ ਵਰਗੇ ਐ। ਅੱਛਾ ਹੁਣ ਕਿੱਧਰ ਚੱਲਣੈਂ? ਚੱਲ, ਚੁਰੱਸਤੀ ਅਟਾਰੀ ਦੇ ਚੌਕ ਵਿੱਚ ਖੜ੍ਹੇ ਹੁੰਦੇ ਆਂ, ਚੱਲ ਕੇ। ਦੁਕਾਨਾਂ ਵੀ ਖੁੱਲ੍ਹਣ ਲੱਗ ਪਈਐਂ, ਹੁਣ। ਕੋਈ ਫ਼ਿਕਰ ਨਹੀਂ ਹੁੰਦੀ ਇਹਨਾਂ ਨੂੰ ਗਾਹਕ ਦੀ। ਬਾਰਾਂ ਵਜੇ ਤੋਂ ਪਹਿਲਾਂ ਕੋਈ ਦੁਕਾਨ ਈ ਨਹੀਂ ਖੋਲ੍ਹਦਾ। ਸ਼ਾਮ ਨੂੰ ਅੱਠ ਵਜੇ ਬੂਹੇ ਬੰਦ ਕਰ ਦੇਂਦੇ ਐ ਦੁਕਾਨਾਂ ਦੇ। ਜਿਨ੍ਹੇ ਕੁਝ ਲੈਣਾ ਹੁੰਦਾ ਐ, ਆਪੇ ਆਉਂਦਾ ਐ, ਭੱਜ ਕੇ। ਜ਼ਿੰਦਗੀ ਤਾਂ ਇਹਨਾਂ ਦੀ ਹੋਈ ਨਾ ਬੰਤਿਆ, ਆਪਾਂ ਤਾਂ ਘੁੰਮਦੇ ਰਹਿੰਦੇ ਆਂ ਸਾਰਾ ਦਿਨ ਬਜ਼ਾਰਾਂ ਵਿੱਚ। ਕੋਈ ਪਤਾ ਨਹੀਂ



Downloaded from https:// www.studiestoday.com

Downloaded from https:// www.studiestoday.com

ਹੁੰਦਾ ਕਿ ਕਿੱਧਰ ਨੂੰ ਨਿਕਲ਼ ਜਾਣਾ ਐ। ਏਧਰੋਂ ਆਏ, ਉੱਧਰ ਚਲੇ ਗਏ। ਸਾਰਾ ਸ਼ਹਿਰ ਗਾਹ ਛੱਡੀਦਾ ਐ, ਦਿਹਾੜੀ ਵਿੱਚ। ਘਰਦਿਆਂ ਨੂੰ ਕੁਝ ਪਤਾ ਈ ਨਹੀਂ ਹੁੰਦਾ ਕਿ ਕਿੱਥੇ ਗਿਆ ਐ, ਬੰਤਾ। ਇੱਕ ਵਾਰ ਜਦੋਂ ਨਿਕਲ਼ੀਦਾ ਐ ਘਰੋਂ ਤਾਂ ਇਹ ਵੀ ਨਹੀਂ ਪਤਾ ਹੁੰਦਾ ਕਿ ਮੁੜ ਕੇ ਘਰ ਮੁੜਨਾ ਵੀ ਐ ਕਿ ਨਹੀਂ। ਜਦੋਂ ਘਰ ਜਾ ਵੜੀਦਾ ਐ, ਸਮਝੀਦੈ ਪਈ ਜ਼ਿੰਦਗੀ ਦਾ ਇੱਕ ਦਿਨ ਹੋਰ ਬੀਤ ਗਿਆ। ਇੰਜ ਇੱਕ-ਇੱਕ ਦਿਨ ਕਰਕੇ ਬੀਤ ਰਹੀ ਐ, ਜ਼ਿੰਦਗੀ। ਕੀ ਪਤਾ ਕਿੰਨੀ ਬੀਤ ਚੁੱਕੀ ਐ ਤੇ ਕਿੰਨੀ ਰਹਿੰਦੀ ਐ? ਆਪਾਂ ਕਰਨਾ ਵੀ ਕੀ ਐ, ਪਤਾ ਕਰ ਕੇ। ਚੱਲਣ ਦੇ ਜਿੰਨਾ ਚਿਰ ਚੱਲਦਾ ਐ ਚੱਕਰ, ਬੰਤਿਆ !

"ਚੱਲ ਬਈ—ਲੈ ਚੱਲ ਸੀਤਲਾ ਮੰਦਰ।"

"ਬੈਠੋ ਜੀ, ਭਲਵਾਨ ਜੀ।"

ਚੰਗੀ ਸਿਹਤ ਐ ਬਈ ਏਸ ਦੀ। ਕਿੰਨਾ ਨਰੋਇਆ ਪਿੰਡਾ ਐ ਇਹਦਾ, ਬੰਦੇ ਹੋਵੇ ਤਾਂ ਚੰਗੀ ਸਿਹਤ ਵਾਲ਼ਾ—ਧਨ-ਦੌਲਤ ਦਾ ਕੀ ਐ। ਸਿਹਤ ਵੀ ਤਾਂ ਐਵੇਂ ਨਹੀਂ ਬਣਦੀ, ਬੰਤਿਆ! ਦੁੱਧ-ਘਿਓ ਪੀਣਾ ਪੈਂਦਾ ਐ, ਬਦਾਮ ਖਾਣੇ ਪੈਂਦੇ ਐ। ਹਰ ਚੀਜ਼ ਪੈਸਿਆਂ ਨਾਲ਼ ਈ ਤਾਂ ਆਉਂਦੀ ਐ, ਹਰ ਗੱਲ ਵਿੱਚ ਪੈਸਾ ਈ ਆਣ ਵੜਦਾ ਐ। ਪਰ, ਬੰਤਿਆ, ਇੱਕ ਗੱਲ ਸੋਚ—ਜੇ ਇੱਕ ਪਾਸੇ ਪੈਸਾ ਹੋਵੇ ਤੇ ਦੂਜੇ ਪਾਸੇ ਚੰਗੀ ਸਿਹਤ....ਤਾਂ ਕਿਹੜੀ ਗੱਲ ਚੰਗੀ ਹੋਈ ਭਲਾ? ਸ਼ੁਕਰ ਹੈ ਰੱਬ ਦਾ। ਪੈਸੇ ਨੂੰ ਕਿਸੇ ਨੇ ਫੂਕਣਾ ਐ, ਸਿਹਤ ਤੋਂ ਬਿਨਾਂ? ਪਰ ਗੱਲ ਸੁਣ, ਜੇ ਬੰਦੇ ਦੀ ਸਿਹਤ ਚੰਗੀ ਹੋਵੇ ਤਾਂ ਉਸ ਨੂੰ ਪੈਸੇ ਦੀ ਵੀ ਤਾਂ ਲੋੜ ਹੋਣੀ ਈ ਹੋਈ। ਸਿਹਤ ਹੋਣ ਦਾ ਇਹ ਮਤਲਬ ਤਾਂ ਨਹੀਂ ਕਿ ਉਹਦੇ ਕੋਲ਼ ਪੈਸੇ ਈ ਨਾ ਹੋਣ। ਇਹ ਚੱਕਰ ਕੀ ਚੱਲਿਆ ਹੋਇਐ, ਪੈਸਿਆਂ ਦਾ? ਸਕੂਲ ਵਿੱਚ ਪੜ੍ਹੀ ਸੀ ਨਾ, ਪੈਸੇ ਦੀ ਕਹਾਣੀ, ਉਸ ਦੀ ਆਪਣੀ ਜ਼ੁਬਾਨੀ। ਕੋਈ ਬਹੁਤ ਸਵਾਦਲੀ ਤਾਂ ਨਹੀਂ ਸੀ ਇਹਦੀ ਕਹਾਣੀ। ਦੁਖੀ ਈ ਕੀਤਾ ਸੀ ਇਸ ਨੇ, ਮਨੁੱਖ ਨੂੰ। ਸਾਰੇ ਰੇੜਕੇ ਇਹਦੇ ਈ ਪਾਏ ਹੋਏ ਐ। ਜੇ ਨਾ ਹੋਵੇ ਪੈਸਾ ਬੰਦੇ ਕੋਲ਼, ਕਿਸੇ ਵੀ ਬੰਦੇ ਕੋਲ਼, ਤਾਂ ਕੀ ਹੋ ਜਾਊ? ਰੋਟੀ ਨਹੀਂ ਮਿੱਲੂ, ਉਹਨੂੰ? ਕਿਉਂ ਨਹੀਂ ਮਿਲੂ, ਰੋਟੀ। ਕਿੱਥੇ ਜਾਣਗੀਆਂ ਰੋਟੀਆਂ? ਅੰਨ ਤਾਂ ਓਨਾ ਹੀ ਹੋਊ, ਦੁਨੀਆ ਉੱਤੇ। ਫੇਰ ਕਿਉਂ ਇਹ ਟੰਟਾ ਖੜ੍ਹਾ ਕੀਤਾ ਹੋਇਐ, ਪੈਸਿਆਂ ਦਾ? ਚੁੱਪ ਵੀ ਕਰ ਹੁਣ, ਬੰਤਿਆ ! ਤੈਨੂੰ ਕੀ ਪਤਾ, ਇਹਨਾਂ ਗੱਲਾਂ ਦਾ। ਤੂੰ ਸੋਚਿਆ ਨਾ ਕਰ ਬਹੁਤਾ। ਸੋਚਣਾ ਤੇਰਾ ਕੰਮ ਨਹੀਂ। ਇਹ ਤਾਂ ਕੰਮ ਐ, ਵੱਡੇ ਬੰਦਿਆਂ ਦਾ। ਜੇ ਆਪਾਂ ਸੋਚਣ ਲੱਗ ਪਏ ਤਾਂ ਫੇਰ ਹੋ ਚੁੱਕਾ ਕੰਮ। ਮਾਰ ਦੋ ਪੈਡਲ ਹੋਰ, ਆ ਗਿਆ ਸੀਤਲਾ ਮੰਦਰ। ਭਲਵਾਨ ਜੀ ਨੇ ਪੈਸੇ ਨਹੀਂ ਸਨ ਕੀਤੇ, ਜੋ ਦਿੰਦਾ ਈ, ਲੈ-ਲੈ ਚੁੱਪ ਕਰ ਕੇ। ਝਗੜਾ ਨਾ ਕਰੀਂ। ਝਗੜਾ ਤਾਂ ਆਪਾਂ ਊਂ ਨੀਂ ਕਰਦੇ, ਕਿਸੇ ਨਾਲ਼। ਅੱਠ ਆਨੇ ਦੇ ਗਿਆ ਈ—ਪੰਜਾਹ ਪੈਸੇ। ਠੀਕ ਈ ਐ—ਨਾ ਬਹੁਤੇ, ਨਾ ਥੋੜ੍ਹੇ। ਜੇ ਕਿਤੇ ਸਾਰੀਆਂ ਸਵਾਰੀਆਂ ਇਸ ਤਰ੍ਹਾਂ ਕਰਨ ਲੱਗ ਪੈਣ ਤਾਂ ਜਲਵੇ ਈ ਨਾ ਆ ਜਾਣ, ਬੰਤਿਆ। ਪਰ ਪਤਾ ਨਹੀਂ ਕਈ ਬੰਦੇ ਗ਼ਰੀਬ ਦਾ ਹੱਕ ਕਿਉਂ ਮਾਰਦੇ ਐ ? ਬਈ ਹੱਕ ਦੇ ਦਿਓ ਗ਼ਰੀਬ ਨੂੰ ਉਸ ਦਾ, ਫੇਰ ਕਾਹਦਾ ਰੇੜਕਾ?



Downloaded from https:// www.studiestoday.com

Downloaded from https:// www.studiestoday.com

ਮੈਂ ਦਸ-ਪੰਦਰਾਂ ਮਿੰਟ ਸਵਾਰੀ ਦੀ ਉਡੀਕ ਕੀਤੀ, ਫੇਰ ਮੈਨੂੰ ਜਿਵੇਂ ਯਾਦ ਆ ਗਿਆ ਕਿ ਮੈਨੂੰ ਭੁੱਖ ਲੱਗੀ ਹੋਈ ਐ। ਮੈਂ ਘਰ ਵੱਲ ਨੂੰ ਰਿਕਸ਼ਾ ਮੋੜ ਲਿਆ। ਘਰ ਵੀ ਬਹੁਤੀ ਦੂਰ ਨਹੀਂ ਸੀ ਉੱਥੋਂ। ਸ਼ੌਰੇ ਤਦੇ ਈ ਭੁੱਖ ਲੱਗ ਗਈ ਸੀ ਮੈਨੂੰ। ਭੁੱਖ ਜਦੋਂ ਲੱਗਣ ਲੱਗਦੀ ਐ, ਅਚਾਨਕ ਈ ਲੱਗ ਜਾਂਦੀ ਐ। ਭੁੱਖ ਨਾ ਲੱਗੇ ਤਾਂ ਸਾਰਾ ਦਿਨ ਈ ਘਰ ਦਾ ਖ਼ਿਆਲ ਨਾ ਆਏ, ਸ਼ੈਦ। ਕੀ ਕਰ ਰਹੀ ਹੋਵੇਗੀ, ਏਸ ਵੇਲ਼ੇ ਭਲੀ ਲੋਕ? ਰੋਟੀਆਂ ਤਾਂ ਪਕਾ ਚੁੱਕੀ ਹੋਏਗੀ। ਉਹ ਸਵਖਤੇ ਈ ਰੋਟੀਆਂ ਤਾਂ ਪਕਾ ਲੈਂਦੀ ਐ। ਕੀ ਕਰੇ, ਘਰ ਦੇ ਕੰਮ ਈ ਨਹੀਂ ਮੁੱਕਦੇ, ਉਸ ਕੋਲ਼ੋਂ! ਸੱਚੀ ਗੱਲ ਤਾਂ ਇਹ ਐ ਕਿ ਉਹਦੀ ਸਿਹਤ ਠੀਕ ਨਹੀਂ ਰਹਿੰਦੀ, ਅੱਜ-ਕੱਲ੍ਹ। ਪਤਾ ਨਹੀਂ ਕੀ ਹੁੰਦਾ ਜਾਂਦਾ ਐ, ਉਸ ਨੂੰ। ਚੰਗੀ-ਭਲੀ ਹੁੰਦੀ ਸੀ ਪਹਿਲਾਂ। ਹੁਣ ਤਾਂ ਉਹਨੂੰ ਵੇਖ ਕੇ ਕਈ ਵਾਰ ਮੇਰਾ ਹਉਕਾ ਨਿਕਲ਼ ਜਾਂਦਾ ਐ। ਬੱਚੇ ਵੀ ਉਸ ਨੂੰ ਤੰਗ ਕਰਦੇ ਐ। ਕੁਝ ਨਾ ਕੁਝ ਖਾਣ ਨੂੰ ਮੰਗਦੇ ਈ ਰਹਿੰਦੇ ਐ। ਸਰਦੀਆਂ ਵਿੱਚ ਕੋਈ ਨਾ ਕੋਈ ਢਿੱਲਾ ਵੀ ਹੋ ਜਾਂਦਾ ਐ। ਐਨੇ ਸਾਰੇ ਕੱਪੜੇ ਕਿਸ ਤਰ੍ਹਾਂ ਬਣ ਜਾਣ ਇੱਕੋ ਵਾਰੀ। ਠੰਢ ਵੀ ਤਾਂ ਆਖ਼ਰਾਂ ਦੀ ਪੈ ਰਹੀ ਐ। ਗਰਮ ਕੱਪੜੇ ਨੂੰ ਤਾਂ ਹੱਥ ਈ ਨਹੀਂ ਲੱਗਦਾ। ਥੋੜ੍ਹੇ ਜਿਹੇ ਪੈਸੇ ਬਚਾਏ ਸੀ, ਭਲੀ ਲੋਕ ਨੇ, ਉਹਨਾਂ ਦੀ ਉਹ ਉੱਨ ਖ਼ਰੀਦ ਲਿਆਈ ਐ, ਬੱਚਿਆਂ ਲਈ। ਘਰ ਦੇ ਲਾਗੇ ਈ ਜਿਹੜਾ ਸਕੂਲ ਐ ਨਾ ਵੱਡਾ, ਉੱਥੋਂ ਦੇ ਇੱਕ ਮਾਸਟਰ ਦੇ ਘਰ ਕੰਮ ਕਰ ਆਉਂਦੀ ਐ ਉਹ, ਦੋ ਵੇਲ਼ੇ। ਮੈਂ ਬਹੁਤ ਰੋਕਦਾਂ ਪਰ ਉਹ ਮੇਰੇ ਆਖੇ ਨਹੀਂ ਲੱਗਦੀ। ਕਹਿੰਦੀ ਐ, 'ਹੁਣ ਜੇ ਕੁਝ ਨਾ ਕੁਝ ਲਿਆਉਂਦੀ ਆਂ ਤਾਂ ਵੀ ਗੁਜ਼ਾਰਾ ਨਹੀਂ ਹੁੰਦਾ, ਜੇ ਬਿਲਕੁਲ ਈ ਕੁਝ ਨਾ ਆਇਆ, ਤਾਂ ਝੱਟ ਕਿਵੇਂ ਲੰਘੇਗਾ?' ਮੈਂ ਜਦੋਂ ਕਹਿੰਦਾਂ ਕਿ ਮੈਂ ਹਾਂ ਕਮਾਉਣ ਵਾਲ਼ਾ, ਤਾਂ ਉਹ ਪਹਿਲਾਂ ਮੇਰੇ ਵੱਲ ਤੱਕਦੀ ਐ ਫੇਰ ਨਿੰਮ੍ਹਾ ਜਿਹਾ ਮੁਸਕਰਾ ਕੇ ਪਰੇ ਚਲੀ ਜਾਂਦੀ ਐ। ਮੈਨੂੰ ਉਸ ਦੀ ਇਹ ਤੱਕਣੀ ਉੱਕਾ ਈ ਚੰਗੀ ਨਹੀਂ ਲੱਗਦੀ ਅਤੇ ਨਾ ਹੀ ਉਸ ਦੀ ਉਹ ਨਿੰਮ੍ਹੀ ਜਿਹੀ ਮੁਸਕਣੀ। ਏਸੇ ਕਰਕੇ ਮੈਂ ਹੁਣ ਉਸਨੂੰ ਕੁਝ ਕਹਿਣਾ ਈ ਛੱਡ ਦਿੱਤਾ ਐ।

### ਔਖੇ ਸ਼ਬਦ ਦੇ ਅਰਥ :

**ਤਬੀਅਤ**—ਚਿੱਤ, ਮਨ ਜਾਂ ਸਰੀਰ ਦੀ ਗੱਲ। **ਨਿੱਸਲ਼**—ਲੱਤਾਂ-ਬਾਹਾਂ ਪਸਾਰ ਕੇ ਸੌਣਾ, ਬੇਫ਼ਿਕਰ ਹੋਣਾ। **ਬੋਹਣੀ**—ਕੰਮ ਜਾਂ ਦੁਕਾਨ ਖੋਲ੍ਹਣ 'ਤੇ ਸਭ ਤੋਂ ਪਹਿਲੀ ਵੱਟਕ। **ਇੰਟਰਵਿਊ**—ਸਾਖਿਆਤਕਾਰ, ਮੁਲਾਕਾਤ । **ਸਿਫ਼ਾਰਸ਼**—ਸਲਾਹੁਤਾ ਜਾਂ ਹੱਕ ਵਿੱਚ ਬੋਲੇ ਸ਼ਬਦ, ਮਦਦ, ਵਸੀਲਾ। **ਫਰ-ਫਰ**—ਤੇਜ਼ੀ ਨਾਲ, ਲਗਾਤਾਰ। **ਪਾਸਕੂ**—ਬਹੁਤ ਥੋੜ੍ਹਾ ਜਿਹਾ ਭਾਗ। **ਸਿਤਾਰ**—ਤਾਰਾਂ ਵਾਲ਼ਾ ਇੱਕ ਸਾਜ਼। **ਫ਼ੀਚਰ**—ਕਿਸੇ ਸਰਗਰਮੀ ਨੂੰ ਨਾਟਕੀ ਰੰਗਣ ਵਿੱਚ ਪੇਸ਼ ਕੀਤਾ ਜਾਣ ਵਾਲ਼ਾ ਰੂਪਕ। **ਉਲਾਂਘਾਂ**—ਭਰਵੇਂ ਕਦਮ, ਪੁਲਾਂਘਾਂ। **ਸਿਲਸਿਲਾ**—ਲੜੀ, ਸੰਬੰਧ ਵਿੱਚ। **ਹਸਰਤ**—ਦਿਲ ਦੀ ਉਮੰਗ, ਅਧੂਰੀ ਇੱਛਾ, ਸੱਧਰ। **ਘੋਸ਼ਣਾ**—ਐਲਾਨ। **ਰਿਜ਼ਕ**—ਰੋਜ਼ੀ, ਉਪਜੀਵਕਾ। **ਪੱਲਿਓਂ**—ਆਪਣੇ ਕੋਲ਼ੋਂ। **ਹਮ੍ਹਾਤੜ**—ਸਾਡੇ ਵਰਗੇ। **ਦਸਾਂ ਨਹੁੰਆਂ ਦੀ ਕਿਰਤ**—ਮਿਹਨਤ ਦੀ ਕਮਾਈ। **ਨਗ**—ਗਿਣਤੀ ਵਿੱਚ ਸ਼ਾਮਲ ਚੀਜ਼ਾਂ, ਖ਼ੌਫ਼—ਡਰ। **ਦੋ-ਚਾਰ ਛਿੱਲੜ**—ਦੋ-ਚਾਰ ਰੁਪਏ। **ਹਿਫ਼ਾਜ਼ਤ**—ਰੱਖਿਆ, ਸੰਭਾਲ਼। **ਮਲਕੜੇ**—ਹੌਲ਼ੀ, ਸਹਿਜੇ। **ਹੇਜ**—ਪਿਆਰ,



Downloaded from https:// www.studiestoday.com

Downloaded from https:// www.studiestoday.com

ਹਿਤ, ਮੋਹ। **ਨੀਲੀ ਛਤਰੀ ਵਾਲ਼ਾ**—ਰੱਬ, ਈਸ਼ਵਰ, ਪਰਮਾਤਮਾ। **ਬੋਨਸ**—ਤਨਖ਼ਾਹ ਤੋਂ ਇਲਾਵਾ ਆਮਦਨ ਵਿੱਚੋਂ ਮਿਲ਼ਨ ਵਾਲ਼ਾ ਲਾਭ-ਅੰਸ਼। **ਜਲਸਾ**—ਕਿਸੇ ਮੰਤਵ ਲਈ ਮਨੁੱਖਾਂ ਦਾ ਇਕੱਠ, ਸਭਾ, ਦਿਵਾਨ। **ਰਹੁ**—ਗੰਨੇ ਦਾ ਰਸ। **ਹੈਸੀਅਤ**—ਵਿੱਤ, ਔਕਾਤ, ਦਰਜਾ, ਰੁਤਬਾ, ਸਮਰੱਥਾ। **ਛੂਛੜੀਆਂ**—ਤੁੱਛ ਜਾਂ ਹਲਕੀਆਂ, ਛੋਟੀਆਂ ਚੀਜ਼ਾਂ। **ਕਰਾਰਾ**—ਤਿੱਖਾ, ਤੇਜ਼, ਤਕੜਾ। **ਮਾਝਾ**—ਸਰੇਸ਼ ਵਿੱਚ ਪੀਹ ਕੇ ਬਣਾਇਆ ਮਸਾਲਾ, ਜਿਸ ਨੂੰ ਡੋਰ ਉੱਤੇ ਲਾਉਂਦੇ ਹਨ। **ਗੈਲਰੀ**—ਛੱਜਾ, ਛੱਤਿਆ ਹੋਇਆ ਰਾਹ। **ਲਿੱਸੀ**—ਕਮਜ਼ੋਰ, ਮਾੜੀ। **ਜਲਵੇ**—ਨਜ਼ਾਰੇ, ਸੋਭਾ, ਚਮਕ-ਦਮਕ। **ਨਰੋਇਆ**—ਸਿਹਤਮੰਦ, ਤਕੜਾ, ਰਾਜ਼ੀ-ਬਾਜ਼ੀ। **ਟੰਟਾ**—ਮੁਸੀਬਤ, ਝਗੜਾ, ਫ਼ਸਾਦ। **ਰੇੜਕਾ**—ਝਗੜਾ। **ਨਿੰਮ੍ਹਾ ਜਿਹਾ**—ਹਲਕਾ ਜਿਹਾ, ਧੀਮਾ, ਮੱਧਮ।

## ਅਭਿਆਸ

(ੳ) **'ਇੱਕ ਹੋਰ ਨਵਾਂ ਸਾਲ' ਨਾਵਲ ਦੇ 'ਸਵੇਰ' ਭਾਗ 'ਤੇ ਆਧਾਰਿਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

1. ਬੰਤਾ ਆਪਣੀ ਪਤਨੀ ਤੋਂ ਚਾਹ ਦੀ ਥਾਂ 'ਬੈੱਡ-ਟੀ' ਦੀ ਮੰਗ ਕਿਉਂ ਕਰਦਾ ਹੈ ?
2. ਬੰਤੇ ਦਾ ਸਵੇਰੇ ਛੇ ਵਜੇ ਕਿੱਥੇ ਪਹੁੰਚਣ ਦਾ ਪ੍ਰੋਗ੍ਰਾਮ ਸੀ ਅਤੇ ਕਿਉਂ?
3. ਨਾਵਲ ਦਾ ਨਾਇਕ ਰਿਕਸ਼ੇ ਦੇ ਪਹੀਏ ਦੀ ਤੁਲਨਾ ਕਿਸ ਚੀਜ਼ ਨਾਲ਼ ਕਰਦਾ ਹੈ ਅਤੇ ਕਿਵੇਂ?
4. ਬੰਤੇ ਦੇ ਪਿਓ ਦੀ ਮੌਤ ਕਿਵੇਂ ਹੋਈ।
5. ਬੰਤਾ ਪੜ੍ਹਨ ਤੋਂ ਕਿਉਂ ਹਟ ਗਿਆ ਸੀ?
6. ਬੰਤੇ ਨੇ ਆਪਣਾ ਪਿੰਡ ਕਿਉਂ ਛੱਡ ਦਿੱਤਾ ਸੀ?
7. ਬੰਤਾ ਖੇਤ-ਮਜ਼ਦੂਰ ਤੋਂ ਰਿਕਸ਼ਾ-ਚਾਲਕ ਕਿਵੇਂ ਬਣਿਆ?
8. ਬੰਤੇ ਨੇ ਚਪੜਾਸੀ ਦੀ ਨੌਕਰੀ ਕਿਉਂ ਛੱਡੀ?
9. ਬੰਤੇ ਨੇ ਪੰਜਵੀਂ ਜਮਾਤ ਦਾ ਇਮਤਿਹਾਨ ਕਿਵੇਂ ਦਿੱਤਾ?
10. ਤਾਨਪੁਰੇ ਵਾਲ਼ੀ ਕੁੜੀ ਜਲੰਧਰ ਕੀ ਕਰਨ ਗਈ ਸੀ?
11. ਕਿਰਾਏ 'ਤੇ ਰਿਕਸ਼ਾ ਦੇਣ ਵਾਲ਼ੇ ਸੇਠ ਨੂੰ ਬੰਤਾ ਖ਼ੁਸ਼ਕਿਸਮਤ ਕਿਉਂ ਸਮਝਦਾ ਹੈ?
12. ਰਿਕਸ਼ਾ-ਚਾਲਕ ਦੀ ਮਾਂ ਕਿੱਥੇ ਰਹਿੰਦੀ ਸੀ? ਉਹ ਉਸਦੀ ਦੇਖ-ਭਾਲ਼ ਕਿਵੇਂ ਕਰਦਾ ਸੀ?
13. ਨਵੇਂ ਸਾਲ 'ਤੇ ਰਿਕਸ਼ਾ-ਚਾਲਕ ਬੰਤਾ ਚਾਹੁੰਦਾ ਹੋਇਆ ਵੀ ਗੁਰਦਵਾਰੇ ਮੱਥਾ ਟੇਕਣ ਕਿਉਂ ਨਾ ਜਾ ਸਕਿਆ।
14. ਰਿਕਸ਼ਾ-ਚਾਲਕ ਦੇ ਕਿੰਨੇ ਬੱਚੇ ਸਨ? ਉਹਨਾਂ ਦੀ ਪੜ੍ਹਾਈ ਸੰਬੰਧੀ ਉਸ ਦੇ ਕੀ ਵਿਚਾਰ ਸਨ?
15. ਜਲ੍ਹਿਆਂਵਾਲ਼ੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਬੰਤੇ ਦੇ ਕੀ ਵਿਚਾਰ ਹਨ?
16. ਡੋਰ ਨੂੰ ਮਾਝਾ ਲਾ ਰਹੇ ਬੰਤੇ ਵੱਲ ਵੇਖ ਕੇ ਰਿਕਸ਼ੇ ਵਾਲ਼ੇ ਦੇ ਦਿਮਾਗ਼ ਵਿੱਚ ਕਿਹੜੇ ਵਿਚਾਰ ਆਏ?
17. "ਕਿਰਤੀਆਂ ਦੇ ਹੱਥ ਤਾਂ ਕੰਮ ਕਰਦਿਆਂ ਈ ਸੋਹਣੇ ਲੱਗਦੇ ਐ।" ਰਿਕਸ਼ੇ ਵਾਲ਼ੇ ਨੇ ਅਜਿਹਾ ਕਿਉਂ ਸੋਚਿਆ?
18. ਰਿਕਸ਼ੇ ਵਾਲ਼ਾ ਮੀਤੇ ਦੀ ਦੁਕਾਨ ਤੋਂ ਹੀ ਆਪਣੇ ਰਿਕਸ਼ੇ ਵਿੱਚ ਹਵਾ ਕਿਉਂ ਭਰਨੀ ਚਾਹੁੰਦਾ ਸੀ?
19. ਰਿਕਸ਼ੇ ਵਾਲ਼ੇ ਦੀ ਪਤਨੀ ਤਾਰੋ ਕਿਸ ਦੇ ਘਰ ਕੰਮ ਕਰਨ ਜਾਂਦੀ ਸੀ?



Downloaded from https:// www.studiestoday.com

Downloaded from https:// www.studiestoday.com

(ਅ) **'ਇੱਕ ਹੋਰ ਨਵਾਂ ਸਾਲ' ਨਾਵਲ ਦੇ 'ਸਵੇਰ' ਭਾਗ 'ਤੇ ਆਧਾਰਿਤ ਹੇਠ ਲਿਖੇ ਵਾਰਤਾਲਾਪਾਂ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ :**

1. ਭਲੀਏ ਲੋਕੇ, ਜਿਹੜੀ ਚਾਹ ਵੱਡੇ ਲੋਕ ਬਿਸਤਰਾ ਛੱਡਣ ਤੋਂ ਪਹਿਲਾਂ ਪੀਂਦੇ ਐ, ਉਹ ਹੁੰਦੀ ਐ, ਬੈੱਡ-ਟੀ। ਚੱਲ ਉੱਠ, ਪਿਆ ਦੇ ਅੱਜ ਸਾਨੂੰ ਵੀ ਬੈੱਡ-ਟੀ।"
2. "ਕਿੱਥੇ ਰਾਜਾ ਭੋਜ, ਕਿੱਥੇ ਗੰਗੂ ਤੇਲੀ ..... ਅਸੀਂ ਤਾਂ ਉਹਨਾਂ ਦੇ ਪਾਸਕੂ ਵੀ ਨਹੀਂ, ਮਿੰਦਰ ਦੀ ਝਾਈ।"
3. "ਆਪਾਂ ਵੀ ਆਪਣੀਆਂ ਦੋਂਹਾਂ ਕਾਕੀਆਂ ਨੂੰ ਓਨਾ ਹੀ ਪੜ੍ਹਾਉਣੈ ਜਿੰਨਾ ਕਿ ਭੁੰਮਣ ਨੂੰ।"
4. "ਕਿਵੇਂ ਨਾ ਲੱਭੂ ..... ਪੜ੍ਹਨ ਦੇ ਹਾਲੇ ਗੁੱਡੀ ਨੂੰ ਦਿਲ ਲਾ ਕੇ।"
5. "ਇਹਨਾਂ ਛੂਛੜੀਆਂ ਨਾਲ਼ ਸਾਡਾ ਕੀ ਬਣਨਾ ਐ ? ਪਿੰਡ ਚੱਲ ਕੇ ਪੀਆਂਗੇ ਬਾਟੇ ਵਿੱਚ।"
6. "ਪਰ ਭੈਣ, ਵਿਆਹ ਤਾਂ ਹਾਲੀ ਸਾਲ ਦੋ ਸਾਲ ਠਹਿਰ ਕੇ ਈ ਕਰਨਾ ਏ, ਪੜ੍ਹਦੀ ਰਹਿਣ ਦੇ ਸੂ—ਕਾਲਜੋਂ ਕਾਹਨੂੰ ਉਠਾਲਣਾ ਹੋਇਆ ?"
7. "ਲਾਜੋ, ਜੇ ਇਹ ਕੁੜੀ ਪਸਿੰਦ ਆ ਗਈ ਤਾਂ ਮੈਂ ਮੁੰਦਰੀ ਪਾ ਦੇਣੀ ਏ, ਉਹਨੂੰ .....।"
8. "ਇਹ ਵੀ ਕੋਈ ਨੁਕਸ ਏ ? ਅੱਬਲ ਤਾਂ ਕਿਸੇ ਨੂੰ ਪਤਾ ਈ ਨਹੀਂ ਲੱਗਣਾ, ਨਹੀਂ ਤੇ ਉਹਨੂੰ ਕਵ੍ਹਾਂਗੇ, ਪਈ ਧੁੱਪ ਵਾਲ਼ੀ ਐਨਕ ਲਾ ਕੇ ਜਾਵੇ .....।"
9. "ਪਰ ਪਤਾ ਨਹੀਂ ਕਈ ਬੰਦੇ ਗ਼ਰੀਬ ਦਾ ਹੱਕ ਕਿਉਂ ਮਾਰਦੇ ਐ ? ਬਈ ਹੱਕ ਦੇ ਦਿਓ ਗ਼ਰੀਬ ਨੂੰ ਉਸ ਦਾ, ਫੇਰ ਕਾਹਦਾ ਰੇੜਕਾ ?"
10. "ਹੁਣ ਜੇ ਕਝ ਨਾ ਕੁਝ ਲਿਆਉਂਦੀ ਆਂ ਤਾਂ ਵੀ ਗੁਜ਼ਾਰਾ ਨਹੀਂ ਹੁੰਦਾ, ਜੇ ਬਿਲਕੁਲ ਈ ਕੁਝ ਨਾ ਆਇਆ, ਤਾਂ ਝੱਟ ਕਿਵੇਂ ਲੰਘੇਗਾ?"

— — — — —



Downloaded from https:// www.studiestoday.com

Downloaded from https:// www.studiestoday.com

## ਕਾਂਡ-ਦੋ

# ਦੁਪਹਿਰ

ਰਿਕਸ਼ਾ ਘਰ ਦੇ ਬਾਹਰ ਖੜ੍ਹਾ ਕਰ ਕੇ ਮੈਂ ਟੱਲੀ ਵਜਾਈ। ਡੁੰਮਣ ਦੌੜਦਾ ਹੋਇਆ ਆ ਗਿਆ। ਛੁੱਟੀ ਮਨਾ ਰਿਹਾ ਸੀ ਉਹ, ਨਵਾਂ ਸਾਲ ਚੜ੍ਹਨ ਦੀ। ਉਹ ਝੱਟ ਆ ਕੇ ਕਾਠੀ ਉੱਤੇ ਬੈਠ ਗਿਆ ਤੇ ਲੱਗਾ ਟੱਲੀ ਵਜਾਣ। ਜਦੋਂ ਵੀ ਉਹ ਏਸ ਤਰ੍ਹਾਂ ਕਰਦਾ ਐ ਤਾਂ ਮੈਨੂੰ ਉੱਕਾ ਈ ਚੰਗਾ ਨਹੀਂ ਲੱਗਦਾ, ਪਰ ਮੈਂ ਉਸ ਨੂੰ ਹਟਕਦਾ ਨਹੀਂ। ਖੇਡ ਈ ਤਾਂ ਐ ਉਸ ਲਈ ਇਹ, ਪਰ ਮੈਨੂੰ ਤਾਂ ਡਰ ਪੈ ਜਾਂਦੈ, ਕਿਤੇ ਵੱਡਾ ਹੋ ਕੇ ਐਹੋ ਈ ਕੰਮ ਨਾ ਸ਼ੁਰੂ ਕਰ ਦੇਵੇ। ਮੈਂ ਤਾਂ ਮਜਬੂਰ ਸਾਂ, ਪਰ ਉਸ ਨੂੰ ਮੈਂ ਮਜਬੂਰ ਨਹੀਂ ਹੋਣ ਦੇਣਾ। ਪੁੱਤਰਾ, ਤੂੰ ਰਾਜ ਕਰੀਂ ਸਾਡੇ ਸਿਰ 'ਤੇ। ਬੈਠੇ ਆਂ ਅਸੀਂ ਤੈਨੂੰ ਪੜ੍ਹਾਣ ਵਾਲ਼ੇ, ਤੈਨੂੰ ਚੰਗੇ ਅਹੁਦੇ 'ਤੇ ਲੱਗਾ ਵੇਖਣ ਵਾਲ਼ੇ। ਥੁੜ ਨਹੀਂ ਆਣ ਦਿਆਂਗੇ ਤੈਨੂੰ ਅਸੀਂ ਕੋਈ। ਸਾਡੀ ਗੱਲ ਛੱਡ, ਸਾਡਾ ਕੀ ਐ, ਅਸਾਂ ਤਾਂ ਕੱਟ ਈ ਲਈ ਐ, ਔਖੇ-ਸੌਖੇ। ਬਾਪੂ ਜਲਦੀ ਮਰ ਗਿਆ, ਨਹੀਂ ਤੇ ਅਸੀਂ ਵੀ ਕੁਝ ਕਰ ਜਾਂਦੇ। ਕੁਝ ਜਮਾਤਾਂ ਹੋਰ ਕੀਤੀਆਂ ਹੁੰਦੀਆਂ ਤਾਂ ਹੁਣ ਨੂੰ ਤਸੀਲਦਾਰ ਦੇ ਦਫਤਰ ਵਿੱਚ ਲੱਗੇ ਹੁੰਦੇ। ਤਨਖ਼ਾਹ ਮਿਲ਼ਦੀ ਬੱਧੀ ਤੇ ਛੁੱਟੀਆਂ ਹੁੰਦੀਆਂ ਕਈ-ਕਈ, ਮਹੀਨੇ ਵਿੱਚ। ਫੇਰ ਵੇਖਦੇ ਭਲੀ ਲੋਕ ਕਿੰਜ ਵੇਖਦੀ, ਸਾਡੇ ਵੱਲ। ਉਸ ਦੀ ਤੱਕਣੀ ਈ ਬਦਲ ਜਾਣੀ ਸੀ ਉਦੋਂ, ਨਾਲ਼ੇ ਉਹ ਮੁਸਕਣੀ। ਕਿਹੋ-ਜਿਹੀ ਐ ਉਹ ਮੁਸਕਣੀ ਕਿ ਦਿਲ ਨੂੰ ਚੀਰਦੀ ਜਾਂਦੀ ਐ। ਇੱਕ ਤੀਰ ਜਿਹਾ ਵਿੰਨ੍ਹ ਜਾਂਦਾ ਐ, ਛਾਤੀ ਨੂੰ। ਅੱਜ ਜੇਕਰ ਉਹ ਤੱਕੀ ਜਾਂ ਮੁਸਕਰਾਈ ਓਦਾਂ, ਹੋ ਜਾਊ ਕੁਝ ਦਾ ਕੁਝ-

"ਬੜੀ ਦੇਰ ਲਾ ਆਇਐਂ, ਅੱਜ?"

"ਚੱਲ, ਤੈਨੂੰ ਕੀ—"

"ਕਿਉਂ, ਹੋਰ ਕਿਸ ਨੂੰ ਹੋਊ?"

"ਪਾ ਦੇ ਰੋਟੀ ਜੇ ਪਕਾਈ ਆ ਤੇ।"

"ਜੇ ਨਾ ਪਕਾਈ ਹੋਊ ਤਾਂ...."

"ਤਾਂ ਫੇਰ ਚੱਲਦਾ ਆਂ, ਮੈਂ।"

ਮੈਂ ਸੱਚੀਂ-ਮੁੱਚੀਂ ਮੁੜ ਪਿਆ। ਪਰ ਉਸ ਨੇ ਦੌੜ ਕੇ ਮੇਰੀ ਬਾਂਹ ਫੜ ਲਈ।

"ਤੂੰ ਸੋਚਦੀ ਨਹੀਂ ਗੱਲ ਕਰਨ ਲੱਗਿਆਂ।"

"ਚੰਗਾ, ਆ ਹੁਣ ਬੈਠ ਚੌਂਕੇ ਵਿੱਚ।"

"ਤੂੰ ਪਾ ਦੇ ਰੋਟੀ ਜਾ ਕੇ।"



Downloaded from https:// www.studiestoday.com

Downloaded from https:// www.studiestoday.com

"ਨਹੀਂ, ਮੈਂ ਕੋਲ਼ ਬਿਠਾ ਕੇ ਖੁਆਣੀ ਐ, ਰੋਟੀ।"

"ਸਵੇਰੇ ਚਾਹ ਤਾਂ ਬਣਾਈ ਨਾ ਗਈ, ਤੈਥੋਂ।"

"ਹੁਣ ਬਣਾ ਦੇਨੀ ਆਂ ਚਾਹ, ਬਹੁਤੇ ਦੁੱਧ ਵਾਲ਼ੀ।"

"ਚੱਲ ਹੁਣ ਬਾਂਹ ਤਾਂ ਛੱਡ, ਬੱਚੇ ਕਿਵੇਂ ਖੜ੍ਹੇ ਐ, ਸਹਿਮੇ ਹੋਏ।"

"ਨਹੀਂ ਛੱਡਣੀ, ਮੈਂ ਬਾਂਹ।"

"ਅੱਛਾ, ਨਾ ਛੱਡ..."

ਮੈਨੂੰ ਚੌਂਕੇ ਵਿੱਚ ਬਿਠਾ ਕੇ ਈ ਛੱਡੀ ਸੂ, ਮੇਰੀ ਬਾਂਹ। ਉਹ ਮਕਈ ਦੀਆਂ ਰੋਟੀਆਂ ਪਕਾਣ ਲੱਗ ਪਈ। ਰਾਤ ਦਾ ਸਾਗ ਪਿਆ ਹੋਇਆ ਸੀ। ਉਹ ਉਸ ਨੇ ਗਰਮ ਕਰ ਦਿੱਤਾ। ਗਲਗਲ ਦੇ ਅਚਾਰ ਵਿੱਚੋਂ ਹਰੀਆਂ ਮਿਰਚਾਂ ਵੀ ਉਹ ਕੱਢ ਲਿਆਈ। ਰੋਟੀ ਤੋਂ ਬਾਅਦ ਉਸ ਨੇ ਚਾਹ ਧਰ ਦਿੱਤੀ। ਗੁੜ ਵਾਲ਼ੀ ਚਾਹ ਦਾ ਸਵਾਦ ਈ ਆਪਣਾ ਹੁੰਦਾ ਐ। ਜਿੰਨਾ ਚਿਰ ਮੈਂ ਚਾਹ ਪੀਂਦਾ ਰਿਹਾ, ਉਹ ਮੇਰੇ ਵੱਲ ਵੇਖਦੀ ਰਹੀ। ਮੈਨੂੰ ਇਹ ਸਭ ਕੁਝ ਬਹੁਤ ਅਜੀਬ ਲੱਗਾ। ਉਸ ਦੀਆਂ ਅੱਖਾਂ ਵਿੱਚ ਇੱਕ ਲਿਸ਼ਕ ਜਿਹੀ ਨਜ਼ਰ ਆਈ, ਮੈਨੂੰ। ਮੇਰਾ ਵੀ ਜੀਅ ਕੀਤਾ, ਮੈਂ ਵੀ ਉਸ ਨੂੰ ਵੇਖਦਾ ਰਵ੍ਹਾਂ, ਪਰ ਬਹੁਤਾ ਚਿਰ ਵੇਖਿਆ ਨਾ ਗਿਆ ਮੇਰੇ ਕੋਲ਼ੋਂ। ਫੇਰ ਮੈਂ ਬੋਝੇ ਵਿੱਚੋਂ ਪੈਸੇ ਕੱਢ ਕੇ ਉਸ ਨੂੰ ਫੜਾ ਦਿੱਤੇ, ਉਹਨੇ ਨੋਟ ਗਿਣ ਕੇ ਹੱਥ ਵਿੱਚ ਫੜ ਲਏ ਅਤੇ ਭਾਨ ਮੈਨੂੰ ਵਾਪਸ ਦੇ ਦਿੱਤਾ—

"ਰੱਖ ਲੈ, ਇਹ ਵੀ।"

"ਤੈਨੂੰ ਲੋੜ ਪਊ ਸ਼ਾਮ ਨੂੰ, ਕਿਸੇ ਵੇਲ਼ੇ ਭਾਨ ਖੁਣੋਂ ਸਵਾਰੀ ਨਹੀਂ ਮਿਲ਼ਦੀ।"

"ਕੀ ਲਿਆਵਾਂ ਤੇਰੇ ਲਈ ਰਾਤ ਨੂੰ?"

"ਮੇਰੇ ਲਈ....?"

"ਤੇ ਹੋਰ ਕੀ....?"

"ਮੈਨੂੰ ਤਾਂ ਨਹੀਂ ਚਾਹੀਦਾ ਕੁਝ।"

"ਝੱਗਾ ਬਣਾ ਲੈ ਆਪਣਾ।"

"ਚੰਗਾ-ਭਲਾ ਐ ਹਾਲੀ, ਇਹ...।"

ਜਦੋਂ ਬੰਦੇ ਆਪਣੀਆਂ ਤੀਵੀਆਂ ਨਾਲ਼ ਹੱਟੀ-ਹੱਟੀ ਜਾ ਕੇ ਚੀਜ਼ਾਂ ਖ਼ਰੀਦਦੇ ਐ ਤੇ ਬਹੁਤ ਸਾਰੇ ਬੰਡਲ ਲੈ ਕੇ ਮੇਰੀ ਰਿਕਸ਼ਾ ਵਿੱਚ ਬੈਠ ਜਾਂਦੇ ਐ, ਤਾਂ ਮੈਨੂੰ ਇਹ ਸਭ ਕੁਝ ਬੜਾ ਚੰਗਾ-ਚੰਗਾ ਲੱਗਦਾ ਐ। ਉਦੋਂ ਤੀਵੀਆਂ ਦੀਆਂ ਗੱਲਾਂ 'ਚੋਂ ਸ਼ਹਿਦ ਵਰਗੀ ਮਿਠਾਸ ਚੋਂਦੀ ਐ ਤੇ ਬੰਦਿਆਂ ਦੇ ਹੁੰਗਾਰੇ ਵਿੱਚ ਨਿੱਘ ਹੁੰਦਾ ਐ, ਕੋਈ ਖ਼ਾਸ ਈ। ਉਹਨਾਂ ਦਾ ਹੌਲ਼ੀ-ਹੌਲ਼ੀ ਗੱਲਾਂ ਕਰਨਾ, ਹਲਕਾ-ਹਲਕਾ ਹੱਸਣਾ ਤੇ ਫਿਰ ਇਕਦਮ ਚੁੱਪ ਕਰ ਜਾਣਾ, ਮੈਨੂੰ ਵੀ ਇੱਕ ਹੁਲਾਰਾ ਦੇ ਜਾਂਦਾ ਐ। ਉਦੋਂ ਮੇਰਾ ਸਰੀਰ ਸਵਾਦ-ਸਵਾਦ ਹੋ ਜਾਂਦਾ ਐ, ਪਰ ਕੁਝ ਚਿਰ ਪਿੱਛੋਂ ਪਤਾ ਨਹੀਂ ਕਿਉਂ ਮੇਰਾ ਮਨ ਉਦਾਸ ਹੋ ਜਾਂਦਾ ਹੈ। ਆਪਣੀ ਤਾਰੋ ਦੀਆਂ ਅੱਖਾਂ ਵਾਂਗ ਉਦਾਸ। ਇਹ ਜਦੋਂ ਹੱਸਦੀ ਵੀ ਐ ਤਾਂ ਇਸ ਦੀਆਂ ਅੱਖਾਂ ਦੀ ਉਦਾਸੀ ਕਿਉਂ ਨਹੀਂ ਜਾਂਦੀ, ਭਲਾ ? ਕੀ ਦੁੱਖ ਐ, ਇਸ ਨੂੰ? ਦੱਸਦੀ ਕਿਉਂ



Downloaded from https:// www.studiestoday.com

Downloaded from https:// www.studiestoday.com

ਨਹੀਂ, ਮੈਨੂੰ ਕੁਝ? ਮੈਂ ਕੋਈ ਓਪਰਾ ਬੰਦਾ ਤਾਂ ਨਹੀਂ ਇਹਦੇ ਲਈ? ਮੇਰੇ ਨਾਲ ਲੜੇ-ਝਗੜੇ, ਮੇਰੇ ਉੱਤੇ ਗੁੱਸਾ ਕੱਢੇ, ਮੈਂ ਕੁਝ ਨਹੀਂ ਕਾਵ੍ਹਾਂਗਾ ਉਹਨੂੰ—ਪਰ ਇਹਦਾ ਚੁੱਪ-ਚੁੱਪ ਰਹਿਣਾ ਮੈਨੂੰ ਉੱਕਾ ਈ ਚੰਗਾ ਨਹੀਂ ਲੱਗਦਾ। ਬੱਸ ਕੋਈ ਗੱਲ ਹੀ ਨਹੀਂ ਕਰਦੀ ਆਪਣੇ-ਆਪ। ਮੈਂ ਜੋ ਕੁਝ ਪੁੱਛਾਂ, ਉਸ ਦਾ ਜਵਾਬ ਦੇ ਦੇਂਦੀ ਐ, ਬੱਸ-

"ਬਹੁਤਾ ਸੋਚਦੀ ਨਾ ਰਿਹਾ ਕਰ, ਹਰ ਵੇਲ਼ੇ।"

"ਮੈਂ ਕੀ ਸੋਚਣਾ ਐ, ਭਲਾ?"

"ਫੇਰ ਕੋਈ ਗੱਲ ਕਰ...।"

"ਤੂੰ ਜਾਣਦਾ ਈ ਐਂ ਸਾਰੀਆਂ ਗੱਲਾਂ—ਬਾਹਰ ਜੋ ਘੁੰਮਦਾ ਰਹਿੰਦੈਂ।"

"ਮੈਂ ਤਾਂ ਜਾਣਦਾਂ, ਪਰ ਤੂੰ ਵੀ ਤਾਂ ਗੱਲ ਕਰ ਕੋਈ।"

"ਅੱਛਾ—ਕੀ ਗੱਲ ਕਰਾਂ ਮੈਂ?"

"ਫੇਰ ਓਹੀ ਗੱਲ...."

"ਅੱਜ ਸਵੇਰੇ ਚਾਹ ਕਿੱਥੋਂ ਪੀਤੀ ਸੀ?"

"ਇਹ ਨਹੀਂ ਕੋਈ ਗੱਲ, ਕੋਈ ਸੋਹਣੀ ਜਿਹੀ ਗੱਲ ਕਰ।"

"ਸੋਹਣੀ ਜਿਹੀ?....ਉਹ ਕਿਹੋ-ਜਿਹੀ ਹੁੰਦੀ ਐ?"

"ਜਿਵੇਂ ਤੂੰ ਆਖੇਂ....'ਅੱਜ ਬੜਾ ਬੱਦਲ਼ ਐ, ਗਰਮ-ਗਰਮ ਪਕੌੜੇ ਲਿਆ, ਪੌੜੀਆਂ ਵਾਲ਼ੇ ਪੁਲ਼ ਕੋਲ਼ੋਂ...."

"ਜੇ ਬੱਦਲ਼ ਨਾ ਹੋਵੇ?"

"ਫੇਰ ਤੂੰ ਕਹਿ....ਕਿੰਨੀ ਧੁੱਪ ਲੱਗੀ ਐ, ਆ ਨਾ ਚੱਲੀਏ ਘੁੰਮਣ-ਫਿਰਨ, ਨਾਲ਼ੇ ਆਉਂਦੀ ਵਾਰੀ ਸਾੜ੍ਹੀ ਵੀ ਲੈਂਦੇ ਆਵਾਂਗੇ, ਡ੍ਰਾਈ-ਕਲੀਨਰ ਕੋਲ਼ੋਂ...."

"ਹੀ...ਹੀ...ਹੀ...ਮੈਨੂੰ ਨਹੀਂ ਕਹਿਣਾ ਆਉਂਦਾ, ਐਸ ਤਰ੍ਹਾਂ। ਤੂੰ ਤਾਂ ਸੁਣਦਾ ਰਹਿੰਦੈਂ ਲੋਕਾਂ ਦੀਆਂ ਗੱਲਾਂ। ਤੈਨੂੰ ਸ਼ਰਮ ਨਹੀਂ ਆਉਂਦੀ ਲੋਕਾਂ ਦੀਆਂ ਐਹੋ-ਜਿਹੀਆਂ ਗੱਲਾਂ ਸੁਣਦੇ ਨੂੰ?"

"ਇਹਦੇ ਵਿੱਚ ਸ਼ਰਮ ਕਾਹਦੀ, ਭਲੀਏ ਲੋਕੇ, ਅੱਖਾਂ ਤਾਂ ਬੰਦ ਕਰ ਸਕਦਾਂ ਕਿਸੇ ਵੇਲ਼ੇ ਪਰ ਕੰਨ ਕਿਵੇਂ ਬੰਦ ਕਰਾਂ?"

"ਬੱਸ, ਆਪਣੇ ਧਿਆਨ ਵਿੱਚ ਚਲਾਇਆ ਕਰ, ਰਿਕਸ਼ਾ।"

"ਤੂੰ ਵੀ ਬੱਸ ਝੱਲੀ ਦੀ ਝੱਲੀ ਈ ਰਹੀ....।"

"ਚੰਗੀ ਆਂ ਮੈਂ ਝੱਲੀ ਈ, ਤੂੰ ਜੋ ਬਹੁਤਾ ਸਿਆਣਾ ਹੁੰਦਾ ਜਾਂਦੈਂ।"

ਫੇਰ ਉਹੀ ਮੁਸਕਣੀ, ਦਿਲ ਵਿੱਚ ਖੁਭ ਜਾਣ ਵਾਲ਼ੀ ਕਟਾਰ ਵਾਂਗ। ਪਤਾ ਨਹੀਂ ਕਿਸ ਗੱਲ ਦਾ ਬਦਲਾ ਲੈ ਰਹੀ ਐ, ਇਹ ਮੇਰੇ ਕੋਲ਼ੋਂ? ਮੈਂ ਨਹੀਂ ਹੋਰ ਬੈਠ ਸਕਦਾ, ਐਥੇ। ਵਿਹੜੇ ਵਿੱਚ ਲੇਟਦਾ ਆਂ, ਧੁੱਪੇ। ਜ਼ਰਾ ਲੱਕ ਸਿੱਧਾ ਕਰ ਲਵਾਂ, ਥੋੜ੍ਹੀ ਦੇਰ। ਉਂਜ ਵੀ ਏਸ ਵੇਲ਼ੇ ਬਹੁਤੀ ਸਵਾਰੀ ਨਹੀਂ



Downloaded from https:// www.studiestoday.com

Downloaded from https:// www.studiestoday.com

ਮਿਲ਼ਦੀ। ਹੁਣ ਜ਼ਰਾ ਅਰਾਮ ਕਰ ਲੈ, ਬੰਤਿਆ ! ਥੋੜ੍ਹੀ ਧੁੱਪ ਸੇਕ ਕੇ ਚੱਲ ਪਈਂ ਫੇਰ ਆਪਣੀ ਰਾਹ ਉੱਤੇ। ਕਿੰਨਾ ਈ ਪੈਂਡਾ ਮਾਰ ਲੈਂਦਾ ਐਂ ਤੂੰ, ਪਰ ਪਹੁੰਚਦਾ ਕਿਤੇ ਵੀ ਨਹੀਂ। ਇਹ ਵੀ ਪਤਾ ਨਹੀਂ, ਜਾਣਾ ਕਿੱਥੇ ਐ। ਜਿਸ ਥਾਂ ਦਾ ਨਾਂ ਲੈਂਦਾ ਐ ਕੋਈ, ਆਪਾਂ ਚੱਲ ਪੈਂਦੇ ਆਂ। ਚੱਲਦੇ ਜਾਣਾ ਈ ਆਪਣਾ ਕੰਮ ਐ। ਉਹ ਸੀ ਨਾ ਇੱਕ ਗਾਣਾ, ਪੁਰਾਣਾ ਹੋ ਗਿਆ ਐ, ਹੁਣ ਤਾਂ—'ਰੁਕਨਾ ਤੇਰਾ ਕਾਮ ਨਹੀਂ, ਚਲਨਾ ਤੇਰੀ ਸ਼ਾਨ।' ਪਤਾ ਨਹੀਂ ਸ਼ਾਨ ਹੈ ਕਿ ਨਹੀਂ ਇਸ ਵਿੱਚ, ਪਰ ਐਨਾ ਜ਼ਰੂਰ ਹੈ ਕਿ ਚੱਲਦੇ ਰਹਿਣਾ ਈ ਆਪਣਾ ਕੰਮ ਐ—

"ਬਾਪੂ, ਪਾਠ ਪੜ੍ਹਾ ਦੇ ਐਸ ਕਿਤਾਬ ਦਾ।"

"ਕਿਹੜਾ ਪਾਠ, ਛੁੰਮਣਾ?"

"ਆਪਣਾ ਦੇਸ...."

"ਠਹਿਰ ਕੇ ਪੜ੍ਹ ਲਵੀਂ, ਜ਼ਰਾ ਠੌਂਕਾ ਲਾ ਲੈਣ ਦੇ ਪੰਜ ਮਿੰਟ।"

"ਹੁਣੇ ਪੜ੍ਹਾ ਦੇ, ਬਾਪੂ।"

"ਚੰਗਾ ਬਹਿ ਜਾ ਮੇਰੇ ਕੋਲ਼, ਪੜ੍ਹ।"

" 'ਸਾਡਾ ਦੇਸ ਮਹਾਨ ਦੇਸ ਹੈ'....ਮਹਾਨ ਕੀ?"

"ਮਹਾਨ ਹੁੰਦੈ—ਵੱਡਾ, ਜਿਸ ਤਰ੍ਹਾਂ ਕਿ ਸਾਡਾ ਦੇਸ ਐ।"

" 'ਇਹ ਦੇਸ ਰਿਸ਼ੀਆਂ-ਮੁਨੀਆਂ ਦਾ ਦੇਸ ਹੈ'—ਰਿਸ਼ੀ-ਮੁਨੀ ਕੀ?"

"ਰਿਸ਼ੀ-ਮੁਨੀ ਹੁੰਦੇ ਐ ਧਰਮਾਤਮਾ ਲੋਕ, ਰੱਬ ਦਾ ਨਾਂ ਲੈਣ ਵਾਲ਼ੇ..."

" 'ਇਸ ਦੇਸ ਉੱਤੇ ਸਾਨੂੰ ਬਹੁਤ ਮਾਣ ਹੈ'—ਮਾਣ ਕੀ, ਬਾਪੂ?"

"ਮਾਣ ਨਹੀਂ ਸਮਝਦਾ? ਮਤਲਬ ਇਹ ਕਿ ਬਹੁਤ ਘੁਮੰਡ ਐ ਸਾਨੂੰ ਆਪਣੇ ਦੇਸ ਉੱਤੇ—ਮਾਣ ਦਾ ਮਤਲਬ ਐ, ਘੁਮੰਡ।"

"ਮਾਣ ਦਾ ਮਤਲਬ ਐ ਘੁਮੰਡ, ਤੇ ਘੁਮੰਡ ਦਾ ਮਤਲਬ?"

"ਐਵੇਂ ਨਾ ਸਿਰ ਖਾ, ਅੱਗੇ ਚੱਲ..."

"ਅੱਗੇ ਲਿਖਿਐ—'ਸਾਡਾ ਦੇਸ ਦਿਨ ਦੂਣੀ, ਰਾਤ ਚੌਗੁਣੀ ਤਰੱਕੀ ਕਰ ਰਿਹਾ ਹੈ'—ਤਰੱਕੀ ਦਾ ਮਤਲਬ....?"

"ਮਤਲਬ ਇਹ ਕਿ ਸਾਡਾ ਦੇਸ ਅੱਗੇ ਈ ਅੱਗੇ ਜਾ ਰਿਹੈ, ਹਰ ਕੰਮ ਵਿੱਚ। ਪਿੱਛੇ ਨਹੀਂ ਇਹ ਕਿਸੇ ਤੋਂ ਵੀ। ਆਪਾਂ ਦਿਨੇ ਵੀ ਕੰਮ ਕਰਦੇ ਆਂ, ਰਾਤੀਂ ਉਸ ਤੋਂ ਵੀ ਵੱਧ ਕਰਦੇ ਆਂ, ਫੇਰ ਕਿਉਂ ਨਹੀਂ ਹੋਊ ਤਰੱਕੀ ਦੇਸ ਦੀ?"

" 'ਸਾਡੇ ਦੇਸ ਵਿੱਚ ਲੋਕ-ਰਾਜ ਹੈ'— ਲੋਕ-ਰਾਜ ਕੀ?"

"ਲੋਕ-ਰਾਜ ਦਾ ਮਤਲਬ, ਲੋਕਾਂ ਦਾ ਰਾਜ— ਜਿਸ ਤਰ੍ਹਾਂ ਕਿ ਸਾਡੇ ਮੁਲਕ ਵਿੱਚ ਐ। ਲੋਕ ਈ ਰਾਜ ਕਰਦੇ ਐ, ਰਾਜੇ-ਮਹਾਰਾਜੇ ਨਹੀਂ ਕਰਦੇ।"

"ਤੇ ਫਿਰ ਬਾਪੂ, ਰਾਜੇ-ਮਹਾਰਾਜੇ ਕਿੱਥੇ ਗਏ...?"



Downloaded from https:// www.studiestoday.com

Downloaded from https:// www.studiestoday.com

"ਉਹ, ਪੁੱਤ, ਹੁਣ ਲੋਕ ਬਣ ਗਏ ਆ।"

"ਅੱਛਾ, ਅੱਗੇ ਲਿਖਿਆ ਐ—'ਅਸੀਂ ਆਪਣੇ ਦੇਸ ਵਿੱਚੋਂ ਛੇਤੀ ਹੀ ਗ਼ਰੀਬੀ ਨੂੰ ਕੱਢ ਦੇਣ ਦਾ ਪ੍ਰਣ ਕੀਤਾ ਹੋਇਆ ਹੈ'—ਗ਼ਰੀਬੀ ਕੀ, ਬਾਪੂ?"

"ਉਏ ਤੈਨੂੰ ਇਹ ਵੀ ਨਹੀਂ ਪਤਾ—ਤੈਨੂੰ ਕੁਝ ਨਹੀਂ ਆਉਂਦਾ, ਜਾਹ ਹੁਣ, ਮੈਨੂੰ ਨੀਂਦਰ ਆਈ ਐ, ਸ਼ਾਮ ਨੂੰ ਫੇਰ ਜਾਣਾ ਐ, ਰਿਕਸ਼ਾ ਲੈ ਕੇ।"

"ਚੱਲ ਬਾਪੂ, ਇਹ ਰਹਿਣ ਦੇ ਜੇ ਤੈਨੂੰ ਨਹੀਂ ਆਂਦਾ, ਮਾਸਟਰ ਨੂੰ ਪੁੱਛ ਲਊਂ—ਤੂੰ ਇਹ ਦੱਸ ਕਿ 'ਪ੍ਰਣ' ਕੀ?"

"ਪਰਣ ਦਾ ਮਤਲਬ....? ਚੱਲ ਇਹ ਵੀ ਪੁੱਛ ਲਈਂ ਆਪਣੇ ਮਾਸਟਰ ਕੋਲ਼ੋਂ। ਉਹ ਤਾਂ ਦਸਵੀਂ ਪਾਸ ਹੋਊ, ਮੈਂ ਤਾਂ ਪੰਜਵੀਂ ਵਿੱਚੋਂ ਵੀ ਨਹੀਂ ਲੰਘ ਸਕਿਆ।"

'ਕਿਉਂ ਬਾਪੂ, ਤੂੰ ਕਿਉਂ ਪੰਜਵੀਂ ਵਿੱਚੋਂ ਨਹੀਂ ਲੰਘ ਸਕਿਆ?"

"ਗ਼ਰੀਬੀ ਬੁਰੀ ਬਲਾ ਐ, ਪੁੱਤ।"

"ਬਲਾ ਕੀ...?"

"ਜਿਹੜੀ ਮਗਰੋਂ ਨਾ ਲੱਥੇ।"

"ਮਗਰੋਂ ਨਹੀਂ ਲੱਥਦੀ, ਇਹ......?"

"ਨਹੀਂ, ਥੋੜ੍ਹੇ ਕੀਤਿਆਂ ਤਾਂ ਨਹੀਂ ਲੱਥਦੀ।"

"ਕਿਵੇਂ ਲੱਥਦੀ ਐ, ਬਾਪੂ?"

"ਜਾਹ ਵੀ ਹੁਣ, ਸੌਣ ਦੇ ਜ਼ਰਾ....ਜੇ ਸ਼ਾਮ ਨੂੰ ਨਾ ਗਿਆ ਮੈਂ ਰਿਕਸ਼ਾ ਲੈ ਕੇ ਤਾਂ...?"

"ਤਾਂ ਕੀ ਹੋਊ, ਬਾਪੂ....?"

"ਹੋਣਾ ਕੀ ਐ...? ਕੁਝ ਨਹੀਂ ਹੁੰਦਾ। ਤੂੰ ਹੁਣ ਖੇਡ-ਮੱਲ੍ਹ, ਜਾ ਕੇ ਬਾਹਰ। ਅਹਿ ਲੈ ਦਸ ਪੈਸੇ, ਖਾ ਲੈ ਕੁਝ, ਖੋਖੇ ਤੋਂ ਲੈ ਕੇ। ਕੋਈ ਭੈੜੀ ਚੀਜ਼ ਨਾ ਲਵੀਂ।"

ਧੁੱਪ ਬੜੀ ਨਿੱਘੀ ਸੀ। ਅੱਖਾਂ ਆਪਣੇ-ਆਪ ਈ ਬੰਦ ਹੁੰਦੀਆਂ ਜਾ ਰਹੀਆਂ ਸਨ। ਇੱਕ ਵਾਰ ਮੈਂ ਤਾਰੋ ਵੱਲ ਵੇਖਿਆ। ਉਹ ਸਵੈਟਰ ਬੁਣ ਰਹੀ ਸੀ। ਠੰਢ ਬਹੁਤ ਪੈ ਰਹੀ ਸੀ, ਪਰ ਸਵੈਟਰ ਮੁੱਕਣ ਵਿੱਚ ਈ ਨਹੀਂ ਸੀ ਆ ਰਿਹਾ। ਮੁੱਕ ਜਾਏਗਾ ਆਪੇ ਈ, ਬੰਤਿਆ...ਤੂੰ ਸੌਂ ਲੈ ਥੋੜ੍ਹੀ ਦੇਰ, ਫੇਰ ਜਾਣਾ ਐ ਬਾਹਰ। ਬੱਸ, ਇੱਕ ਠੌਂਕਾ ਈ ਲਾਣਾ ਐ....ਸਰੀਰ ਹਲਕਾ ਹੋ ਜਾਊ, ਜ਼ਰਾ। ਪਤਾ ਨਹੀਂ ਕਿਉਂ ਭਾਰਾ ਹੋਈ ਜਾਂਦਾ ਐ, ਸਿੱਕੇ ਵਾਂਗ....?

ਕੁਝ ਦੇਰ ਮੈਂ ਅੱਖਾਂ ਬੰਦ ਕਰ ਕੇ ਲੇਟਿਆ ਰਿਹਾ ਪਰ ਨੀਂਦ ਨਾ ਆਈ। ਕਈ ਤਰ੍ਹਾਂ ਦੇ ਵਿਚਾਰ ਮਨ ਵਿੱਚ ਉੱਠਦੇ ਰਹੇ ਅਤੇ ਫਿਰ ਕਿਤੇ ਹਨੇਰੇ ਵਿੱਚ ਗੁੰਮ ਹੁੰਦੇ ਰਹੇ। ਕਦੀ-ਕਦੀ ਬੀਤੀ ਯਾਦ ਦੀ ਤਸਵੀਰ ਮੇਰੀਆਂ ਅੱਖਾਂ ਅੱਗੇ ਆ ਕੇ ਖੜ੍ਹ ਜਾਂਦੀ ਅਤੇ ਮੈਂ ਬਿੱਟ-ਬਿੱਟ ਉਹਨੂੰ ਦੇਖਦਾ ਰਹਿੰਦਾ। ਵਿਆਹ ਤੋਂ ਪਹਿਲਾਂ ਦੀ ਇੱਕ ਘਟਨਾ ਮੈਨੂੰ ਯਾਦ ਆ ਰਹੀ ਸੀ। ਬੇਬੇ ਮੈਨੂੰ ਕਈ ਵਾਰੀ ਕਹਿ ਚੁੱਕੀ ਸੀ, ਵਿਆਹ ਕਰਵਾਉਣ ਲਈ ਪਰ ਮੈਂ ਹਾਮੀ ਨਹੀਂ ਸੀ ਭਰ ਰਿਹਾ। ਭੈਣ ਦੇ ਵਿਆਹ



Downloaded from https:// www.studiestoday.com

Downloaded from https:// www.studiestoday.com

ਦਾ ਕਰਜ਼ਾ ਹਾਲੀ ਮੇਰੇ ਸਿਰ ਉੱਤੇ ਸੀ। ਜਿੰਨਾ ਚਿਰ ਇਹ ਕਰਜ਼ਾ ਮੇਰੇ ਸਿਰ ਉੱਤੋਂ ਲੱਥ ਨਹੀਂ ਸੀ ਜਾਂਦਾ, ਮੈਂ ਵਿਆਹ ਬਾਰੇ ਸੋਚ ਵੀ ਨਹੀਂ ਸੀ ਸਕਦਾ। ਮੈਨੂੰ ਆਪਣੇ ਵਿਆਹ ਉੱਤੇ ਵੀ ਕਰਜ਼ਾ ਚੁੱਕਣਾ ਪੈਣਾ ਸੀ ਅਤੇ ਇੰਜ ਮੈਂ ਹੋਰ ਮੁਸੀਬਤ ਵਿੱਚ ਫਸ ਜਾਣਾ ਸੀ। ਉਂਜ ਵਿਆਹ ਤਾਂ ਖ਼ੁਸ਼ੀ ਦੀ ਗੱਲ ਹੁੰਦੀ ਐ ਪਰ ਜਦੋਂ ਪੱਲੇ ਪੈਸਾ ਨਾ ਹੋਵੇ ਤਾਂ ਇਹ ਉੱਕਾ ਈ ਚੰਗਾ ਨਹੀਂ ਲੱਗਦਾ।

ਮੇਰਾ ਮੰਗਣਾ ਤਾਂ ਛੋਟੇ ਹੁੰਦਿਆਂ ਈ ਹੋ ਗਿਆ ਸੀ। ਇੱਕ ਵਾਰ ਮੈਂ ਆਪਣੇ ਨਾਨਕੇ ਗਿਆ ਤਾਂ ਆਪਣੀਆਂ ਕਿਤਾਬਾਂ ਨਾਲ਼ ਲੈ ਕੇ ਗਿਆ। ਉੱਥੇ ਮੈਂ ਅੱਠ-ਦਸ ਦਿਨ ਰਹਿਣਾ ਸੀ, ਮੈਂ ਸੋਚਿਆ ਕਿ ਖੇਡਣ-ਮੱਲ੍ਹਣ ਤੋਂ ਵਿਹਲਾ ਹੋ ਕੇ ਕੁਝ ਦੇਰ ਪੜ੍ਹ ਲਿਆ ਕਰਾਂਗਾ। ਚੌਥੀ ਜਮਾਤ ਵਿੱਚ ਮਿਹਨਤ ਵੀ ਤਾਂ ਕਾਫ਼ੀ ਕਰਨੀ ਪੈਂਦੀ ਐ। ਉੱਥੇ ਜਦੋਂ ਮੈਂ ਬਸਤਾ ਖੋਲ੍ਹ ਕੇ ਬਹਿ ਜਾਂਦਾ ਤਾਂ ਮੇਰੀ ਛੋਟੀ ਮਾਮੀ ਵੀ ਮੇਰੇ ਕੋਲ਼ ਈ ਆ ਕੇ ਬਹਿ ਜਾਂਦੀ। ਉਹ ਮੇਰੀਆਂ ਕਿਤਾਬਾਂ ਨੂੰ ਫਰੋਲ਼ਦੀ ਰਹਿੰਦੀ। ਥੋੜ੍ਹਾ-ਬਹੁਤ ਉਹ ਵੀ ਪੜ੍ਹ ਲੈਂਦੀ ਸੀ।

ਇੱਕ ਦਿਨ ਉਹ ਮੈਨੂੰ ਕਹਿਣ ਲੱਗੀ—"ਤਾਰੀ ਨੇ ਵੀ ਹੁਣ ਸਕੂਲ ਜਾਣਾ ਸ਼ੁਰੂ ਕਰ ਦਿੱਤਾ ਐ।"

"ਤਾਰੀ ਕੌਣ, ਮਾਮੀ...?"

"ਵੇ ਮੇਰੀ ਭਤੀਜੀ, ਹੋਰ ਕੌਣ?"

"ਅੱਛਾ-ਅੱਛਾ....ਕੱਚੀ ਵਿੱਚ ਈ ਹੋਊ, ਉਹ?"

"ਸਾਰੀ ਪੈਂਤੀ ਲਿਖ ਲੈਂਦੀ ਏ, ਤੇ ਨਾਲ਼ੇ ਦੂਣੀ-ਤੀਣੀ ਦਾ ਭਾੜਾ ਵੀ ਯਾਦ ਕਰ ਲਿਆ ਸੂ।"

"ਪਤਾ ਈ ਮੈਨੂੰ ਕਿੰਨੇ ਭਾੜੇ ਆਉਂਦੇ ਐ...?"

"ਤੈਨੂੰ ਤਾਂ ਸਾਰੇ ਈ ਆਉਂਦੇ ਹੋਣਗੇ, ਉਹ ਹੈ ਵੀ ਤਾਂ ਹਾਲੀ ਨਿੱਕੀ ਜਿੰਨੀ।"

"ਤੇ ਹੋਰ ਕੀ...ਸਵਾਲ ਕੱਢਣੇ ਵੀ ਨਹੀਂ ਆਉਂਦੇ ਹੋਣੇ, ਉਸ ਨੂੰ।"

"ਹਾਲੀ ਕਿੱਥੇ....ਤੂੰ ਤਾਂ ਬੜਾ ਹੁਸ਼ਿਆਰ ਏਂ। ਫਟਾ-ਫਟ ਕੰਮ ਕਰ ਲੈਂਦਾ ਏਂ, ਸਕੂਲ ਦਾ।"

"ਨਾ ਕਰੀਏ ਤਾਂ ਮਾਸਟਰ ਕੰਨ ਵੀ ਫੜਾ ਦੇਂਦੇ ਨੇ।"

"ਤੂੰ ਫੜਦਾ ਹੁੰਦਾ ਏਂ, ਕੰਨ?"

"ਫੜ ਈ ਲਈਦੇ ਐ, ਕਦੀ-ਕਦਾਈ।"

"ਸਾਨੂੰ ਵੀ ਤਾਂ ਵਿਖਾ ਫੜ ਕੇ ਕੰਨ।"

"ਅਹਿ ਲੈ...."

"ਏਦਾਂ ਨਹੀਂ, ਜਿੱਦਾਂ ਸਕੂਲੇ ਫੜਦਾ ਹੁੰਦੈਂ।"

"ਏਦਾਂ ਈ ਫੜੀਦੇ ਐ, ਓਥੇ ਵੀ।"

"ਝੂਠਾ ਨਾ ਹੋਵੇ ਤੇ...."



Downloaded from https:// www.studiestoday.com

Downloaded from https:// www.studiestoday.com

"ਸੱਚ, ਭਾਵੇਂ ਮੇਰੇ ਮਾਸਟਰ ਤੋਂ ਪੁੱਛ ਲਵੀਂ।"

"ਮੈਂ ਕਿਉਂ ਪੁੱਛਾਂ...."

ਮੇਰੇ ਸਿਰ ਉੱਤੇ ਪਟੋਕੀ ਮਾਰ ਕੇ ਉਹ ਚਲੀ ਗਈ। ਮੈਨੂੰ ਉਹ ਸਭਨਾਂ ਕੋਲ਼ੋਂ ਚੰਗੀ ਲੱਗਦੀ ਸੀ। ਸਵੇਰੇ ਘਰ ਦੇ ਸਾਰੇ ਜੀਅ ਲੂਣ ਵਾਲੀ ਲੱਸੀ ਪੀਂਦੇ ਸਨ ਪਰ ਉਹ ਮੈਨੂੰ ਖੰਡ ਪਾ ਕੇ ਦੇਂਦੀ। ਮੇਰਾ ਚੰਗਾ ਜੀਅ ਲੱਗ ਗਿਆ ਸੀ, ਨਾਨਕੇ ਘਰ। ਪਰ ਛੁੱਟੀਆਂ ਮੁੱਕਣ ਵਾਲੀਆਂ ਸਨ। ਇੱਕ ਦਿਨ ਦੁਪਹਿਰੇ ਬੇਬੇ ਆ ਗਈ ਮੈਨੂੰ ਲੈਣ ਵਾਸਤੇ। ਇੱਕ ਰਾਤ ਰਹੀ ਉਹ ਉੱਥੇ, ਤੇ ਫਿਰ ਅਸੀਂ ਆਪਣੇ ਪਿੰਡ ਆ ਗਏ। ਉਸ ਰਾਤ ਛੋਟੀ ਮਾਮੀ ਮੇਰੀ ਬੇਬੇ ਨਾਲ਼ ਕਿੰਨੀ ਦੇਰ ਗੱਲਾਂ ਕਰਦੀ ਰਹੀ, ਕਦੀ ਹੌਲ਼ੀ-ਹੌਲ਼ੀ, ਕਦੀ ਜ਼ਰਾ ਉੱਚੀ। ਜਦੋਂ ਕਦੀ ਮਾਮੀ ਮੇਰਾ ਨਾਂ ਲੈਂਦੀ ਤਾਂ ਮੇਰੇ ਕੰਨ ਖੜ੍ਹੇ ਹੋ ਜਾਂਦੇ। ਮੈਂ ਗੱਲ ਸੁਣਨ ਦੀ ਕੋਸ਼ਸ਼ ਕਰਦਾ ਪਰ ਮੇਰੇ ਪੱਲੇ ਕੁਝ ਨਾ ਪੈਂਦਾ। ਫੇਰ ਮੇਰੀ ਨਾਨੀ ਤੇ ਮਾਮਾ ਵੀ ਉਹਨਾਂ ਦੇ ਕੋਲ਼ ਜਾ ਬੈਠੇ। ਮੈਂ ਥੋੜ੍ਹੀ ਦੂਰ ਮੰਜੀ ਉੱਤੇ ਬੈਠਾ ਲੈਂਪ ਦੀ ਰੋਸ਼ਨੀ ਵਿੱਚ ਪੜ੍ਹਨ ਦੀ ਕੋਸ਼ਸ਼ ਕਰ ਰਿਹਾ ਸੀ ਪਰ ਪੜ੍ਹਿਆ ਕੁਝ ਨਹੀਂ ਸੀ ਜਾਂਦਾ। ਮੇਰਾ ਧਿਆਨ ਗੱਲਾਂ ਵਿੱਚ ਸੀ ਪਰ ਮੇਰੇ ਪੱਲੇ ਕੁਝ ਨਹੀਂ ਸੀ ਪੈ ਰਿਹਾ। ਇੱਕ ਵਾਰ ਜ਼ੋਰ ਨਾਲ਼ ਅੱਖਾਂ ਮੀਟ ਕੇ ਮੈਂ ਅੱਖਾਂ ਖੋਲ੍ਹ ਦਿੱਤੀਆਂ ਤੇ ਫਿਰ ਆਪਣੇ ਧਿਆਨ ਪੜ੍ਹਨਾ ਸ਼ੁਰੂ ਕਰ ਦਿੱਤਾ....'ਗੌਤਮ ਨੇ ਪਹਿਲਾਂ ਆਪਣੀ ਪਤਨੀ ਵੱਲ ਦੇਖਿਆ ਤੇ ਫਿਰ ਬੱਚੇ ਵੱਲ। ਉਹ ਦੋਵੇਂ ਗਹਿਰੀ ਨੀਂਦ ਵਿੱਚ ਸਨ। ਉਸ ਨੇ ਹੌਲ਼ੀ ਜਿਹੀ ਦਰਵਾਜ਼ਾ ਬੰਦ ਕੀਤਾ ਅਤੇ ਬਾਹਰ ਨਿਕਲ਼ ਆਇਆ....'

ਫਿਰ ਛੇਤੀ ਹੀ ਤਾਰੀ ਨਾਲ਼ ਮੇਰਾ ਮੰਗਣਾ ਹੋ ਗਿਆ। ਉਸ ਵੇਲ਼ੇ ਦੀਆਂ ਬਹੁਤੀਆਂ ਗੱਲਾਂ ਮੈਨੂੰ ਭੁੱਲ ਗਈਆਂ ਨੇ, ਬੱਸ ਕੋਈ-ਕੋਈ ਹੀ ਯਾਦ ਹੈ। ਸਾਲ ਕੁ ਪਿੱਛੋਂ ਬਾਪੂ ਪੂਰਾ ਹੋ ਗਿਆ ਤੇ ਮੰਗਣੇ ਵਾਲ਼ੀ ਗੱਲ ਮੇਰੇ ਚਿੱਤ-ਚੇਤੇ ਵੀ ਨਾ ਰਹੀ। ਕਈ ਤਰ੍ਹਾਂ ਦੀਆਂ ਮੁਸੀਬਤਾਂ ਵਿੱਚੋਂ ਲੰਘਣਾ ਪਿਆ, ਮੈਨੂੰ। ਹੁਣ ਜ਼ਰਾ ਸਾਹ ਆਣ ਲੱਗਾ ਸੀ ਕਿ ਬੇਬੇ ਮਗਰ ਪੈ ਗਈ।

ਇੱਕ ਦਿਨ ਤਾਂ ਉਹ ਖਹਿੜੇ ਈ ਪੈ ਗਈ..."ਵੇ ਬੰਤਿਆ, ਕੁਝ ਤਾਂ ਖ਼ਿਆਲ ਕਰ ਆਪਣੀ ਬੁੱਢੀ ਮਾਂ ਦਾ।"

"ਕੀ ਗੱਲ ਐ, ਬੇਬੇ....?"

"ਗੱਲ ਕੀ ਹੋਣੀ ਐ, ਮੈਂ ਤਾਂ ਹੁਣ ਥੱਕ ਗਈ ਆਂ ਕੰਮ ਕਰ-ਕਰ ਕੇ।"

"ਫੇਰ ਵੀ ਬੇਬੇ, ਕੋਈ ਗੱਲ ਤਾਂ ਕਰ।"

"ਗੱਲ ਕੀ ਕਰਨੀ ਐ....ਵਹੁਟੀ ਲੈ ਆ ਹੁਣ, ਮੇਰਾ ਹੱਥ ਵਟਾਣ ਜੋਗੀ।"

"ਮੈਂ ਕਿੱਥੋਂ ਲੈ ਆਵਾਂ....?"

"ਹਾਅ ਕੀ ਗੱਲ ਹੋਈ, ਜਿਊਂਦੀ ਰਹੇ ਤਾਰੋ....ਕੱਲ੍ਹ ਫੇਰ ਆਇਆ ਸੀ ਸੁਨੇਹਾ, ਉਹਨਾਂ ਵੱਲੋਂ।"

"ਮੈਂ ਕੀ ਕਰਾਂ ਫੇਰ, ਬੇਬੇ....?"

"ਵੇ ਤੂੰ ਹਾਂ ਕਰ, ਕੰਨ ਈ ਨਹੀਂ ਧਰਦਾ, ਤੂੰ ਐਸ ਗੱਲ 'ਤੇ।"



Downloaded from https:// www.studiestoday.com

Downloaded from https:// www.studiestoday.com

"ਹਾਲੀ ਪਹਿਲਾ ਕਰਜ਼ਾ ਤਾਂ ਲੱਥਾ ਨਹੀਂ, ਹੋਰ ਫੜ ਲਈਏ....?"

"ਮੁੰਡਿਆਂ ਦੇ ਵਿਆਹ ਦਾ ਕੀ ਹੁੰਦੈ...ਨਾਲ਼ੇ ਆਪਾਂ ਕਿਹੜਾ ਬਹੁਤਾ ਖਿਲਾਰਾ ਕਰਨੈਂ।"

"ਜਿੰਨਾ ਚਿਰ ਕਰਜ਼ਾ ਨਹੀਂ ਲੱਥਦਾ, ਮੈਂ ਵਿਆਹ ਦਾ ਨਾਂ ਵੀ ਨਹੀਂ ਲੈਣਾ...."

"ਓਦੋਂ ਤੀਕ ਬੁੱਢਾ ਭਾਵੇਂ ਹੋ ਜਾਏਂ।"

"ਚੱਲ ਫੇਰ ਕੀ ਐ....."

ਪਰ ਬੇਬੇ ਨੇ ਗੱਲ ਐਸੀ ਫੜੀ ਕਿ ਵਿਆਹ ਕਰਵਾ ਕੇ ਈ ਛੱਡਿਆ ਮੇਰਾ। ਵਿਆਹ ਤਾਂ ਚੱਲੋ ਹੋ ਗਿਆ ਔਖੇ-ਸੌਖੇ, ਪਰ ਖਿਲਾਰਾ ਸਮੇਟਣਾ ਮੁਸ਼ਕਲ ਹੋ ਗਿਆ, ਪਿੱਛੋਂ। ਭੈਣਾਂ ਨੇ ਮੂੰਹ ਵੱਟ ਲਿਆ ਪਈ ਦਿੱਤਾ ਨਹੀਂ ਸਾਨੂੰ ਬਹੁਤਾ ਕੁਝ। ਵਿੱਤੋਂ ਬਾਹਰਾ ਹੋ ਕੇ ਅਸੀਂ ਬਣਾਇਆ ਸੀ ਉਹਨਾਂ ਲਈ ਕਈ ਕੁਝ। ਫੇਰ ਵੀ ਪਤਾ ਨਹੀਂ ਕਿਉਂ ਨਰਾਜ਼ ਸਨ, ਉਹ? ਬੇਬੇ ਨੇ ਪਤਾ ਨਹੀਂ ਕੀ ਚੱਕਰ ਚਲਾਇਆ ਕਿ ਤੁਰਨ ਲੱਗਿਆਂ ਉਹ ਦੋਵੇਂ ਖਿੜੇ ਮੱਥੇ ਵਿਦਾ ਹੋਈਆਂ। ਬਾਅਦ ਵਿੱਚ ਕਿੰਨੇ ਈ ਦਿਨ ਤਾਰੋ ਰੋਂਦੀ ਰਹੀ। ਕਦ੍ਹੇ 'ਮੇਰੇ ਟਰੰਕ ਵਿੱਚ ਆਹ ਨਹੀਂ ਹੈਗਾ, ਉਹ ਨਹੀਂ ਹੈਗਾ।' ਮੈਂ ਬਥੇਰਾ ਸਮਝਾਇਆ ਕਿ 'ਕਿਸੇ ਨਹੀਂ ਛੇੜਿਆ ਕੁਸ਼, ਐਵੇਂ ਨਾ ਅਲਜਾਮ ਲਾਈਂ ਕਿਸੇ ਉੱਤੇ।' ਪਰ ਉਹਨੇ ਛੱਡੀ ਈ ਨਾ ਇਹ ਗੱਲ, ਕਿੰਨੀ ਦੇਰ।

ਉਹਦੇ ਘੁੱਟੇ ਹੋਏ ਮੂੰਹ ਤੋਂ ਤੰਗ ਆ ਕੇ, ਮੈਂ ਵੀ ਇੱਕ ਦਿਨ ਉਸ ਨਾਲ਼ ਰੁੱਸ ਬੈਠਾ। ਸਵੇਰੇ ਮੈਂ ਦੇਰ ਨਾਲ਼ ਉੱਠਿਆ ਤੇ ਬੇਬੇ ਦੀ ਬਣਾਈ ਹੋਈ ਚਾਹ ਦਾ ਇੱਕ ਗਲਾਸ ਪੀ ਕੇ ਫੇਰ ਲੰਮਾ ਪੈ ਗਿਆ। ਮੇਰਾ ਖ਼ਿਆਲ ਸੀ ਕਿ ਤਾਰੋ ਪੁੱਛੇਗੀ ਕਿ ਮੈਂ ਕੰਮ 'ਤੇ ਕਿਉਂ ਨਹੀਂ ਸੀ ਗਿਆ। ਪਰ ਉਹਨੇ ਕੋਈ ਪਰਵਾਹ ਈ ਨਾ ਕੀਤੀ। ਦੋ ਕੁ ਵਾਰੀ ਉਹ ਕਮਰੇ ਵਿੱਚ ਆਈ ਤੇ ਕੁਝ ਲੈ ਕੇ ਬਾਹਰ ਚਲੀ ਗਈ। ਬੇਬੇ ਨੇ ਬਾਹਰੋਂ 'ਵਾਜ ਮਾਰ ਕੇ ਮੈਨੂੰ ਪੁੱਛਿਆ, ਕੰਮ 'ਤੇ ਜਾਣ ਬਾਰੇ, ਪਰ ਮੈਂ ਘੇਸਲ਼ ਵੱਟ ਛੱਡੀ। ਫੇਰ ਉਹ ਬਜ਼ਾਰ ਚਲੀ ਗਈ, ਦਾਲ਼ ਲੈਣ। ਪਿੱਛੋਂ ਮੈਂ ਤਾਰੋ ਨੂੰ ਸੱਦਿਆ, ਆਪਣੇ ਕੋਲ਼ ....

"ਗੱਲ ਤਾਂ ਸੁਣ, ਤਾਰੋ !"

"ਕੀ ਐ, ਜੀ....?"

"ਅੱਜ ਨਹੀਂ ਜਾਣਾ, ਮੈਂ ਰਿਕਸ਼ਾ ਲੈ ਕੇ।"

"ਕਿਉਂ....?"

"ਜੀਅ ਜਿਹਾ ਨਹੀਂ ਠੀਕ ਮੇਰਾ, ਅੱਜ।'

"ਬੇਬੇ ਦਾ ਨਹੀਂ ਡਰ ਕੋਈ, ਉਹ ਕੀ ਆਖੂਗੀ....?"

"ਕੀ ਆਖੂਗੀ...?"

"ਆਖੂਗੀ, ਹਾਲੀ ਦੋ ਸਾਤੇ ਵੀ ਨਹੀਂ ਹੋਏ ਵਿਆਹ ਨੂੰ ਤੇ ਮੁੰਡਾ ਆਪਣੇ ਵੱਲ ਕਰ ਲਿਆ।"



Downloaded from https:// www.studiestoday.com

Downloaded from https:// www.studiestoday.com

"ਆਪਾਂ ਦੋਵੇਂ ਈ ਤੇਰੇ ਵੱਲ ਆਂ....ਬੇਬੇ ਵੀ ਤੇ ਮੈਂ ਵੀ।"

"ਹੱਛਾ....? ਗੱਲਾਂ ਬੜੀਆਂ ਆਉਂਦੀਆਂ ਐਂ, ਤੈਨੂੰ।"

"ਹੋਰ ਵੀ ਕੁਝ ਆਉਂਦਾ ਐ, ਮੈਨੂੰ।"

"ਹੋਰ ਕੀ....?"

"ਭੰਗੜਾ ਪਾ ਸਕਦਾਂ.....।"

"ਹੀ...ਹੀ...ਹੀ...."

"ਬੋਲੀਆਂ ਪਾ ਸਕਦਾਂ....."

"ਹੀ....ਹੀ....ਹੀ...."

"ਰਿਕਸ਼ਾ ਚਲਾ ਸਕਦਾਂ...."

"ਹੀ....ਹੀ....ਹੀ...."

ਏਦਾਂ ਤਾਰੋ ਦਾ ਰੋਸਾ ਕੁਝ ਘਟਿਆ। ਹੌਲ਼ੀ-ਹੌਲ਼ੀ ਉਹ ਘਰ ਵਿੱਚ ਰਚ-ਮਿਚ ਗਈ। ਮੈਂ ਸਾਰਾ-ਸਾਰਾ ਦਿਨ ਰਿਕਸ਼ਾ ਚਲਾਂਦਾ ਰਹਿੰਦਾ। ਮੇਰਾ ਜੀਅ ਕਰਦਾ ਕਿ ਮੈਂ ਤਾਰੋ ਦੀ ਝੋਲ਼ੀ ਰੁਪਇਆਂ ਨਾਲ਼ ਭਰ ਦਿਆਂ। ਦੁਨੀਆ-ਜਹਾਨ ਦੇ ਸਾਰੇ ਸੁੱਖ ਮੈਂ ਉਸ ਨੂੰ ਦੇਣਾ ਚਾਹੁੰਦਾ ਸੀ। ਉਸ ਦੇ ਮੱਥੇ ਉੱਤੇ ਮੈਂ ਤਿਊੜੀ ਨਹੀਂ ਸੀ ਵੇਖਣਾ ਚਾਹੁੰਦਾ। ਰਾਤ ਨੂੰ ਜਦੋਂ ਮੈਂ ਪੰਜ-ਸੱਤ ਨੋਟ ਰੁਪਏ-ਰੁਪਏ ਦੇ ਉਹਦੇ ਹੱਥ ਉੱਤੇ ਰੱਖਦਾ ਤਾਂ ਉਹਦੇ ਮੂੰਹ ਉੱਤੇ ਖੇੜਾ ਆ ਜਾਂਦਾ। ਉਸ ਵੇਲ਼ੇ ਮੇਰੀ ਸਾਰੀ ਥਕਾਵਟ ਦੂਰ ਹੋ ਜਾਂਦੀ। ਮੇਰਾ ਜੀਅ ਕਰਦਾ ਕਿ ਰਿਕਸ਼ਾ ਲੈ ਕੇ ਮੈਂ ਫਿਰ ਤੁਰ ਪਵਾਂ, ਕਮਾਉਣ ਲਈ।

ਕਦੀ-ਕਦੀ ਐਨਾ ਮੰਦਾ ਲੱਗਦਾ ਕਿ ਤਿੰਨ-ਚਾਰ ਰੁਪਏ ਈ ਕਮਾਏ ਜਾਂਦੇ। ਉਦੋਂ ਮੇਰਾ ਘਰ ਮੁੜਨ ਨੂੰ ਜੀਅ ਨਾ ਕਰਦਾ। ਅਖੀਰ ਜਦੋਂ ਮੈਂ ਘਰ ਮੁੜਦਾ ਤਾਂ ਐਨਾ ਥੱਕਾ-ਟੁੱਟਾ ਹੋਇਆ ਕਿ ਘਰ ਪਹੁੰਚਦਿਆਂ ਹੀ ਮੰਜੀ ਉੱਤੇ ਪੈ ਜਾਂਦਾ। ਰੋਟੀ ਖਾਣ ਨੂੰ ਉੱਕਾ ਈ ਜੀਅ ਨਾ ਕਰਦਾ। ਤਾਰੋ ਜਦੋਂ ਮੇਰੇ ਹੱਥੋਂ ਥੋੜ੍ਹੇ ਜਿਹੇ ਪੈਸੇ ਫੜਦੀ ਤਾਂ ਉੱਥੇ ਹੀ ਖੜ੍ਹੀ ਦੀ ਖੜ੍ਹੀ ਰਹਿ ਜਾਂਦੀ। ਮੈਂ ਉਸ ਵੱਲ ਵੇਖਿਆਂ ਬਗ਼ੈਰ ਈ ਕਹਿ ਦਿੰਦਾ—'ਅੱਜ ਪਹਿਲਾਂ ਪਟਾਕਾ ਪੈ ਗਿਆ, ਫਿਰ ਚੱਕਾ ਵਿੰਗਾ ਹੋ ਗਿਆ।' ਏਸ ਗੱਲ ਦਾ ਉਸ ਨੂੰ ਯਕੀਨ ਨਾ ਆਉਂਦਾ। ਫੇਰ ਵੀ ਉਹ ਮੇਰੀ ਗੱਲ ਮੰਨ ਲੈਂਦੀ ਤੇ ਇੱਕ ਹਉਕਾ ਭਰਦੀ ਹੋਈ ਕਹਿੰਦੀ—'ਸੁੱਖ ਚਾਹੀਦੀ ਐ, ਪੈਸਿਆਂ ਦਾ ਕੀ ਐ।'

ਉਸ ਵੇਲ਼ੇ ਮੈਨੂੰ ਇੰਜ ਲੱਗਦਾ ਜਿਵੇਂ ਤਾਰੋ ਇਕਦਮ ਬੁੱਢੀ ਹੋ ਗਈ ਹੋਵੇ। ਮੈਨੂੰ ਉਹਦੇ ਉੱਤੇ ਤਰਸ ਆਉਂਦਾ ਤੇ ਨਾਲ਼ੇ ਆਪਣੇ-ਆਪ ਨਾਲ਼ ਨਫ਼ਰਤ ਜਿਹੀ ਹੋਣ ਲੱਗਦੀ। ਮੈਂ ਝੂਠ ਕਿਉਂ ਬੋਲਦਾ ਸਾਂ, ਆਖ਼ਰ? ਸ਼ਾਇਦ ਇਸ ਲਈ ਕਿ ਮੈਂ ਇਹ ਨਹੀਂ ਸੀ ਦੱਸਣਾ ਚਾਹੁੰਦਾ ਕਿ ਮੈਂ ਘੱਟ ਕਮਾਈ ਕੀਤੀ ਸੀ। ਪਰ ਇਹ ਗੱਲ ਮੇਰੇ ਵੱਸ ਵਿੱਚ ਨਹੀਂ ਸੀ। ਮੇਰੇ ਵੱਸ ਵਿੱਚ ਤਾਂ ਕੰਮ ਕਰਨਾ ਸੀ ਜਾਂ ਕੰਮ ਦੀ ਭਾਲ਼ ਕਰਨਾ।

ਬਸੰਤ ਪੰਚਮੀ ਵਾਲ਼ੇ ਦਿਨ ਮੇਰੇ ਦਿਲ ਵਿੱਚ ਪਤਾ ਨਹੀਂ ਕੀ ਆਈ ਕਿ ਮੈਂ ਤਾਰੋ ਅਤੇ ਬੇਬੇ ਨੂੰ ਰਿਕਸ਼ਾ ਵਿੱਚ ਬਿਠਾ ਕੇ ਛਿਹਰਟੇ ਗੁਰਦੁਆਰੇ ਵੱਲ ਤੁਰ ਪਿਆ। ਬੇਬੇ ਕਵ੍ਹੇ, 'ਅਸੀਂ ਬੱਸ ਵਿੱਚ



Downloaded from https:// www.studiestoday.com

Downloaded from https:// www.studiestoday.com

ਚਲੀਆਂ ਜਾਨੀਆਂ ਆਂ।' ਤਾਰੋ ਕਵ੍ਹੇ, 'ਮੈਨੂੰ ਸ਼ਰਮ ਆਉਂਦੀ ਐ ਤੇਰੇ ਰਿਕਸ਼ੇ ਵਿੱਚ ਬੈਠਦੀ ਨੂੰ।' ਮੈਂ ਕਿਸੇ ਦੀ ਨਾ ਸੁਣੀ। ਏਨਾ ਜ਼ਰੂਰ ਮੈਂ ਕਰ ਲਿਆ ਕਿ ਘਰ ਤੋਂ ਥੋੜ੍ਹੀ ਦੂਰ ਜਾ ਕੇ ਖੜ੍ਹਾ ਹੋ ਗਿਆ। ਉਹ ਦੋਵੇਂ, ਰੋਟੀਆਂ ਦੀ ਪੋਟਲ਼ੀ ਹੱਥ ਵਿੱਚ ਲੈ ਕੇ, ਉੱਥੇ ਪੁੱਜ ਗਈਆਂ। ਮੈਂ ਉਹਨਾਂ ਦੀ ਏਨੀ ਗੱਲ ਤਾਂ ਮੰਨ ਲਈ ਕਿ ਗਲ਼ੀ-ਗਵਾਂਢ ਦੇ ਸਾਹਮਣੇ ਉਹ ਮੇਰੇ ਰਿਕਸ਼ੇ ਵਿੱਚ ਨਾ ਬੈਠਣ। ਫੇਰ ਜਦੋਂ ਰਿਕਸ਼ਾ ਚੱਲਣਾ ਸ਼ੁਰੂ ਹੋ ਗਿਆ ਤਾਂ ਬੱਸ ਚੱਲਦਾ ਈ ਗਿਆ, ਅਗਾਂਹ ਦੀ ਅਗਾਂਹ। ਲੋਕ ਜਾ ਰਹੇ ਸਨ ਬੱਸਾਂ ਵਿੱਚ, ਟਾਂਗਿਆਂ ਵਿੱਚ ਤੇ ਸਾਈਕਲਾਂ ਉੱਤੇ। ਕੋਈ-ਕੋਈ ਰਿਕਸ਼ਾ ਵਿੱਚ ਵੀ ਜਾ ਰਿਹਾ ਸੀ। ਉਂਜ ਐਨੀ ਦੂਰ ਕੋਈ ਰਿਕਸ਼ੇ ਵਾਲ਼ਾ ਘੱਟ ਈ ਆਉਂਦਾ ਸੀ, ਨਾਲ਼ੇ ਵਾਧੂ ਪੈਸੇ ਖ਼ਰਚਣ ਨੂੰ ਕੋਈ ਤਿਆਰ ਵੀ ਨਹੀਂ ਸੀ। ਬੱਸ ਜਾਂ ਟਾਂਗੇ ਵਿੱਚ ਜਾਣਾ ਚੋਖਾ ਸਸਤਾ ਸੀ।

ਬੰਦਿਆਂ ਨੇ ਬਸੰਤੀ ਪੱਗਾਂ ਬੰਨ੍ਹੀਆਂ ਹੋਈਆਂ ਸਨ ਤੇ ਤੀਵੀਆਂ ਦੇ ਸਿਰਾਂ ਉੱਤੇ ਸਨ, ਬਸੰਤੀ ਚੁੰਨੀਆਂ। ਬੇਬੇ ਤਾਂ ਨਹੀਂ ਸੀ ਮੰਨੀ ਆਪਣਾ ਦੁਪੱਟਾ ਰੰਗਾਣ ਲਈ ਪਰ ਤਾਰੋ ਨੇ ਆਪਣੀ ਚੁੰਨੀ ਰੰਗਾ ਲਈ ਸੀ। ਕਿੰਨਾ ਚੰਗਾ-ਚੰਗਾ ਲੱਗ ਰਿਹਾ ਸੀ ਮੈਨੂੰ ਸਭ ਕੁਝ, ਉਸ ਦਿਨ। ਖ਼ਾਲਸਾ ਕਾਲਜ ਤੋਂ ਅੱਗੇ ਭੀੜ ਜ਼ਿਆਦਾ ਸੀ। ਮੈਂ ਵੀ ਰਿਕਸ਼ਾ ਹੌਲ਼ੀ ਕਰ ਲਿਆ। ਉਂਜ ਵੀ ਬੇਬੇ ਕਈ ਵਾਰ ਕਹਿ ਚੁੱਕੀ ਸੀ—'ਹੌਲ਼ੀ ਚਲਾ ਵੇ ਰਿਕਸ਼ਾ, ਬੰਤਿਆ....ਤੈਨੂੰ ਦੀਂਹਦਾ ਨਹੀਂ, ਕੁੜੀ ਦੀ ਹਾਲਤ ਤਾਂ ਵੇਖ।' ਕੀ ਵੇਖਦਾ ਮੈਂ ਕੁੜੀ ਦੀ ਹਾਲਤ? ਚੰਗੀ- ਭਲੀ ਤਾਂ ਸੀ। ਉਹ ਸਗੋਂ ਖ਼ੁਸ਼ ਹੋ ਰਹੀ ਸੀ ਤੇ ਬੇਬੇ ਐਵੇਂ ਆਪਣੀਆਂ ਈ ਮਾਰੀ ਜਾ ਰਹੀ ਸੀ। ਰੱਬ-ਸਬੱਬੀ ਰਿਕਸ਼ਾ ਹੌਲ਼ੀ ਕਰਨਾ ਪੈ ਗਿਆ, ਸਾਰਾ ਸਵਾਦ ਈ ਜੀਕਣ ਮਾਰਿਆ ਗਿਆ....

"ਲੈ ਬੇਬੇ, ਹੁਣ ਤਾਂ ਠੀਕ ਐ...?"

"ਹਾਹੋ ਪੁੱਤ, ਹੌਲ਼ੀ ਚਲਾ....ਕਿੱਦਾਂ ਡਿਗੂੰ-ਡਿਗੂੰ ਕਰਦੀਆਂ ਵਾਂ, ਅਸੀਂ।"

"ਕੋਈ ਨਹੀਂ ਬੇਬੇ....ਤਾਰੋ ਨੇ ਜੋ ਫੜਿਆ ਹੋਇਆ ਐ, ਤੈਨੂੰ।"

"ਲੈ ਕਿੱਥੇ.... ? ਉਹਨੇ ਫੜਿਆ ਹੋਇਆ ਐ ਮੈਨੂੰ ਕਿ ਮੈਂ ਫੜਿਆ ਹੋਇਆ ਐ, ਉਹਨੂੰ।"

ਮੈਂ ਪਿੱਛੇ ਮੁੜ ਕੇ ਵੇਖਿਆ। ਸੱਚ-ਮੁੱਚ ਬੇਬੇ ਨੇ ਪਿੱਛੋਂ ਦੀ ਬਾਂਹ ਪਾ ਕੇ ਤਾਰੋ ਨੂੰ ਫੜਿਆ ਹੋਇਆ ਸੀ ਤੇ ਨਾਲ਼ੇ ਤਾਰੋ ਨੇ ਆਪਣੇ ਹੱਥ ਵਿੱਚ ਬੇਬੇ ਦਾ ਇੱਕ ਹੱਥ ਘੁੱਟ ਕੇ ਫੜਿਆ ਹੋਇਆ ਸੀ। ਮੈਨੂੰ ਹਾਸਾ ਆ ਗਿਆ। ਕੋਈ ਟਿੱਚਰ ਕਰਨ ਨੂੰ ਮੇਰਾ ਜੀਅ ਕੀਤਾ...

"ਇਹ ਕੋਈ ਵ੍ਹਾਈ ਜਾਜ੍ਹ ਤਾਂ ਨਹੀਂ, ਤਾਰੋ...ਕਿੰਜ ਬੈਠੀਆਂ ਹੋਈਆਂ, ਤੁਸੀਂ?"

"ਜੇ ਡਿਗ ਪਈਆਂ ਤਾਂ ਲੱਗ ਜੂ ਪਤਾ, ਵ੍ਹਾਈ ਜਾਜ੍ਹ ਐ ਕਿ...."

"ਲੈ ਕਮਲ਼ੀ ਨਾ ਹੋਵੇ ਤੇ, ਡਿਗਣ ਦੇਨੇ ਆਂ, ਆਪਾਂ ?"

"ਕੀ ਪਤਾ ਲੱਗਦੈ.....?"

ਪਤਾ ਤਾਂ ਨਹੀਂ ਲੱਗਦਾ ਕਈ ਵਾਰ, ਪਰ ਮੇਰਾ ਜੀਅ ਕਰ ਰਿਹਾ ਸੀ ਅਸਮਾਨ ਉੱਤੇ ਉੱਡਣ ਨੂੰ। ਬੇਬੇ ਬੈਠੀ ਹੋਈ ਸੀ ਤੇ ਨਾਲ਼ ਈ ਤਾਰੋ ਬੈਠੀ ਹੋਈ ਸੀ, ਤੇ ਮੈਂ ਚਲਾ ਰਿਹਾ ਸੀ, ਰਿਕਸ਼ਾ। ਹੋਰ ਕੀ ਚਾਹੀਦਾ ਸੀ, ਮੈਨੂੰ? ਬੜੇ ਚਿਰ ਪਿੱਛੋਂ ਮੇਰਾ ਹੱਸਣ ਨੂੰ ਜੀਅ ਕੀਤਾ ਸੀ। ਛੋਟੇ ਹੁੰਦਿਆਂ ਬੇਬੇ



Downloaded from https:// www.studiestoday.com

Downloaded from https:// www.studiestoday.com

ਕਈ ਵਾਰੀ ਕਹਿ ਦੇਂਦੀ ਹੁੰਦੀ ਸੀ.....'ਵੇ ਨਾ ਹੱਸ ਐਨਾ, ਰੋਏਂਗਾ ਪਿੱਛੋਂ।' ਪਤਾ ਨਹੀਂ ਕੀ ਆਦਤ ਸੀ ਬੇਬੇ ਦੀ, ਐਵੇਂ ਟੋਕਣ ਦੀ। ਹੁਣ ਕਿਉਂ ਨਹੀਂ ਕਹਿੰਦੀ—'ਵੇ ਹੱਸਿਆ ਵੀ ਕਰ ਕਦੀ, ਬੰਤਿਆ!'

ਰੇਲਵੇ ਫਾਟਕ ਤੋਂ ਉਰ੍ਹਾਂ ਈ ਇੱਕ ਹਵੇਲੀ ਜਿਹੀ ਵਿੱਚ ਰਿਕਸ਼ਾ ਖੜ੍ਹਾ ਕਰ ਕੇ ਅਸੀਂ ਗੁਰਦੁਆਰੇ ਵੱਲ਼ ਨੂੰ ਤੁਰ ਪਏ। ਸਿਖਰ ਦੁਪਹਿਰ ਸੀ ਉਸ ਵੇਲ਼ੇ ਤੇ ਭੀੜ ਦੀ ਵੀ ਹੱਦ ਨਹੀਂ ਸੀ ਕੋਈ। ਤਾਰੋ ਕਦੀ ਮੇਰੇ ਨਾਲ਼ ਆ ਰਲ਼ਦੀ, ਕਦੇ ਬੇਬੇ ਦੇ ਨਾਲ਼ ਹੋ ਜਾਂਦੀ। ਬੇਬੇ ਨੇ ਰੋਟੀਆਂ ਦੀ ਪੋਟਲ਼ੀ ਚੁੱਕੀ ਹੋਈ ਸੀ ਤੇ ਚੱਲਦੀ ਆ ਰਹੀ ਸੀ, ਆਪਣੀ ਚਾਲੇ—

"ਥੱਕ ਤਾਂ ਨਹੀਂ ਗਈ, ਬੇਬੇ?"

"ਲੈ ਥੱਕਣਾ ਕੀ ਐ, ਅਹਿ ਵੀ ਕੋਈ ਵਾਟ ਐ?"

"ਪਹਿਲਾਂ ਛਕ ਈ ਨਾ ਲਈਏ, ਰੋਟੀਆਂ? ਪਕੌੜੇ ਲੈ ਲੈਂਦੇ ਆਂ, ਚਵਾਨੀ ਦੇ।"

"ਨਹੀਂ ਪੁੱਤ, ਪਹਿਲਾਂ ਅੰਦਰ ਮੱਥਾ ਟੇਕ ਆਈਏ...."

"ਹਾਲੀ ਤਾਂ ਬੜੀ ਭੀੜ ਐ, ਅੱਧਾ ਘੰਟਾ ਵਾਰੀ ਨਹੀਂ ਆਉਣੀ, ਅੰਦਰ ਜਾਣ ਦੀ।"

"ਇਹ ਭੀੜ ਤਾਂ ਹੁਣ ਏਦਾਂ ਈ ਰਹਿਣੀ ਐ, ਸ਼ਾਮ ਤੋੜੀ...."

"ਤਾਰੋ ਨੂੰ ਭੁੱਖ ਲੱਗੀ ਹੋਊ, ਬੇਬੇ ?"

"ਜੀਅ ਆਪਣਾ ਕਰਦੈ ਰੋਟੀ ਖਾਣ ਨੂੰ, ਤੇ ਨਾਂ ਮੇਰਾ।"

ਅਸੀਂ ਸੱਭੇ ਹੱਸ ਪਏ। ਬੇਬੇ ਨੇ ਰੋਟੀਆਂ ਵਾਲੀ ਪੋਟਲ਼ੀ ਹੋਰ ਘੁੱਟ ਕੇ ਫੜ ਲਈ। ਗੁਰਦੁਆਰੇ ਤੋਂ ਬਾਹਰ ਹਲਟ ਚੱਲ ਰਿਹਾ ਸੀ ਤੇ ਕਈ ਜਣੇ ਨ੍ਹਾ ਰਹੇ ਸਨ। ਇੱਕ ਪਾਸੇ ਵੱਲ ਨੂੰ ਚੁਬੱਚਾ ਸੀ ਪਾਣੀ ਦਾ, ਜਿੱਥੋਂ ਪੈਰ ਧੋ ਕੇ ਅੰਦਰ ਜਾਈਦਾ ਸੀ। ਅੰਦਰ ਜਾਂਦਿਆਂ ਈ ਜਿਵੇਂ ਮਨ ਨੂੰ ਸ਼ਾਂਤੀ ਆ ਗਈ। ਆਪਣੇ ਆਪ ਈ ਸਿਰ ਝੁਕ ਗਿਆ ਬਾਬੇ ਅੱਗੇ, ਤੇ ਹੱਥ ਜੋੜੇ ਗਏ। ਕੀਰਤਨ ਹੋ ਰਿਹਾ ਸੀ ਬਾਣੀ ਦਾ ਤੇ ਸੰਗਤਾਂ ਸੁਣ ਰਹੀਆਂ ਸਨ ਪੂਰੇ ਧਿਆਨ ਨਾਲ਼। ਮੱਥਾ ਟੇਕ ਕੇ ਮੈਂ ਪ੍ਰਸ਼ਾਦ ਲਿਆ ਕੇ ਛਕ ਲਿਆ ਉੱਥੇ ਈ। ਫਿਰ ਫੁੱਲਾਂ ਦਾ ਪ੍ਰਸ਼ਾਦ ਲਿਆ ਤੇ ਉਹ ਅੱਖਾਂ ਨੂੰ ਲਾ ਕੇ ਪੱਗ ਵਿੱਚ ਟੁੰਗ ਲਏ। ਚਿੱਤ ਬੜਾ ਪ੍ਰਸੰਨ ਸੀ ਉਸ ਘੜੀ। ਬਾਹਰ ਨਿਕਲ਼ ਕੇ ਮੈਂ ਇੱਕ ਪਾਸੇ ਖੜ੍ਹਾ ਹੋ ਗਿਆ। ਝੱਟ ਈ ਉਹ ਦੋਵੇਂ ਬਾਹਰ ਆ ਗਈਆਂ। ਉਹਨਾਂ ਨੇ ਪ੍ਰਸ਼ਾਦ ਹਾਲੀ ਵੀ ਹੱਥ ਵਿੱਚ ਫੜਿਆ ਹੋਇਆ ਸੀ। ਪਹਿਲਾਂ ਬੇਬੇ ਨੇ ਆਪਣੇ ਪ੍ਰਸ਼ਾਦ ਵਿੱਚੋਂ ਥੋੜ੍ਹਾ ਪ੍ਰਸ਼ਾਦ ਮੈਨੂੰ ਦਿੱਤਾ, ਫੇਰ ਤਾਰੋ ਨੇ। ਮੈਂ ਦੋਂਹਾਂ ਕੋਲ਼ੋਂ ਪ੍ਰਸ਼ਾਦ ਲੈ ਲਿਆ।

ਬੇਬੇ ਆਪਣੀ ਈ ਕਿਸੇ ਸੋਚ ਵਿੱਚ ਸੀ, ਕਹਿਣ ਲੱਗੀ—"ਰੱਬ ਸੁੱਖ ਰੱਖੇ, ਅਗਲੇ ਸਾਲ ਆਵਾਂਗੀ, ਕਾਕੇ ਨੂੰ ਨਾਲ਼ ਲੈ ਕੇ।"

ਉਹ ਦੋਵੇਂ ਇੱਕ ਖੇਤ ਦੇ ਲਾਗੇ ਬੈਠ ਗਈਆਂ ਤੇ ਮੈਂ ਪਕੌੜੇ ਲੈਣ ਚਲਾ ਗਿਆ। ਚਵਾਨੀ ਦੇ ਪਕੌੜੇ ਲਏ ਤੇ ਉੱਪਰ ਕਿੰਨੀ ਸਾਰੀ ਚਟਣੀ। ਵਾਹ-ਵਾਹ ਭਾਰੀ ਸੀ ਰੋਟੀਆਂ ਦੀ ਪੋਟਲ਼ੀ ਪਰ ਛੇਤੀ ਹੀ ਮੁੱਕ ਗਈਆਂ ਰੋਟੀਆਂ। ਉਂਜ ਰੱਜ ਆ ਗਿਆ ਚੰਗਾ। ਅੰਬ ਦਾ ਅਚਾਰ ਵੀ ਸੀ ਨਾਲ਼। ਲਾਗੇ ਹੀ ਖੂਹ ਚੱਲ ਰਿਹਾ ਸੀ। ਪਾਣੀ ਵੀ ਠੰਢਾ ਤੇ ਮਿੱਠਾ। ਲੰਮਾ ਪੈ ਗਿਆ ਫੇਰ ਮੈਂ ਪੱਗ ਸਿਰ ਥੱਲੇ



Downloaded from https:// www.studiestoday.com

Downloaded from https:// www.studiestoday.com

ਰੱਖ ਕੇ। ਬੇਬੇ ਤੇ ਤਾਰੋ ਗੱਲਾਂ ਕਰਦੀਆਂ ਰਹੀਆਂ, ਆਪਣੀਆਂ ਈ ਕੋਈ। ਬੜੀ ਰੌਣਕ ਸੀ ਚਾਰੇ ਪਾਸੇ। ਕਈ ਤਰ੍ਹਾਂ ਦੀਆਂ 'ਵਾਜਾਂ ਪੈ ਰਹੀਆਂ ਸਨ ਕੰਨਾਂ ਵਿੱਚ। ਪਰ ਹੌਲ਼ੀ-ਹੌਲ਼ੀ ਮੇਰੀਆਂ ਅੱਖਾਂ ਬੰਦ ਹੁੰਦੀਆਂ ਜਾ ਰਹੀਆਂ ਸਨ-

"ਸੁੱਤੇ ਈ ਰਹਿਣਾ ਐ, ਅੱਜ—ਧੁੱਪ ਵੇਖ ਕਿੰਨੀ ਉੱਚੀ ਚਲੀ ਗਈ ਐ।" ਤਾਰੋ ਦੀ 'ਵਾਜ ਮੇਰੇ ਕੰਨ ਵਿੱਚ ਪਈ।

ਇੱਕ ਪਲ ਲਈ ਮੈਨੂੰ ਇੰਜ ਲੱਗਾ ਜਿਵੇਂ ਮੈਂ ਉਸ ਬਸੰਤ ਪੰਚਮੀ ਦੇ ਮੌਕੇ 'ਤੇ ਗੁਰਦੁਆਰੇ ਤੋਂ ਥੋੜ੍ਹੀ ਦੂਰ ਹਰੇ-ਭਰੇ ਪੀਲ਼ੇ ਫੁੱਲਾਂ ਵਾਲ਼ੇ ਖੇਤ ਦੇ ਲਾਗੇ, ਪੱਗ ਉੱਤੇ ਸਿਰ ਰੱਖ ਕੇ ਲੰਮਾ ਪਿਆ ਹੋਵਾਂ। ਪਰ ਨਹੀਂ, ਉਹ ਤਾਂ ਬਹੁਤ ਪੁਰਾਣੀ ਗੱਲ ਸੀ। ਇਸ ਤੋਂ ਪਿੱਛੋਂ ਸਾਡੇ ਘਰ ਕਾਕਾ ਹੋਇਆ ਅਤੇ ਫਿਰ ਉੱਪਰੋ-ਥਲ਼ੀ ਦੋ ਕੁੜੀਆਂ। ਹੁਣ ਉਹ ਪੁਰਾਣੀਆਂ ਗੱਲਾਂ ਇੱਕ ਸੁਫਨੇ ਵਾਂਗ ਜਾਪਦੀਆਂ ਨੇ। ਉਹ ਦਿਨ ਝੱਟ ਈ ਬੀਤ ਗਏ ਅਤੇ ਫਿਰ ਇੱਕ ਲੰਮੀ ਖਿੱਚੋ-ਤਾਣ ਸ਼ੁਰੂ ਹੋ ਗਈ। ਤਾਰੋ ਉਸ ਦਿਨ ਤੋਂ ਪਿੱਛੋਂ ਮੇਰੇ ਰਿਕਸ਼ੇ ਵਿੱਚ ਨਹੀਂ ਬੈਠੀ। ਬੱਸ, ਐਵੇਂ ਸੰਗਦੀ ਐ।

ਇੱਕ ਹੋਰ ਘਟਨਾ ਮੈਨੂੰ ਚੇਤੇ ਆ ਰਹੀ ਸੀ—

"ਤੂੰ ਇਉਂ ਕਰ, ਤਾਰੋ, ਮੁੰਡੇ ਨੂੰ ਲੈ ਕੇ ਰਿਕਸ਼ੇ ਵਿੱਚ ਬਹਿ ਜਾ ਤੇ ਵੈਦ ਨੂੰ ਵਿਖਾ ਆਈਏ ਇਹਨੂੰ...."

"ਮੈਂ ਨਹੀਂ ਬਹਿਣਾ ਤੇਰੇ ਰਿਕਸ਼ੇ ਵਿੱਚ..."

"ਕਿਉਂ? ਮੈਂ ਤੈਨੂੰ ਕਿਤੇ ਲੈ ਤਾਂ ਨਹੀਂ ਚੱਲਾ।"

"ਸਗੋਂ ਲੈ ਚੱਲ ਨਾ ਕਿਤੇ, ਮੇਰਾ ਨਹੀਂ ਜੀਅ ਲੱਗਦਾ, ਐਥੇ।"

"ਐਥੇ ਤੈਨੂੰ ਕੰਮ ਜੋ ਕਰਨਾ ਪੈਂਦੈ, ਘਰ ਦਾ।"

"ਘਰ ਦੇ ਕੰਮ ਤੋਂ ਨਹੀਂ ਮੈਂ ਭੱਜਦੀ, ਪਰ ਬੇਬੇ ਦੀਆਂ ਸਾੜਵੀਆਂ ਨਹੀਂ ਸੁਣੀਆਂ ਜਾਂਦੀਆਂ, ਮੈਥੋਂ।"

"ਬੇਬੇ ਨੂੰ ਨਾ ਬੁਰਿਆਂ ਬਣਾਇਆ ਕਰ ਹਰ ਵੇਲ਼ੇ।"

"ਬੁਰੀ ਤਾਂ ਮੈਂ ਆਂ, ਮੈਂ ਕਿਸੇ ਹੋਰ ਨੂੰ ਬੁਰਾ ਨਹੀਂ ਕਹਿੰਦੀ।"

"ਚੱਲ ਛੱਡ, ਇਸ ਗੱਲ ਨੂੰ...."

"ਤੂੰ ਤਾਂ ਮੈਨੂੰ ਈ ਬੁਰਾ ਸਮਝਦਾ ਐਂ...."

"ਫੇਰ ਉਹੀ ਗੱਲ—ਛੱਡ ਵੀ ਖਹਿੜਾ ਹੁਣ ਐਸ ਗੱਲ ਦਾ। ਚੁੱਕ ਮੁੰਡਾ ਤੇ ਚੱਲੀਏ ਵੈਦ ਵੱਲ, ਇਹਦੇ ਤਾਂ ਜੁਲਾਬ ਹੀ ਨਹੀਂ ਹਟਦੇ ਰਾਤ ਦੇ ....।"

"ਪਰ ਮੈਂ ਤੇਰੇ ਰਿਕਸ਼ੇ ਵਿੱਚ ਨਹੀਂ ਬਹਿਣਾ...."

"ਫ਼ਿਕਰ ਨਾ ਕਰ, ਡੇਗਦਾ ਨਹੀਂ ਤੈਨੂੰ....."

"ਸੰਗ ਨਾ ਆਊ, ਮੈਨੂੰ?"

"ਕਾਹਦੀ ਸੰਗ?"



Downloaded from https:// www.studiestoday.com

Downloaded from https:// www.studiestoday.com

"ਤੇਰੇ ਰਿਕਸ਼ੇ ਵਿੱਚ ਬੈਠਦੀ ਨੂੰ...."

"ਉਦੋਂ ਵੀ ਤਾਂ ਬੈਠੀ ਸੀ, ਬਸੰਤੀ ਚੁੰਨੀ ਲੈ ਕੇ।"

"ਬੇਬੇ ਜੋ ਸੀ ਨਾਲ਼ ਉਦੋਂ, ਹੁਣ ਨਹੀਂ ਮੈਂ ਬਹਿਣਾ।"

"ਐਵੇਂ ਅੜੀ ਨਾ ਕਰ ਤੇ ਬਹਿ ਜਾ...."

"ਮੈਂ ਬੈਠੀ ਰਵ੍ਹਾਂ ਤੇ ਤੂੰ ਚਲਾਂਦਾ ਰਵ੍ਹੇਂ ਰਿਕਸ਼ਾ...."

"ਚੰਗਾ ਫੇਰ ਤੂੰ ਚਲਾ ਰਿਕਸ਼ਾ ਤੇ ਮੈਂ ਬੈਠ ਜਾਨਾਂ ਮੁੰਡਾ ਫੜ ਕੇ।"

"ਹੀ....ਹੀ.....ਹੀ....."

"ਹੱਸਦੀ ਕਿਉਂ ਐਂ....ਚੱਲ, ਚਲਾ ਹੁਣ ਰਿਕਸ਼ਾ।"

"ਹੀ.....ਹੀ.....ਹੀ......"

ਬੜੇ ਚਿਰ ਪਿੱਛੋਂ ਹੱਸੀ ਸੀ, ਉਹ ਉਦੋਂ। ਜਦੋਂ ਦਾ ਫੁੰਮਣ ਹੋਇਆ ਸੀ, ਉਸ ਨੂੰ ਕੋਈ ਨਾ ਕੋਈ ਤਕਲੀਫ਼ ਲੱਗੀ ਈ ਰਹਿੰਦੀ ਸੀ। ਨਾਲ਼ੇ ਘਰ ਦਾ ਖ਼ਰਚ ਵੀ ਵਧ ਗਿਆ ਸੀ। ਪੈਸੇ ਦਾ ਤਾਂ ਪਤਾ ਨਹੀਂ ਲੱਗਦਾ, ਕਿੱਧਰੋਂ ਆਇਆ ਤੇ ਕਿੱਧਰ ਗਿਆ। ਬੇਬੇ ਦਾ ਸੁਭਾਅ ਵੀ ਹੁਣ ਚਿੜਚਿੜਾ ਹੋ ਗਿਆ ਸੀ। ਉਹ ਵੇਲ਼ੇ-ਕੁਵੇਲ਼ੇ ਤਾਰੋ ਨੂੰ ਕੋਈ ਨਾ ਕੋਈ ਸਾੜਵੀਂ ਗੱਲ ਲਾਂਦੀ ਰਹਿੰਦੀ। ਇੱਕ ਚੀਜ਼ ਮੈਂ ਪਰਤਿਆ ਕੇ ਵੇਖੀ ਸੀ, ਇਹਨਾਂ ਦੋਂਹਾਂ ਵਿੱਚ। ਜਿਸ ਦਿਨ ਮੈਂ ਬਹੁਤੇ ਪੈਸੇ ਕਮਾ ਕੇ ਲਿਆਉਂਦਾ, ਉਸ ਦਿਨ ਉਹ ਸਾਰਾ ਦਿਨ ਨਾ ਲੜਦੀਆਂ। ਜਿਸ ਦਿਨ ਕਮਾਈ ਘੱਟ ਹੁੰਦੀ, ਘਰ ਵਿੱਚ ਕਲ਼ੇਸ ਪੈ ਜਾਂਦਾ। ਪਹਿਲਾਂ ਤਾਂ ਨਹੀਂ ਸੀ ਬੋਲਦੀ, ਪਰ ਹੁਣ ਤਾਰੋ ਵੀ ਅੱਗੋਂ ਜਵਾਬ ਦੇਣ ਲੱਗ ਪਈ ਸੀ। ਉਸ ਵੇਲ਼ੇ ਮੇਰਾ ਜੀਅ ਕਰਦਾ ਕਿ ਕਿਤੇ ਚਲਿਆ ਜਾਵਾਂ, ਬੱਸ ਨਿਕਲ਼ ਜਾਵਾਂ ਘਰੋਂ। ਫੇਰ ਖ਼ਿਆਲ ਆਉਂਦਾ—'ਮਨਾਂ, ਕਿਉਂ ਢਿੱਗੀ ਢਾਹੀ ਜਾਨੈਂ, ਜਿੱਥੇ ਦੋ ਭਾਂਡੇ ਹੋਣ, ਇੱਕ-ਦੂਜੇ ਨਾਲ਼ ਖਹਿ ਹੀ ਜਾਂਦੇ ਨੇ। ਸਭ ਕੁਝ ਠੀਕ ਹੋ ਜਾਊ, ਆਪੇ। ਬੱਸ, ਜ਼ਰਾ ਹੱਥ ਸੌਖਾ ਹੋਣ ਦੀ ਦੇਰ ਐ।"

ਹੱਥ ਸੌਖਾ ਕਰਨ ਦੇ ਹੋਰ ਵਸੀਲੇ ਵੀ ਸਨ ਲੋਕਾਂ ਕੋਲ਼, ਪਰ ਆਪਣਾ ਮਨ ਨਹੀਂ ਸੀ ਮੰਨਦਾ। ਫੱਤੂ ਰਿਕਸ਼ੇ ਵਾਲ਼ਾ ਚੋਰੀ ਛਿਪੇ 'ਫ਼ੀਮ ਵੇਚ ਲੈਂਦਾ ਸੀ। ਉਸ ਨੂੰ ਆਪ ਵੀ ਸ਼ੌਕ ਸੀ 'ਫ਼ੀਮ ਖਾਣ ਦਾ। ਇੱਕ ਵਾਰ ਫੜਿਆ ਵੀ ਗਿਆ ਸੀ। ਚੰਗਾ ਫਾਂਟਾ ਚਾੜ੍ਹਿਆ ਪੁਲਿਸ ਨੇ। ਫੇਰ ਕੰਨਾਂ ਨੂੰ ਹੱਥ ਲਾਂਦਾ ਫਿਰੇ। ਕਿੰਨਾ ਚਿਰ ਉਸ ਇਸ ਕੰਮ ਵੱਲ ਧਿਆਨ ਨਹੀਂ ਦਿੱਤਾ। ਹੁਣ ਫੇਰ ਉਸੇ ਕੰਮ ਵਿੱਚ ਪੈ ਗਿਐ। ਕਹਿੰਦਾ—'ਮੇਰਾ ਕੋਈ ਵਾਲ਼ ਵੀ ਨਹੀਂ ਵਿੰਗਾ ਕਰ ਸਕਦਾ। ਸਭ ਆਪਣੇ ਮਿੱਤਰ-ਬੇਲੀ ਐ'—ਪਰ ਜਦੋਂ ਕਦੇ ਫੇਰ ਫੜਿਆ ਗਿਆ ਤਾਂ ਲੱਗ ਜੂ ਪਤਾ, ਕੌਣ ਮਿੱਤਰ ਐ, ਕੌਣ ਬੇਲੀ।

ਫੇਰ ਉਹ ਹੈ ਨਾ ਚੁੱਚੀਆਂ ਅੱਖਾਂ ਵਾਲ਼ਾ ਨੱਥੂ। ਚੋਰੀ ਦੀ ਆਦਤ ਨਹੀਂ ਜਾਂਦੀ, ਉਹਦੀ। ਇੱਕ ਵਾਰ ਤਾਂ ਉਹਨੇ ਹੱਦ ਈ ਕਰ ਦਿੱਤੀ। ਦੋ ਕੁੜੀਆਂ ਦਿੱਲੀ ਦੀ ਗੱਡੀ ਵਿੱਚੋਂ ਉੱਤਰੀਆਂ। ਛੋਟੇ-ਛੋਟੇ ਕਈ ਨਗ ਸਨ ਉਹਨਾਂ ਕੋਲ। ਨੱਥੂ ਨੇ ਉਹਨਾਂ ਨੂੰ ਆਪਣੇ ਰਿਕਸ਼ਾ ਵਿੱਚ ਬਿਠਾ ਲਿਆ। ਵੱਡੇ ਪੁੱਲ਼ ਦੀ ਚੜ੍ਹਾਈ ਸ਼ੁਰੂ ਹੋਣ 'ਤੇ ਉਹ ਦੋਵੇਂ ਰਿਕਸ਼ਾ ਵਿੱਚੋਂ ਉੱਤਰ ਗਈਆਂ। ਸਵਾਰੀ ਬਿਠਾ ਕੇ ਪੁਲ਼ ਦੀ ਚੜ੍ਹਾਈ ਨਹੀਂ ਚੜ੍ਹੀ ਜਾਂਦੀ। ਉਹ ਦੋਵੇਂ ਗੱਲਾਂ ਕਰਦੀਆਂ ਹੋਈਆਂ ਪਿੱਛੇ-ਪਿੱਛੇ



Downloaded from https:// www.studiestoday.com

Downloaded from https:// www.studiestoday.com

ਆਉਂਦੀਆਂ ਰਹੀਆਂ ਤੇ ਨੱਥੂ ਦਬਾ-ਦਬ ਰਿਕਸ਼ਾ ਰੇੜ੍ਹਦਾ ਹੋਇਆ ਪੁੱਲ਼ ਉੱਤੇ ਪੁੱਜ ਗਿਆ। ਉਹ ਦੋਵੇਂ ਖ਼ਾਸੀਆਂ ਪਿੱਛੇ ਸਨ। ਪਤਾ ਨਹੀਂ ਕੀ ਆਈ ਮਨ ਵਿੱਚ ਉਸ ਦੇ, ਰਿਕਸ਼ੇ 'ਤੇ ਬੈਠ ਕੇ ਕਿਸੇ ਪਾਸੇ ਖਿਸਕ ਗਿਆ। ਉਹ ਦੋਵੇਂ ਪੁਲ਼ ਉੱਤੇ ਪਹੁੰਚ ਕੇ ਬੜਾ ਘਬਰਾਈਆਂ। ਰੋਣਹਾਕੀਆਂ ਹੋ ਗਈਆਂ। ਚੰਗੀ ਵੱਡੀ ਭੀੜ ਲੱਗ ਗਈ। ਸਭ ਖੜ੍ਹੇ ਗੱਲਾਂ ਕਰੀ ਜਾਣ, ਕਈ ਕੁਝ ਦੱਸਣ ਉਹਨਾਂ ਨੂੰ, ਪਰ ਮਦਦ ਕੋਈ ਨਾ ਕਰੇ ਉਹਨਾਂ ਦੀ। ਅਖੀਰ ਉਹ ਰੋਣ ਲੱਗ ਪਈਆਂ। ਅੰਮ੍ਰਿਤਸਰ ਉਹ ਪਹਿਲੀ ਵਾਰ ਆਈਆਂ ਸਨ। ਕੋਈ ਮੈਚ ਖੇਡਣਾ ਸੀ ਸ਼ੌਰੇ ਉਹਨਾਂ ਨੇ।

ਇਹ ਗੱਲਾਂ ਵੇਖ ਕੇ ਦਿਲ ਬੜਾ ਖੱਟਾ ਹੁੰਦਾ ਐ, ਬੰਦੇ ਦਾ। ਫੜਿਆ ਤਾਂ ਗਿਆ ਨੱਥੂ, ਪਰ ਕਿੰਨਾ ਦੁੱਖ ਪਹੁੰਚਾਇਆ ਉਹਨਾਂ ਕੁੜੀਆਂ ਨੂੰ ਤੇ ਫੇਰ ਆਪ ਵੀ ਦੁਖੀ ਹੋਇਆ ਖ਼ਾਸਾ। ਉਹਦੀ ਤੀਵੀਂ ਸਾਡੇ ਘਰ ਆਈ ਰੋਂਦੀ ਹੋਈ ਕਿ ਕਰੋ ਕੋਈ ਮਦਦ, ਉਸ ਦੀ। ਕੀ ਕਰਦੇ ਅਸੀਂ? ਐਹੋ-ਜਿਹੇ ਬੰਦੇ ਦੀ ਕੌਣ ਹਾਮੀ ਭਰੇ। ਤਾਰੋ ਕਹਿਣ ਲੱਗੀ—'ਇਸ ਵਿਚਾਰੀ ਦਾ ਕੀ ਕਸੂਰ, ਛੋਟੇ-ਛੋਟੇ ਬੱਚੇ ਤਾਂ ਇਹਦੀਆਂ ਈ ਬੋਟੀਆਂ ਤੋੜਦੇ ਨੇ।' ਠੀਕ ਸੀ ਇਹ ਗੱਲ ਵੀ। ਮੈਂ ਉਸ ਨੂੰ ਯੂਨੀਅਨ ਦੇ ਦਫ਼ਤਰ ਲੈ ਗਿਆ। ਸਕੱਤਰ ਨੂੰ ਸਾਰੀ ਗੱਲ ਦੱਸੀ। ਉਹ ਵੀ ਬਹੁਤ ਦੁਖੀ ਹੋਇਆ। ਐਸ ਤਰ੍ਹਾਂ ਦੇ ਬੰਦੇ ਨੂੰ ਸਜ਼ਾ ਤਾਂ ਮਿਲਣੀ ਹੀ ਚਾਹੀਦੀ ਹੈ। ਪਰ ਗ਼ਰੀਬ ਔਰਤ ਦਾ ਕੀ ਕਸੂਰ? ਉਸ ਲਈ ਤਾਂ ਕੁਝ ਨਾ ਕੁਝ ਇਕੱਠਾ ਕਰਨਾ ਈ ਪੈਣਾ ਸੀ। ਯੂਨੀਅਨ ਕੋਲ ਫ਼ੰਡ ਬਹੁਤਾ ਨਹੀਂ ਸੀ। ਐਤਵਾਰ ਨੂੰ ਮੀਟਿੰਗ ਬੁਲਾ ਕੇ ਕੁਝ ਰੁਪਏ ਇਕੱਠੇ ਕੀਤੇ। ਇੱਕ-ਇੱਕ ਰੁਪਇਆ ਦਿੱਤਾ ਸਭ ਮੈਂਬਰਾਂ ਨੇ। ਕਿੰਨੀ ਨਮੋਸ਼ੀ ਦੀ ਗੱਲ ਸੀ, ਸਭ ਲਈ।

ਉਂਜ ਚੰਗੇ ਬੰਦਿਆਂ ਦੀ ਘਾਟ ਨਹੀਂ ਜੱਗ ਉੱਤੇ। ਕਿਸ਼ਨੇ ਵਰਗੇ ਵੀ ਨੇ ਜੋ ਸਵਾਰੀ ਦੀ ਭੁੱਲੀ ਹੋਈ ਚੀਜ਼ ਠੀਕ ਥਾਂ 'ਤੇ ਪਹੁੰਚਾ ਕੇ ਈ ਘਰ ਮੁੜਦੇ ਨੇ। ਇੱਕ ਵਾਰ ਇੱਕ ਟੱਬਰ ਉਸ ਦੇ ਰਿਕਸ਼ੇ ਵਿੱਚ ਬੈਠ ਗਿਆ। ਦੋ ਜਣੇ ਉਹ ਆਪ, ਦੋ-ਤਿੰਨ ਬੱਚੇ, ਸਮਾਨ ਵੀ ਚੋਖਾ। ਵਿਆਹ 'ਤੇ ਆਏ ਸਨ ਉਹ ਕਿਤੋਂ ਬਾਹਰੋਂ। ਗਲ਼ੀ ਅੱਗੇ ਜਦੋਂ ਰਿਕਸ਼ਾ ਰੁਕਿਆ ਤਾਂ ਵਿਆਹ ਦੇ ਘਰ ਵਾਲ਼ਾ ਕੋਈ ਬੰਦਾ ਮਿਲ਼ ਗਿਆ। ਆਦਮੀ ਤਾਂ ਉਹਦੇ ਨਾਲ਼ ਗੱਲਾਂ ਕਰਨ ਲੱਗ ਪਿਆ ਅਤੇ ਜ਼ਨਾਨੀ ਨੇ ਸਾਰਾ ਸਮਾਨ ਉਤਰਵਾਇਆ। ਸਾਰੇ ਨਗ ਉੱਤਰ ਗਏ ਤਾਂ ਰਿਕਸ਼ੇ ਵਾਲ਼ਾ ਪੈਸੇ ਲੈ ਕੇ ਚੱਲ ਪਿਆ। ਅੱਗੇ ਜਾ ਕੇ ਇੱਕ ਥਾਂ 'ਤੇ ਚਾਹ ਪੀਣ ਲੱਗ ਪਿਆ। ਚਾਹ ਪੀਂਦਿਆਂ-ਪੀਂਦਿਆਂ ਉਹਦੀ ਨਜ਼ਰ ਸੀਟ ਉੱਤੇ ਪਈ। ਇੱਕ ਪਾਸੇ ਨੁੱਕਰ ਵਿੱਚ ਲਾਲ ਰੰਗ ਦਾ ਕੱਪੜੇ ਦਾ ਪਰਸ ਪਿਆ ਸੀ। ਲਾਲ ਈ ਸੀਟ 'ਤੇ ਲਾਲ ਈ ਉਹ ਪਰਸ। ਪਰਸ ਕੀ ਸੀ, ਇੱਕ ਥੈਲੀ ਸੀ ਛੋਟੀ ਜਿਹੀ ਕੱਪੜੇ ਦੀ। ਉਸ ਨੇ ਵੇਖਿਆ, ਉਹ ਥੈਲੀ ਕਾਫ਼ੀ ਭਾਰੀ ਸੀ। ਰੁਪਏ ਤਾਂ ਥੋੜ੍ਹੇ ਹੀ ਸਨ ਉਸ ਵਿੱਚ, ਪਰ ਗਹਿਣੇ ਸੀ ਕਿੰਨੇ ਸਾਰੇ। ਕਿਸ਼ਨੇ ਨੂੰ ਚਾਹ ਪੀਣੀ ਭੁੱਲ ਗਈ। ਉਹ ਉਹਨੀਂ ਪੈਰੀਂ ਪਰਤਿਆ ਉਸੇ ਗਲ਼ੀ ਵੱਲ। ਉਹ ਵੀ ਅੱਗੋਂ ਆ ਰਹੇ ਸੀ ਉਸ ਨੂੰ ਟੋਲਣ। ਬੜੇ ਖ਼ੁਸ਼ ਹੋਏ ਉਹ। ਕਿਸ਼ਨਾ ਵੀ ਬੜਾ ਖ਼ੁਸ਼ ਸੀ। ਉਹ ਦਸਾਂ ਦਾ ਨੋਟ ਫੜਾਣ, ਕਿਸ਼ਨਾ ਹੱਥ ਜੋੜੀ ਜਾਏ। ਮੈਂ ਆ ਗਿਆ, ਅਚਾਨਕ ਉੱਧਰੋਂ ਦੀ। ਪਤਾ ਲੱਗ ਗਈ ਗੱਲ, ਛੇਤੀ ਈ। ਕਿਸ਼ਨਾ ਰੁਪਏ ਨਹੀਂ ਸੀ ਲੈਂਦਾ, ਪਰ ਉਹ ਦੇਣਾ ਚਾਹੁੰਦੇ ਸਨ। ਮੈਨੂੰ ਕਿਸ਼ਨੇ 'ਤੇ



Downloaded from https:// www.studiestoday.com

Downloaded from https:// www.studiestoday.com

ਤਰਸ ਵੀ ਆਇਆ ਤੇ ਪਿਆਰ ਵੀ। ਅਖੀਰ ਮੈਂ ਕਿਹਾ—'ਫੜ ਲੈ ਯਾਰ, ਇਨਾਮ ਦੀ ਤਾਂ ਚਪੇੜ ਵੀ ਚੰਗੀ ਲੱਗਦੀ ਐ।'

"ਕਦੋਂ ਕੁ ਉੱਠਣਾ ਐ, ਮਖ?" ਤਾਰੋ ਫੇਰ ਆ ਗਈ ਮੇਰੇ ਵੱਲ। ਮੈਂ ਉੱਠ ਕੇ ਬਹਿ ਗਿਆ, ਉਹ ਖੜ੍ਹੀ ਸੀ ਥੋੜ੍ਹੀ ਵਿੱਥ 'ਤੇ—

"ਤਿੰਨ ਕੁ ਵੱਜੇ ਹੋਣਗੇ....?"

"ਕੀ ਪਤਾ...."

"ਬਹਿ ਜਾ, ਘੜੀ ਕੁ, ਨੱਠੀ ਕਿਉਂ ਜਾਂਦੀ ਐਂ?"

"ਚਾਹ ਧਰ ਆਵਾਂ...."

"ਧਰੀ ਜਾਊ ਚਾਹ...ਗੱਲ ਤਾਂ ਸੁਣ।"

"ਕੀ ਆ....?"

"ਤੈਨੂੰ ਹੁੰਦਾ ਕੀ ਜਾਂਦੈ....?"

"ਕੀ ਹੋਇਐ, ਮੈਨੂੰ?"

"ਹਾਲੀ ਕੁਝ ਹੋਇਆ ਈ ਨਹੀਂ....?"

"ਛੱਡ ਵੀ ਮੇਰਾ ਹੱਥ, ਚਾਹ ਧਰਾਂ।"

"ਤੂੰ ਦੱਸ ਤਾਂ ਸਹੀ, ਗੱਲ ਕੀ ਐ....?"

"ਕੀ ਐਵੇਂ ਲੱਗਾ ਹੋਇਐਂ ਗੱਲਾਂ ਮਾਰਨ, ਉੱਠ ਕੇ ਕੰਮ 'ਤੇ ਜਾਹ।"

"ਜਾਂਦਾਂ....ਅੱਜ ਨਵਾਂ ਸਾਲ ਚੜ੍ਹਿਆ ਐ, ਅੱਜ ਦੱਬ ਕੇ ਕਮਾਈ ਕਰਨੀ ਐ।"

"ਕਿਉਂ....?"

"ਫੇਰ ਸਾਰਾ ਸਾਲ ਬਰਕਤ ਰਹੂ, ਆਪਣੀ ਕਮਾਈ ਵਿੱਚ।"

"ਕਿਸ ਕਰਕੇ.....?"

"ਹੈਂ, ਕਮਲ਼ੀ ਨਾ ਹੋਵੇ ਤੇ.....ਗੱਲ ਈ ਨਹੀਂ ਸਮਝਦੀ।"

"ਚੰਗਾ, ਇਹ ਦੱਸ ਕਿਹੜਾ ਸਾਲ ਚੜ੍ਹਿਐ, ਅੱਜ?"

"ਕੀ ਪਤਾ....? ਆਪਾਂ ਨਹੀਂ ਰੱਖਦੇ ਐਸ ਤਰ੍ਹਾਂ ਦਾ ਹਿਸਾਬ।"

"ਫੇਰ ਕਾਹਦਾ ਚਾਅ ਚੜ੍ਹਿਐ, ਤੈਨੂੰ?"

"ਖ਼ੁਸ਼ੀਆਂ ਮਨਾਈਦੀਆਂ ਨੇ, ਨਵੇਂ ਸਾਲ ਦੀਆਂ।"

"ਮਨਾਈ ਜਾ ਫੇਰ...."

"ਤੂੰ ਵੀ ਮਨਾ, ਤੂੰ ਕਿਉਂ ਨਹੀਂ ਮਨਾਂਦੀ?"

"ਮੈਂ ਤਾਂ ਥੱਕ ਗਈ ਆਂ, ਖ਼ੁਸ਼ੀਆਂ ਮਨਾ-ਮਨਾ ਕੇ।"

ਐਨੀ ਗੱਲ ਕਹਿ ਕੇ ਤਾਰੋ ਚਾਹ ਧਰਨ ਚਲੀ ਗਈ ਪਰ ਮੇਰੇ ਅੰਦਰ ਪਤਾ ਨਹੀਂ ਕੀ ਹੋਣ ਲੱਗ ਪਿਆ। ਇਸ ਦੇ ਮਨ ਵਿੱਚ ਪਤਾ ਨਹੀਂ ਕਿੰਨਾ ਕੁਝ ਕੌੜਾ ਏ, ਜ਼ਹਿਰ ਵਰਗਾ। ਪਾਥੀਆਂ



Downloaded from https:// www.studiestoday.com

Downloaded from https:// www.studiestoday.com

ਭੰਨ-ਭੰਨ ਕੇ ਚੁੱਲ੍ਹੇ ਵਿੱਚ ਰੱਖ ਰਹੀ ਐ, ਪਰ ਮੂੰਹ ਕਿਵੇਂ ਐ ਏਸ ਦਾ, ਘੁਟਿਆ-ਘੁਟਿਆ.... ਉੱਡਿਆ-ਉੱਡਿਆ। ਚਲਿਆ ਜਾ, ਬੰਤਿਆ, ਕਿਤੇ ਪਰਦੇਸ ਵਿੱਚ, ਦਿਨ-ਰਾਤ ਕਮਾਈ ਕਰ, ਉੱਥੇ ਜਾ ਕੇ। ਫੇਰ ਲਿਆ ਘਰ ਨੋਟਾਂ ਦੇ ਨੋਟ। ਪਵਾ ਦੇ ਇਹਨੂੰ ਨਵੇਂ-ਨਵੇਂ ਕੱਪੜੇ, ਲੈ ਦੇ ਇਹਨੂੰ ਨਵੇਂ-ਨਵੇਂ ਗਹਿਣੇ। ਪੱਕਾ ਮਕਾਨ ਹੋਵੇ ਸਾਡੇ ਕੋਲ਼, ਬੱਚੇ ਜਾਂਦੇ ਹੋਣ ਸਕੂਲ, ਸਾਫ਼-ਸੁਥਰੇ ਕੱਪੜੇ ਪਾ ਕੇ, ਬਸਤਾ ਚੁੱਕ ਕੇ ਕਿਤਾਬਾਂ ਦਾ ਭਰਿਆ ਹੋਇਆ। ਰੋਟੀ ਖਾਂਦੇ ਹੋਈਏ ਅਸੀਂ ਰੱਜ ਕੇ, ਮਹਾਂਪਰਸ਼ਾਦ ਨਾਲ਼। ਕਿਵੇਂ ਨਾ ਹੋਊ ਇਹ ਖ਼ੁਸ਼? ਆ ਨਾ ਜਾਣਗੀਆਂ ਰੌਣਕਾਂ ਇਹਦੇ ਮੂੰਹ ਉੱਤੇ! ਹਸੂੰ-ਹਸੂੰ ਨਾ ਕਰੂ ਇਹਦਾ ਮੂੰਹ ਫੇਰ?—

"ਚਾਹ ਰੱਖ ਦੇ ਪਰੇ, ਭਲੀਏ ਲੋਕੇ, ਤੇ ਗੱਲ ਸੁਣ ਮੇਰੀ।"

"ਸੁਣਾ ਗੱਲ...."

"ਦੋ ਕੁੜੀਆਂ ਤਾਂ ਚੰਗੀਆਂ ਲੱਗਦੀਐਂ, ਖੇਡਦੀਆਂ-ਮੱਲ੍ਹਦੀਆਂ—ਵੇਖ ਕਿਵੇਂ ਘਰ ਬਣਾਉਣ ਡਹੀਆਂ ਹੋਈਐਂ, ਮਿੱਟੀ ਦਾ। ਪਰ ਆਪਣਾ ਭੁੰਮਣ 'ਕੱਲਾ ਐ।"

ਪਰ ਉਹ ਤੱਕੀ ਮੇਰੇ ਵੱਲ ਘੂਰੀ ਪਾ ਕੇ। ਮੈਂ ਚੁੱਪ ਕਰ ਗਿਆ। ਜਦੋਂ ਕਦੀ ਉਹ ਏਸ ਤਰ੍ਹਾਂ ਤੱਕਦੀ ਐ ਮੇਰੇ ਵੱਲ, ਤਾਂ ਮੈਂ ਚੁੱਪ ਕਰ ਜਾਂਦਾਂ। ਕਦੀ-ਕਦੀ ਉਹਦੇ ਬੁੱਲ੍ਹਾਂ ਉੱਤੇ ਐਸੀ ਮੁਸਕਣੀ ਫੈਲ ਜਾਂਦੀ ਐ ਕਿ ਮੇਰਾ ਕਲ਼ੇਜਾ ਵਿੰਨ੍ਹਿਆ ਜਾਂਦੈ। ਪਹਿਲਾਂ ਤਾਂ ਨਹੀਂ ਸੀ ਉਹ ਏਦਾਂ ਦੀ, ਹੁਣ ਈ ਪਤਾ ਨਹੀਂ ਕੀ ਹੋ ਗਿਆ ਐ, ਉਹਨੂੰ। ਬੱਸ ਕੂੰਦੀ ਈ ਨਹੀਂ ਚੰਗੀ ਤਰ੍ਹਾਂ ਮੇਰੇ ਨਾਲ਼। ਬੇਬੇ ਪਿੰਡ ਚਲੀ ਗਈ ਐ, ਮੈਂ ਵੀ ਨਹੀਂ ਰੋਕਿਆ ਉਸ ਨੂੰ। ਹਰ ਵੇਲ਼ੇ ਦੀ ਖਹਿਬੜ ਨੇ ਨੱਕ ਵਿੱਚ ਦਮ ਕਰ ਦਿੱਤਾ ਸੀ। ਉਹਦੀ ਸੇਵਾ ਕਰਨਾ ਮੇਰਾ ਫ਼ਰਜ਼. ਐ, ਸੋ ਕਰੀ ਜਾਨਾਂ ਵਾਹ ਲੱਗਦੀ। ਪੁਆੜਾ ਸਾਰਾ ਪੈਸਿਆਂ ਦਾ ਐ। ਰੋਟੀ-ਟੁੱਕ ਤਾਂ ਔਖੇ-ਸੌਖੇ ਚੱਲੀ ਜਾਂਦੈ, ਪਰ ਜਦੋਂ ਕਦੀ ਕੋਈ ਬਿਮਾਰੀ-ਸ਼ਮਾਰੀ ਆ ਜਾਂਦੀ ਐ ਘਰ ਵਿੱਚ, ਜਾਂ ਕੋਈ ਵਿਆਹ ਆ ਜਾਂਦੈ ਦੂਰੋਂ-ਨੇੜਿਓਂ, ਤਾਂ ਘਰ ਵਿਚ ਕਲ਼ੇਸ ਪੈ ਜਾਂਦੈ—

ਖ਼ਾਸਾ ਚਿਰ ਪਹਿਲਾਂ ਦੀ ਗੱਲ ਐ। ਇੱਕ ਦਿਨ ਮੈਂ ਥੱਕਾ-ਟੁੱਟਾ ਘਰ ਪੁੱਜਾ, ਸ਼ਾਮ ਨੂੰ। ਸਵੇਰ ਦਾ ਮੀਂਹ ਈ ਨਹੀਂ ਸੀ ਸਾਹ ਲੈਂਦਾ। ਕੁਝ ਗੇੜੇ ਤਾਂ ਲਾਏ ਮੀਂਹ ਵਿੱਚ ਵੀ, ਪਰ ਫੇਰ ਐਨਾ ਭਿੱਜ ਗਿਆ ਸਰੀਰ ਕਿ ਕਾਂਬਾ ਛਿੜ ਗਿਆ। ਕਾਂਬੇ ਦੀ ਤਾਂ ਕੋਈ ਗੱਲ ਨਹੀਂ ਸੀ, ਘੜੀ-ਪਲ ਛਿੜ ਕੇ ਹਟ ਜਾਂਦਾ ਪਰ ਸਵਾਰੀ ਈ ਨਹੀਂ ਸੀ ਨਜ਼ਰ ਆਉਂਦੀ ਕੋਈ। ਸ਼ਾਮ ਨੂੰ ਮੀਂਹ ਕੁਝ ਹਟਿਆ ਤਾਂ ਠੱਕਾ ਚੱਲਣਾ ਸ਼ੁਰੂ ਹੋ ਗਿਆ। ਉਸ ਵੇਲ਼ੇ ਘਰ ਮੁੜਨਾ ਈ ਠੀਕ ਸਮਝਿਆ ਮੈਂ। ਘਰ ਪੁੱਜ ਕੇ ਚਾਹ ਦਾ ਇੱਕ ਗਲਾਸ ਪੀਣ ਲਈ ਜੀਅ ਕਰ ਰਿਹਾ ਸੀ। ਐਨੀ ਵਾਰੀ ਪੀਈਦੀ ਐ ਚਾਹ, ਪਰ ਫੇਰ ਵੀ ਰੱਜ ਨਹੀਂ ਆਉਂਦਾ। ਬੱਸ, ਇੱਕ ਭਟਕਣ ਜਿਹੀ ਲੱਗੀ ਰਹਿੰਦੀ ਹੈ, ਹਰ ਵੇਲ਼ੇ। ਖੋਹ ਜਿਹੀ ਪੈਂਦੀ ਰਹਿੰਦੀ ਐ, ਅੰਦਰ।

ਘਰ ਪਹੁੰਚ ਕੇ ਮੈਂ ਰਿਕਸ਼ਾ ਵਿਹੜੇ ਵਿੱਚ ਖੜ੍ਹਾ ਕੀਤਾ ਤੇ ਅੰਦਰ ਚਲਿਆ ਗਿਆ। ਤਾਰੋ ਨੇ ਹਾਲੀ ਚੁੱਲ੍ਹੇ ਵਿੱਚ ਅੱਗ ਵੀ ਨਹੀਂ ਸੀ ਬਾਲ਼ੀ। ਕੁਝ ਮਸੋਸੀ ਹੋਈ ਬੈਠੀ ਸੀ ਉਹ, ਮੂੜ੍ਹੇ ਉੱਤੇ।



Downloaded from https:// www.studiestoday.com

Downloaded from https:// www.studiestoday.com

ਛੁੰਮਣ ਇੱਕ–ਦੋ ਖਿਡੌਣਿਆਂ ਨਾਲ਼ ਖੇਡ ਰਿਹਾ ਸੀ। ਕੁੱਛੜ ਵਾਲ਼ੀ ਕੁੜੀ ਸੁੱਤੀ ਹੋਈ ਸੀ। ਉਹ ਹਾਲੀ ਛੇਆਂ ਕੁ ਮਹੀਨਿਆਂ ਦੀ ਸੀ। ਦੋ ਈ ਬਾਲ ਸਨ, ਸਾਡੇ ਉਦੋਂ। ਮੈਂ ਦੋ–ਤਿੰਨ ਵਾਰੀ ਅੰਦਰ–ਬਾਹਰ ਗਿਆ ਤੇ ਫਿਰ ਤਾਰੋ ਦੇ ਕੋਲ਼ ਈ ਖਲੋ ਗਿਆ—

"ਅੱਗ ਨਹੀਂ ਬਾਲ਼ੀ ਅਜੇ...?"

"ਮੈਨੂੰ ਕੀ ਪਤਾ ਸੀ, ਤੂੰ ਆ ਜਾਣੈ ਹੁਣੇ।"

"ਮੀਂਹ ਤਾਂ ਸਾਹ ਨਹੀਂ ਲੈਂਦਾ, ਕੀ ਕਰਦਾ ਉੱਥੇ ?"

"ਚੰਗਾ ਫੇਰ, ਬਹਿ ਜਾ ਕਿ ਖੜ੍ਹੇ ਪਿੰਡੋਂ ਆਇਐਂ?"

"ਚੱਲ ਉੱਠ, ਘੁੱਟ ਕੁ ਚਾਹ ਬਣਾ..."

"ਗੁੜ ਫੜ ਲਿਆ, ਦਸਾਂ–ਬਾਰ੍ਹਾਂ ਆਨਿਆਂ ਦਾ...."

"ਦੋ ਰੁਪਇਆਂ ਦਾ ਲਿਆਇਆ ਸੀ, ਹਾਲੀ ਪਿੱਛੇ ਜਿਹੇ।"

"ਮੈਂ ਖਾ ਤਾਂ ਨਹੀਂ ਗਈ, ਚਾਹ ਵਿੱਚ ਈ ਪੈਂਦੈ।"

"ਵੇਖ ਖਾਂ ਕਿਵੇਂ ਕਰਦੀ ਐ....ਲੂਤਰ, ਲੂਤਰ।"

ਏਨੀ ਗੱਲ ਕਹਿ ਕੇ ਮੈਂ ਗੁੜ ਲੈਣ ਚਲਿਆ ਗਿਆ। ਲਾਗੇ ਈ ਸੀ ਦੁਕਾਨ ਹਟਵਾਣੀਏ ਦੀ। ਪਹਿਲਾਂ ਜੀਅ ਕੀਤਾ ਸਿਗਰਟ ਵੀ ਲੈ ਲਵਾਂ ਅੱਧੀ ਕੁ ਡੱਬੀ। ਫੇਰ ਸੋਚਿਆ...ਮਨਾਂ ਕਾਹਨੂੰ ਰੋੜ੍ਹਨੈ ਪੈਸੇ। ਅੱਜ ਉਂਜ ਵੀ ਕੁਝ ਨਹੀਂ ਕਮਾਇਆ, ਖ਼ਾਸ। ਇੱਕ ਤਰ੍ਹਾਂ ਨਾਲ਼ ਛੱਡੀ ਈ ਗਈ ਸੀ, ਹੁਣ ਸਿਗਰਟ ਪੀਣ ਦੀ ਆਦਤ।

"ਲੈ ਫੜ ਗੁੜ, ਤੇ ਬਣਾ ਦੇ ਕੜਕ ਚਾਹ..."

"ਉਹ ਕੀ ਹੁੰਦੀ ਐ....?"

"ਉਹ ਵੀ ਹੁੰਦੀ ਐ ਕੁਝ....ਤੂੰ ਆਪਣਾ ਕੰਮ ਕਰ।"

"ਕਾਟ ਆਇਐ ਅੱਜ, ਭਾ ਦਾ।"

"ਕੀ ਲਿਖਿਆ ਸੂ....?"

"ਜੱਸੀ ਦਾ ਵਿਆਹ ਐ, ਅਗਲੇ ਮਹੀਨੇ।"

"ਕਰ ਦੇ ਤਿਆਰੀਆਂ, ਹੁਣੇ ਤੋਂ ਈ...."

"ਜਾਣਾ ਈ ਨਹੀਂ, ਮੈਂ।"

"ਕਿਉਂ....?"

"ਖ਼ਰਚ ਤਾਂ ਸਾਹ ਨਹੀਂ ਲੈਣ ਦੇਂਦੇ।"

"ਸਾਰੇ ਈ ਕੰਮ ਕਰਨੇ ਪੈਂਦੇ ਐ।"

"ਹੁੰਦਾ ਵੀ ਐ, ਕੋਈ ਕੰਮ....?"

"ਕੀ....?"



Downloaded from https:// www.studiestoday.com

Downloaded from https:// www.studiestoday.com

"ਨਾ ਕੋਈ ਚੰਗਾ ਲੀੜਾ ਐ ਮੇਰੇ ਕੋਲ਼, ਨਾ ਬੱਚਿਆਂ ਕੋਲ਼....ਫੇਰ ਕਿਰਾਇਆ ਲੱਗੂ ਆਣ-ਜਾਣ ਦਾ, ਉੱਥੇ ਵੀ ਲੋੜ ਪਊ, ਕੁਝ..."

"ਐਵੇਂ ਘਾਬਰ ਜਾਨੀ ਐਂ, ਤੂੰ।"

"ਐਵੇਂ ਨਹੀਂ।"

"ਤੇ ਹੋਰ ਕੀ...."

"ਕਿੱਥੋਂ ਆਣਗੇ ਪੈਸੇ....?"

"ਮੈਂ ਮਰ ਤਾਂ ਨਹੀਂ ਗਿਆ ਕਮਾਉਣ ਵਾਲ਼ਾ....?"

"ਤੂੰ ਤਾਂ ਕਮਾਉਂਦਾ ਐਂ, ਪਰ...."

"ਪਰ ਕੀ....?"

"ਪਰ ਜਿਹੜਾ ਕਰਜ਼ਾ ਚੁੱਕਿਆ ਹੋਇਐ ਵਿਆਹਵਾਂ ਉੱਤੇ?"

"ਭੈਣਾਂ ਨੂੰ ਬੂਹੇ ਤਾਂ ਨਹੀਂ ਸੀ ਬਠਾਲ਼ ਛੱਡਣਾ...."

"ਮੈਂ ਕਦੋਂ ਕਹਿੰਦੀ ਆਂ...."

"ਐਸੇ ਪਿੱਛੇ ਮੈਂ ਛੋਟੀਆਂ ਭੈਣਾਂ ਦਾ ਵਿਆਹ ਪਹਿਲਾਂ ਕੀਤਾ ਤੇ ਫੇਰ ਆਪਣਾ। ਮੈਂ ਤਾਂ ਹਾਲੀ ਵੀ ਨਹੀਂ ਸੀ ਚਾਹੁੰਦਾ ਬਲਾ ਸਹੇੜਨੀ, ਪਰ ਬੇਬੇ ਈ ਖਹਿੜੇ ਪੈ ਗਈ।"

"ਪਹਿਲਾਂ ਮੈਂ ਚੰਗੀ ਸੀ, ਹੁਣ ਨਿਆਣੇ ਹੋ ਗਏ ਐ ਤਾਂ ਮੈਂ ਬਲਾ ਲੱਗਣ ਲੱਗ ਪਈ ਆਂ।"

"ਤੂੰ ਜੋ ਲੱਗ ਜਾਨੀ ਐਂ, ਸਾੜਵੀਂਆਂ ਗੱਲਾਂ ਕਰਨ।"

"ਕੀ ਕਿਹਾ ਐ, ਮੈਂ....?"

"ਕਰਜ਼ਾ ਜੇ ਚੁੱਕਿਐ ਮੈਂ, ਤਾਂ ਮੈਂ ਈ ਲਾਹੂੰਗਾ, ਕਿਸੇ ਹੋਰ ਨੇ ਨਹੀਂ ਲਾਹ ਜਾਣਾ, ਆ ਕੇ। ਤੇਰੇ ਭਰਾਵਾਂ ਕੋਲ਼ੋਂ ਨਹੀਂ ਮੰਗਦਾ ਕੁਝ।"

"ਮੇਰੇ ਪੇਕਿਆਂ ਨੂੰ ਨਾ ਨੌਲ਼, ਉਹਨਾਂ ਤੇਰਾ ਕੀ ਗਵਾਇਐ....?"

"ਤੂੰ ਜੋ ਕਹਿਨੀ ਐਂ, ਪਈ ਕਰਜ਼ਾ ਚੁੱਕਿਆ ਹੋਇਐ—"

"ਮੈਨੂੰ ਕੀ, ਭਾਵੇਂ ਹੋਰ ਚੁੱਕ ਲੈ।"

"ਚੁੱਪ ਕਰ ਜਾ, ਨਹੀਂ ਤੇ ਲੱਪੜ ਮਾਰਾਂਗਾ ਈ, ਇੱਕ।"

"ਮਾਰ ਲੈ ਬੇਸ਼ੱਕ, ਜੇ ਤੂੰ...."

"ਚੁੱਪ ਕਰ ਜਾ, ਮੈਂ ਕਹਿਨਾਂ..... ਐਵੇਂ ਬੋਲੀ ਤੁਰੀ ਜਾਂਦੀ ਐ, ਸਗੋਂ।"

"ਮੈਨੂੰ ਜੋ ਮਰਜ਼ੀ ਐ ਕਹਿ ਲੈ, ਪਰ ਮੇਰੇ ਮਾਪਿਆਂ ਨੂੰ....."

"ਉਰੇ ਆ, ਤੈਨੂੰ ਮੈਂ ਦੱਸਾਂ...."

ਤਿੰਨ-ਚਾਰ ਧੱਫੇ ਮੈਂ ਉਹਦੀ ਪਿੱਠ ਉੱਤੇ ਮਾਰੇ ਤੇ ਉੱਥੋਂ ਉੱਠ ਖੜ੍ਹਾ ਹੋਇਆ। ਛੁੰਮਣ ਉੱਚੀ-ਉੱਚੀ ਰੋਣ ਲੱਗ ਪਿਆ। ਉਹ ਪਤਾ ਨਹੀਂ ਕਦੋਂ ਸਾਡੇ ਕੋਲ਼ ਆ ਗਿਆ ਸੀ। ਉਹਦੇ ਰੋਣ



Downloaded from https:// www.studiestoday.com

Downloaded from https:// www.studiestoday.com

ਦੀ ਅਵਾਜ਼ ਸੁਣ ਕੇ ਮੁੰਨੀ ਵੀ ਜਾਗ ਪਈ। ਚੰਗਾ ਚੀਕ-ਚਿਹਾੜਾ ਪੈ ਗਿਆ। ਤਾਰੋ ਵੀ ਡੁਸਕ ਰਹੀ ਸੀ। ਮੈਂ ਜੁੱਤੀ ਪਾ ਕੇ ਘਰੋਂ ਬਾਹਰ ਚਲਿਆ ਗਿਆ। ਕੀ ਮੁਸੀਬਤ ਖੜ੍ਹੀ ਹੋ ਗਈ ਸੀ, ਮਿੰਟਾਂ ਵਿੱਚ ਈ। ਮੈਂ ਕਦੀ ਤਾਰੋ ਨੂੰ ਮਾਰਿਆ ਨਹੀਂ ਸੀ।

ਬਾਪੂ ਕੁੱਟਦਾ ਹੁੰਦਾ ਸੀ, ਕਦੀ-ਕਦੀ ਬੇਬੇ ਨੂੰ। ਮੈਨੂੰ ਉਹ ਉਦੋਂ ਬਹੁਤ ਭੈੜਾ ਲੱਗਦਾ ਹੁੰਦਾ ਸੀ। ਮੇਰਾ ਜੀਅ ਕਰਦਾ ਮੈਂ ਬਾਪੂ ਦਾ ਹੱਥ ਫੜ ਲਵਾਂ। ਪਰ ਮੈਂ ਕਦੀ ਹੀਆ ਨਹੀਂ ਸੀ ਕੀਤਾ, ਹੱਥ ਫੜਨ ਦਾ। ਮੈਂ ਹੱਥ ਫੜਨ ਜੋਗਾ ਸੀ ਹੀ ਨਹੀਂ, ਉਦੋਂ। ਬੱਸ ਮੈਂ ਦੌੜ ਕੇ ਬੇਬੇ ਦੇ ਨਾਲ਼ ਚੰਬੜ ਜਾਂਦਾ। ਮੇਰਾ ਆਪਮੁਹਾਰਾ ਈ ਰੋਣ ਨਿਕਲ਼ ਜਾਂਦਾ। ਬੇਬੇ ਮੈਨੂੰ ਰੋਂਦਿਆਂ ਵੇਖ ਕੇ ਆਪ ਚੁੱਪ ਕਰ ਜਾਂਦੀ। ਮੈਂ ਬੇਬੇ ਦੀ ਵੱਖੀ ਨਾਲ਼ ਲੱਗਾ ਕਿੰਨੀ ਈ ਦੇਰ ਰੋਂਦਾ ਰਹਿੰਦਾ।

ਅਗਲੇ ਦਿਨ ਉਹ ਬਾਪੂ ਨਾਲ਼ ਕੋਈ ਗੱਲ ਕਰਦੀ ਤਾਂ ਮੈਨੂੰ ਬਹੁਤ ਗੁੱਸਾ ਆਉਂਦਾ। ਬਾਪੂ ਮੈਨੂੰ ਆਪਣੇ ਕੋਲ਼ ਸੱਦਦਾ ਪਰ ਮੈਂ ਹੋਰ ਪਰ੍ਹਾਂ ਹੋ ਜਾਂਦਾ। ਮੈਨੂੰ ਉਹਦੇ ਹੱਥਾਂ ਕੋਲ਼ੋਂ ਡਰ ਆਉਂਦਾ....

"ਬੇਬੇ ਵੱਲ ਦਾ ਏਂ ਤੂੰ, ਬੌਲਿਆ...."

"ਹੈਗਾ ਵਾਂ ਬੇਬੇ ਵੱਲ ਦਾ, ਤੈਨੂੰ ਕੀ...?"

"ਬੱਚੂ, ਮੈਂ ਵੀ ਨਹੀਂ ਲਿਜਾਣਾ ਤੈਨੂੰ, ਵਸਾਖੀ ਦੇ ਮੇਲੇ।"

"ਨਾ ਲਿਜਾਵੀਂ। ਮੈਂ ਬੇਬੇ ਨਾਲ਼ ਚਲਿਆ ਜਾਊਂਗਾ...."

"ਬੇਬੇ ਨੇ ਤਾਂ ਮੇਰੇ ਨਾਲ਼ ਜਾਣੈਂ, ਤੂੰ ਕੀਹਦੇ ਨਾਲ਼ ਜਾਏਂਗਾ?"

"ਮੈਂ ਆਪੇ ਚਲਿਆ ਜਾਊਂ, 'ਕੱਲਾ...."

ਏਸ ਤਰ੍ਹਾਂ ਗੱਲ ਹਾਸੇ ਵਿੱਚ ਪੈ ਜਾਂਦੀ ਪਰ ਇੱਕ ਗੱਲ ਮੇਰੇ ਮਨ ਵਿਚ ਬੈਠ ਗਈ ਸੀ ਕਿ ਮੈਂ ਕਦੀ ਨਹੀਂ ਕੁੱਟਾਂਗਾ, ਆਪਣੀ ਘਰਵਾਲ਼ੀ ਨੂੰ। ਓਦੋਂ ਮੈਨੂੰ ਸਭ ਗੱਲਾਂ ਦੀ ਸੂਝ ਨਹੀਂ ਸੀ ਪਰ ਪਤਾ ਨਹੀਂ ਕਿਵੇਂ ਮੈਨੂੰ ਇਸ ਗੱਲ ਦਾ ਖ਼ਿਆਲ ਆ ਗਿਆ ਸੀ। ਹਾਲੀ ਤੀਕ ਨਹੀਂ ਸੀ ਭੁੱਲਿਆ ਮੈਂ ਉਹ ਦਿਨ। ਅਜੇ ਤੀਕ ਮੈਂ ਆਪਣੀ ਉਹ ਗੱਲ ਪੂਰੀ ਨਿਭਾਈ ਸੀ। ਮੈਂ ਕਦੀ ਨਹੀਂ ਸੀ ਚੁੱਕਿਆ ਹੱਥ ਤਾਰੋ ਉੱਤੇ।

ਫੇਰ ਪਤਾ ਨਹੀਂ ਕੀ ਵਾਪਰ ਗਈ ਸੀ ਅੱਖ ਝਪਕਣ ਵਿੱਚ ਈ ਕਿ ਮੈਂ ਉਸ ਨੂੰ ਕੁੱਟ ਬੈਠਾ ਸੀ। ਛੁੰਮਣ ਰੋਣ ਲੱਗ ਪਿਆ ਸੀ। ਕਿਵੇਂ ਵੇਖ ਰਿਹਾ ਸੀ ਉਹ ਮੇਰੇ ਵੱਲ ਰੋਂਦਾ ਹੋਇਆ। ਕੁਝ ਵੀ ਸਮਝ ਨਹੀਂ ਸੀ ਲੱਗ ਰਹੀ ਉਸ ਨੂੰ, ਪਰ ਫਿਰ ਵੀ ਉਹਨੂੰ ਪਤਾ ਸੀ ਕਿ ਮਾਰਿਆ ਕਿਸ ਨੇ ਐ। ਉਹ ਝੱਟ ਆਪਣੀ ਮਾਂ ਦੀ ਗੋਦੀ ਵਿੱਚ ਬੈਠ ਗਿਆ ਤੇ ਫਿਰ ਰੋਣ ਲੱਗ ਪਿਆ।

ਮੇਰੇ ਅੰਦਰ ਜਿਵੇਂ ਕੋਈ ਚੀਜ਼ ਸੜ ਰਹੀ ਸੀ, ਧੁਖ ਰਹੀ ਸੀ। ਮੈਂ ਚੱਲਦਾ ਗਿਆ ਡੈਮ-ਗੰਜ ਵੱਲ। ਬੱਸ, ਐਵੇਂ ਬੇ-ਮਤਲਬ ਈ ਚੱਲਦਾ ਜਾ ਰਿਹਾ ਸਾਂ ਮੈਂ। ਕਿੰਨੀ ਈ ਦੇਰ ਮੈਂ ਤੁਰਦਾ ਗ਼ਿਆ। ਫੇਰ ਮੈਂ ਥੱਕ ਗਿਆ, ਇਕਦਮ ਥੱਕ ਗਿਆ। ਪਿੱਛੇ ਮੁੜ ਕੇ ਵੇਖਿਆ, ਕਿੰਨੀ ਈ ਦੂਰ ਆ ਗਿਆ ਸੀ ਮੈਂ, ਘਰੋਂ। ਅੱਗੇ ਵੱਲ ਵੇਖਿਆ ਤਾਂ ਡੈਮ-ਗੰਜ ਦੀ ਅਬਾਦੀ ਨੇੜੇ ਈ ਸੀ। ਸ਼ੈਦ ਦਿਆਲਾ ਘਰ



Downloaded from https:// www.studiestoday.com

Downloaded from https:// www.studiestoday.com

ਈ ਹੋਵੇ ਐਸ ਵੇਲ਼ੇ। ਮੀਂਹ ਤਾਂ ਰੁਕ ਚੁੱਕਾ ਸੀ ਪਰ ਠੱਕਾ ਹਾਲੀ ਵੀ ਚੱਲ ਰਿਹਾ ਸੀ। ਰਿਕਸ਼ਾ ਚਲਾਉਣਾ ਬਹੁਤ ਮੁਸ਼ਕਲ ਸੀ, ਐਨੀ ਹਵਾ ਵਿੱਚ। ਦਿਆਲੇ ਦੇ ਘਰ ਦੇ ਲਾਗੇ ਪੁੱਜ ਕੇ ਮੈਂ ਰੁਕ ਗਿਆ। ਐਵੇਂ ਤੰਗ ਕਰਨ ਵਾਲ਼ੀ ਗੱਲ ਸੀ, ਉਸ ਨੂੰ। ਮੇਰਾ ਜੀਅ ਵਾਪਸ ਚਲੇ ਜਾਣ ਨੂੰ ਕੀਤਾ, ਫੇਰ ਪਤਾ ਨਹੀਂ ਕਿਵੇਂ ਮੈਂ ਅੱਗੇ ਵਧ ਕੇ ਉਹਦਾ ਬੂਹਾ ਖੜਕਾ ਦਿੱਤਾ....

"ਆ ਬਈ ਬੇਲੀਆ, ਕਿਵੇਂ ਭੁੱਲ ਆਇਐਂ ਰਾਹ?"

"ਤੂੰ ਤਾਂ ਕਦੀ ਹੁਣ ਮਿਲ਼ਦਾ ਈ ਨਹੀਂ, ਦਿਆਲਿਆ।"

"ਹਾਲੀਂ ਆਪਾਂ ਪਰਸੋਂ ਮਿਲ਼ੇ ਸੀ....।"

"ਇਹ ਵੀ ਕੀ ਮਿਲਣਾ ਹੋਇਆ, ਉੱਧਰੋਂ ਆਏ, ਏਧਰ ਚਲੇ ਗਏ।"

"ਅੰਦਰ ਲੰਘ ਆ ਕਿ ਏਥੇ ਈ ਖੜ੍ਹੇ ਰਹਿਣੈ ਠੰਢ ਵਿੱਚ।"

ਮੈਂ ਅੰਦਰ ਲੰਘ ਗਿਆ। ਉਹ 'ਕੱਲਾ ਈ ਰਹਿੰਦਾ ਸੀ, ਉਹਨੀਂ ਦਿਨੀਂ। ਉਹਦੀ ਘਰਵਾਲ਼ੀ ਪੇਕੇ ਗਈ ਹੋਈ ਸੀ, ਕੁਝ ਚਿਰ ਤੋਂ। ਉਹ ਬਹੁਤਾ ਪੇਕੇ ਈ ਰਹਿੰਦੀ ਸੀ। ਦਿਆਲਾ ਵੀ ਖ਼ੁਸ਼ ਰਹਿੰਦਾ ਸੀ 'ਕੱਲਾ ਰਹਿ ਕੇ....

"ਕਦੋਂ ਲਿਆਏਂਗਾ ਭਰਜਾਈ ਨੂੰ, ਖ਼ਾਸਾ ਚਿਰ ਹੋ ਗਿਐ, ਹੁਣ ਤਾਂ?"

"ਆ ਜੂ ਗੀ ਆਪੇ ਈ, ਹਾਲੀ ਦੋ ਮਹੀਨੇ ਈ ਤਾਂ ਹੋਏ ਨੇ, ਗਈ ਨੂੰ।"

"ਉਏ ਥੋੜ੍ਹੇ ਹੁੰਦੇ ਐ, ਦੋ?"

"ਕੀ ਪਤੈ, ਥੋੜ੍ਹੇ ਹੁੰਦੇ ਐ ਕਿ ਬਹੁਤੇ, ਆਪਣਾ ਝੱਟ ਲੰਘੀ ਜਾਂਦੈ।"

"ਉਹ ਤਾਂ ਠੀਕ ਐ, ਪਰ..."

"ਪਰ ਕੀ ਯਾਰ, ਬੈਠ ਐਥੇ ਰਜਾਈ ਵਿੱਚ, ਮੈਂ ਚਾਹ ਬਣੌਨਾਂ।"

"ਕਿੱਥੇ ਹੱਥ ਸਾੜਦਾ ਫਿਰੇਂਗਾ, ਬਹਿ ਜਾ, ਕੋਈ ਗੱਪ-ਸ਼ੱਪ ਮਾਰੀਏ।"

"ਅਹਿ ਤੇਰੇ ਕੋਲ਼ ਈ ਆਂ ਮੈਂ, ਛਿਟੀਆਂ ਲਾ ਕੇ ਪਾਣੀ ਧਰ ਦਿਆਂ, ਦੋ ਗਲਾਸ।"

ਉਹਨੇ ਝੱਟ-ਪੱਟ ਅੱਗ ਬਾਲ਼ ਕੇ ਚਾਹ ਧਰ ਦਿੱਤੀ, ਚੁੱਲ੍ਹੇ 'ਤੇ। ਇੱਕ ਚੱਜ ਦੀ ਮੰਜੀ ਸੀ ਉਹਦੇ ਕੋਲ਼, ਦੂਜੀ ਖੂੰਜੇ ਵਿੱਚ ਖੜ੍ਹੀ ਕੀਤੀ ਹੋਈ ਸੀ, ਟੁੱਟੇ ਹੋਏ ਵਾਣ ਵਾਲ਼ੀ। ਉਹ ਲੇਫ਼ ਵਿੱਚੋਂ ਨਿਕਲ਼ ਕੇ ਆਇਆ ਸੀ ਬਾਹਰ ਤੇ ਅੱਗ ਬਾਲ਼ ਕੇ ਮੁੜ ਲੇਫ਼ ਵਿੱਚ ਈ ਬੈਠ ਗਿਆ....

"ਤੂੰ ਵੀ ਲੈ ਲਾ ਲੱਤਾਂ ਉੱਤੇ ਲੇਫ਼, ਕਿੱਦਾਂ ਬੈਠਾ ਹੋਇਐਂ, ਓਪਰਿਆਂ ਵਾਂਗ?"

"ਅਹਿ ਲੈ ਯਾਰ....ਕੋਈ ਗੱਲ ਕਰ।"

"ਤੂੰ ਕਰ, ਕੋਈ ਗੱਲ..."

"ਕੀ ਗੱਲ ਕਰਾਂ, ਮੈਨੂੰ ਤਾਂ ਕੁਝ ਅਹੁੜਦਾ ਈ ਨਹੀਂ।"

"ਕਿਉਂ ਖ਼ੈਰ ਤਾਂ ਹੈ ਨਾ....ਭਰਜਾਈ ਨਾਲ਼ ਤਾਂ ਨਹੀਂ ਹੋ ਗਈ ਖਹਿਬੜ?"

"ਗੱਲ ਤਾਂ ਐਹੋ-ਜਿਹੀ ਹੀ ਐ।"



Downloaded from https:// www.studiestoday.com

Downloaded from https:// www.studiestoday.com

"ਹੋਇਆ ਕੀ....?"

"ਹੋਣਾ ਕੀ ਸੀ, ਬੱਸ ਐਵੇਂ ਧੱਫੇ ਮਾਰ ਬੈਠਾ, ਦੋ-ਚਾਰ।"

"ਲੈ ਇਹ ਵੀ ਕੋਈ ਗੱਲ ਐ, ਭਲਾ। ਛੱਡ ਯਾਰ।

"ਨਹੀਂ ਬਈ ਦਿਆਲਿਆ, ਉਹਦਾ ਕਸੂਰ ਵੀ ਤਾਂ ਕੋਈ ਨਹੀਂ ਸੀ।"

"ਚੱਲ ਨਹੀਂ ਸੀ ਤੇ ਨਾ ਸਹੀ, ਪਰ ਤੂੰ ਨਿੰਮੋਝੂਣਾ ਕਿਉਂ ਹੋਇਆ ਹੋਇਐਂ?"

"ਉਂਜ ਈ ਮਨ ਕੁਝ ਉਦਾਸ...."

"ਛੱਡ ਪਰ੍ਹਾਂ ਇਹ ਗੱਲਾਂ, ਆਪਾਂ ਨਹੀਂ ਕਦੀ ਐਨਾ ਸੋਚਿਆ ਇਹਨਾਂ ਗੱਲਾਂ ਬਾਰੇ।"

"ਫੇਰ ਵੀ...."

"ਠਹਿਰ, ਮੈਂ ਚਾਹ ਬਣਾ ਲਿਆਵਾਂ।"

ਉਹ ਅਛੋਪਲ਼ੇ ਈ ਮੰਜੀ ਤੋਂ ਉੱਤਰ ਕੇ ਚਾਹ ਬਣਾਉਣ ਲੱਗ ਪਿਆ। ਦੋ ਪਿੱਤਲ਼ ਦੇ ਗਲਾਸ ਭਰ ਲਿਆਇਆ ਉਹ, ਛੇਤੀ ਈ। ਇੱਕ ਟੁੱਟੀ ਹੋਈ ਡੰਡੀ ਵਾਲ਼ਾ ਕੱਪ ਮੈਨੂੰ ਫੜਾ ਦਿੱਤਾ ਤੇ ਦੂਜਾ ਉਹਦੇ ਈ ਵਰਗਾ ਆਪ ਫੜ ਲਿਆ।

"ਕੋਈ ਹੋਰ ਗੱਲ ਕਰ, ਬੰਤਿਆ!"

"ਤੂੰ ਵੀ ਲੜ-ਝਗੜ ਲੈਂਦੈਂ, ਆਪਣੀ ਤੀਵੀਂ ਨਾਲ਼?"

"ਉਏ ਛੱਡ ਹੁਣ, ਇਹ ਗੱਲ... ਮਾੜੀ-ਮੋਟੀ ਖਹਿਬੜ ਹੋ ਈ ਜਾਂਦੀ ਐ, ਕਦੀ-ਕਦਾਈਂ।"

"ਕਿਸ ਗੱਲ ਤੋਂ ਹੁੰਦੀ ਐ, ਇਹ ਗੱਲ ......।"

"ਕੀ ਪਤਾ ਕਿਹੜੀ ਗੱਲ ਤੋਂ ਤਾਮਸ਼ੀ ਆ ਜਾਂਦੀ ਐ. ......।

"ਮਾੜੀ ਗੱਲ ਐ, ਦਿਆਲਿਆ!"

"ਮੈਂ ਕਦੋਂ ਕਹਿਨਾਂ ਚੰਗੀ ਗੱਲ ਐ, ਕੋਈ ਹੋਰ ਗੱਲ ਕਰ।"

ਮੈਂ ਚੁੱਪ ਰਿਹਾ। ਉਹ ਵੀ ਚੁੱਪ ਸੀ। ਅਸੀਂ ਕੱਪਾਂ ਵਿੱਚ ਚਾਹ ਪਾ-ਪਾ ਕੇ ਪੀਂਦੇ ਰਹੇ ਕੁਝ ਦੇਰ। ਉਹ ਲੇਫ਼ ਵਿੱਚ ਲਿਪਟਿਆ ਹੋਇਆ ਹੌਲ਼ੀ-ਹੌਲ਼ੀ ਹਿੱਲ ਰਿਹਾ ਸੀ, ਜਿਵੇਂ ਭਜਨ-ਮੰਡਲੀ ਵਾਲ਼ੇ ਝੂੰਮਦੇ ਹੁੰਦੇ ਐ। ਉਹ ਸਾਹਮਣੇ ਦੀਵਾਰ ਵੱਲ ਵੇਖ ਰਿਹਾ ਸੀ, ਟਿਕਵੀਂ ਨਜ਼ਰ ਨਾਲ਼। ਫੇਰ ਉਹਨੇ ਛੇਤੀ-ਛੇਤੀ ਦੋ-ਤਿੰਨ ਘੁੱਟ ਭਰੇ....

"ਗੱਲ ਤਾਂ ਮਾੜੀ ਈ ਐ, ਬੰਤਿਆ!"

"ਕਿਹੜੀ....?"

"ਏਹੀ ਜ਼ਨਾਨੀ ਨਾਲ਼ ਲੜਾਈ ਵਾਲ਼ੀ।"

"ਏਹੋ ਤਾਂ ਮੈਂ ਕਹਿਨਾਂ...."

"ਤਦੇ ਤਾਂ ਉਹ ਬਹੁਤਾ ਪੇਕੇ ਰਹਿੰਦੀ ਐ...ਏਥੇ ਉਹਦੇ ਜੋਗਾ ਹੈ ਵੀ ਕੀ....ਜਾਂ ਲੜਾਈ ਜਾਂ ਭੁੱਖ-ਨੰਗ।"



Downloaded from https:// www.studiestoday.com

Downloaded from https:// www.studiestoday.com

"ਭੁੱਖ-ਨੰਗ ਕਿਵੇਂ ਦੂਰ ਹੋਊ, ਦਿਆਲਿਆ?"

"ਹੋਰ ਮਿਹਨਤ ਕਰਨੀ ਚਾਹੀਦੀ ਐ, ਸਾਨੂੰ।"

"ਕਿੰਨਾ ਕੁ ਵਾਹ ਸਕਦੇ ਆਂ, ਰਿਕਸ਼ਾ?"

"ਪੈਸੇ ਵਧਾ ਦੇਈਏ, ਸਵਾਰੀ ਦੇ।"

"ਅੱਗੇ ਈ ਸਵਾਰੀ ਘੱਟ ਮਿਲ਼ਦੀ ਐ, ਫੇਰ ਬਿਲਕੁਲ ਈ ਨਹੀਂ ਮਿਲਣੀ।"

"ਨਾ ਮਿਲ਼ੇ ਪਰ ਆਪਾਂ ਘੱਟ ਨਹੀਂ ਲੈਣੇ, ਪੈਸੇ। ਜੇ ਹੱਡ ਭੰਨਣੇ ਐਂ ਤਾਂ ਪੈਸੇ ਵੀ ਪੂਰੇ ਲੈਣੇ ਐਂ।"

ਗੱਲ ਤਾਂ ਠੀਕ ਸੀ ਦਿਆਲੇ ਦੀ, ਪਰ ਸਾਰੇ ਜਣੇ ਕਰਨ ਏਦਾਂ ਤਾਂ ਹੀ ਠੀਕ ਐ। ਜੇਕਰ ਇੱਕ ਜਣਾ ਬਹੁਤੇ ਪੈਸੇ ਮੰਗੇ, ਦੂਸਰਾ ਘੱਟ ਲੈ ਲਵੇ ਤਾਂ ਕੀ ਗੱਲ ਬਣੀ? ਇਹ ਗੱਲ ਤਾਂ ਯੂਨੀਅਨ ਵਿੱਚ ਹੋਣੀ ਚਾਹੀਦੀ ਐ। ਪਰ ਯੂਨੀਅਨਾਂ ਵੀ ਕਈ ਸਨ, ਸ਼ਹਿਰ ਵਿੱਚ।—

"ਤੂੰ ਆਪਣੀ ਯੂਨੀਅਨ ਵਿੱਚ ਗੱਲ ਕਰੀਂ, ਦਿਆਲਿਆ!"

"ਮੈਂ ਤਾਂ ਕਰੂੰਗਾ, ਤੂੰ ਵੀ ਤਾਂ ਕਰੀਂ ਕੁਝ।"

"ਉਂਜ ਦਿਆਲਿਆ, ਜੇ ਸਾਡੀਆਂ ਯੂਨੀਅਨਾਂ ਇੱਕ ਹੋ ਜਾਣ ਤਾਂ ਰੋਗ ਨਾ ਲੱਥ ਜਾਏ ਗਲ਼ੋਂ?"

"ਹੋਣਾ ਪਊ ਇੱਕ ਦਿਨ। ਆਪਾਂ ਕਿਸੇ ਦੇ ਖ਼ਿਲਾਫ਼ ਨਹੀਂ। ਕੋਈ ਦੰਗਾ-ਫ਼ਸਾਦ ਨਹੀਂ ਕਰਦੇ। ਸਰਬੱਤ ਦਾ ਭਲਾ ਮੰਗਦੇ ਆਂ। ਪਰ ਰੋਟੀ ਮਿਲਣੀ ਚਾਹੀਦੀ ਐ, ਸਾਨੂੰ। ਕੱਪੜਾ ਮਿਲ਼ ਜਾਏ ਮਾੜਾ-ਮੋਟਾ...'

ਉਹ ਬੋਲਦਾ ਰਿਹਾ, ਜਿਵੇਂ ਲੈਕਚਰ ਦੇ ਰਿਹਾ ਹੋਵੇ। ਮੈਂ ਪਹਿਲਾਂ ਤਾਂ ਉਹਦੀ ਗੱਲ ਸੁਣਦਾ ਰਿਹਾ, ਫਿਰ ਮੇਰਾ ਧਿਆਨ ਘਰ ਵੱਲ ਚਲਿਆ ਗਿਆ। ਸ਼ੌਰੋ ਉਹਨੇ ਰੋਟੀ ਵੀ ਖਾਧੀ ਐ ਕਿ ਨਹੀਂ? ਕੀ ਪਤਾ ਉਹਨੇ ਫੁੰਮਣ ਨੂੰ ਮਾਰੀਆਂ ਹੋਣ ਦੋ ਚੁਪੇੜਾਂ ਤੇ ਉਹ ਸੌਂ ਗਿਆ ਹੋਵੇ, ਰੋਂਦਾ ਹੋਇਆ। ਦਿਆਲੇ ਦੀ 'ਵਾਜ ਮੈਨੂੰ ਖੂਹ ਵਿੱਚੋਂ ਆਉਂਦੀ ਜਾਪੀ। ਹਰ ਪਲ, ਹਰ ਘੜੀ ਉਹਦੀ 'ਵਾਜ ਉੱਚੀ ਹੋਣ ਦੀ ਥਾਂਵੇਂ ਨੀਵੀਂ ਹੁੰਦੀ ਜਾ ਰਹੀ ਸੀ, ਤੇ ਫੇਰ ਉਹ ਡੁੱਬ ਗਈ—ਇਕਦਮ ਡੁੱਬ ਗਈ।

"ਕਿੱਥੇ ਚੱਲਿਐਂ, ਸੌਂ ਜਾ ਏਥੇ ਈ, ਬੰਤਿਆ!"

"ਨਹੀਂ ਯਾਰ, ਘਰ ਤਾਂ ਜ਼ਰੂਰ ਜਾਣਾ ਐਂ।"

"ਚੱਲ ਤੈਨੂੰ ਛੱਡ ਆਵਾਂ, ਰਿਕਸ਼ੇ ਉੱਤੇ।"

"ਚਲਿਆ ਜਾਊਂ ਮੈਂ, ਤੁਰ ਕੇ...."

"ਝੱਟ-ਪੱਟ ਈ ਛੱਡ ਆਊਂ ਮੈਂ ਤੈਨੂੰ, ਕਿੱਥੇ ਲੱਤਾਂ ਮਾਰਦਾ ਜਾਏਂਗਾ, ਐਨੀ ਵਾਟ?"

ਉਹਨੇ ਖੇਸ ਦੀ ਬੁੱਕਲ਼ ਮਾਰ ਲਈ ਤੇ ਖੋਲ੍ਹ ਦਿੱਤਾ ਜਿੰਦਰਾ ਰਿਕਸ਼ੇ ਦੀ ਚੈਨ ਨਾਲ਼ੋਂ। ਉਹ ਬਾਹਰ ਈ ਖੜ੍ਹਾ ਕਰਦਾ ਸੀ ਰਿਕਸ਼ਾ ਗਲ਼ੀ ਵਿੱਚ। ਇੱਕੋ ਕਮਰਾ ਸੀ ਉਹਦੇ ਕੋਲ਼ ਜਿਸ ਵਿੱਚ ਮਸਾਂ ਤਿੰਨ-ਚਾਰ ਮੰਜੀਆਂ ਈ ਡਹਿ ਸਕਦੀਆਂ ਸਨ। ਇੱਕ ਖੂੰਜੇ ਵਿੱਚ ਚੁੱਲ੍ਹਾ ਬਣਿਆ ਸੀ। ਏਸੇ ਕਮਰੇ



Downloaded from https:// www.studiestoday.com

Downloaded from https:// www.studiestoday.com

ਵਿੱਚ ਉਹਦੇ ਘਰ ਦੋ ਨਿਆਣੇ ਹੋਏ ਸੀ। ਕੀ ਪਤਾ ਵੱਡੇ ਹੋਣ ਤੀਕ ਉਹ ਏਸੇ ਕਮਰੇ ਵਿੱਚ ਈ ਪਲਣ। ਹੋਰ ਜਾਣਾ ਵੀ ਕਿੱਥੇ ਐ?

"ਦਿਆਲਿਆ, ਤੂੰ ਬਹਿ ਜਾ ਸੀਟ ਉੱਤੇ ਤੇ ਮੈਂ ਚਲਾਨਾਂ—"

"ਲੈ ਅਹਿ ਕਿਵੇਂ ਹੋ ਸਕਦੈ, ਬਹਿ ਜਾ ਪਿੱਛੇ—"

"ਮੇਰੀ ਗੱਲ ਸੁਣ—"

"ਕੋਈ ਗੱਲ ਨਹੀਂ ਸੁਣਨੀ ਤੇਰੀ—"

ਮੈਂ ਸੀਟ ਉੱਤੇ ਬਹਿ ਗਿਆ ਤੇ ਉਹ ਲੱਗ ਪਿਆ ਪੈਡਲ ਮਾਰਨ। ਠੱਕਾ ਨਹੀਂ ਸੀ ਚੱਲ ਰਿਹਾ ਹੁਣ। ਬੱਦਲ਼ ਵੀ ਕੋਈ-ਕੋਈ ਸੀ ਅਸਮਾਨ ਉੱਤੇ। ਚੰਨ ਦੀ ਚਾਨਣੀ ਫੈਲੀ ਹੋਈ ਸੀ, ਚਾਰੇ ਪਾਸੇ। ਦਿਆਲਾ ਰੌਂ ਵਿੱਚ ਆ ਗਿਆ—

"ਚਰਖੇ ਦੀ ਘੂਕ ਸੁਣ ਕੇ, ਜੋਗੀ ਉੱਤਰ ਪਹਾੜੋਂ ਆਇਆ...."

ਜੋਗੀ ਉੱਤਰ ਪਹਾੜੋਂ ਆਇਆ...ਜੋਗੀ ਉੱਤਰ ਪਹਾੜੋਂ ਆਇਆ।"

'ਅੱਗੇ ਵੀ ਕੁਝ ਸੁਣਾਏਂਗਾ ਕਿ ਘਸੇ ਹੋਏ ਤਵੇ ਵਾਂਗ ਇੱਕੋ ਥਾਂ 'ਤੇ ਅੜਿਆ ਰਹੇਂਗਾ।"

"ਚੱਲ ਤੂੰਹੀਓਂ ਸੁਣਾ ਦੇ ਕੁਝ, ਬੰਤਿਆ!"

"ਮੈਂ ਤਾਂ ਹੀਰ ਸੁਣਾ ਸਕਨਾਂ। ਪਰ ਏਦਾਂ ਨਹੀਂ...."

"ਹੋਰ ਕਿੱਦਾਂ—? ਮਜਮਾ ਲਾ ਕੇ?"

"ਕਿਸੇ ਚੱਜ ਦੀ ਥਾਂ 'ਤੇ ਬੈਠ ਕੇ ਬੰਦਾ ਸੁਣਾਏ ਹੀਰ, ਤੁਰੇ-ਤੁਰੇ ਜਾਂਦਿਆਂ ਤਾਂ ਹੇਕ ਨਹੀਂ ਨਿਕਲ਼ਦੀ, ਚੰਗੀ ਤਰ੍ਹਾਂ।"

"ਤੂੰ ਕੋਈ ਤੁਰਿਆ ਜਾਂਦੈਂ? ਬੈਠਾ ਹੋਇਐਂ 'ਰਾਮ ਨਾਲ਼ ਸੀਟ ਉੱਤੇ।"

"ਤੂੰ ਬਹਿ ਜਾ ਆ ਕੇ, ਹਿਰਖ ਕਿਉਂ ਕਰਦੈਂ—?"

"ਹਿਰਖ ਨਹੀਂ ਕੋਈ..... ਬੱਸ, ਸੁਣਾ ਦੇ ਕੁਸ਼।"

ਮੈਂ ਕੰਨ 'ਤੇ ਹੱਥ ਰੱਖ ਕੇ ਹੇਕ ਲਾਈ—

'ਹੀਰ ਆਖਦੀ ਜੋਗੀਆ ਝੂਠ ਆਖੇਂ,

ਕੌਣ ਰੁੱਠੜੇ ਯਾਰ ਮਨਾਉਂਦਾ ਏ।'

ਕਿੰਨਾ ਈ ਚਿਰ ਮੈਂ ਗਾਉਂਦਾ ਰਿਹਾ। ਦਿਆਲਾ ਗੱਦੀ ਉੱਤੇ ਬੈਠਾ-ਬੈਠਾ ਹੌਲ਼ੀ-ਹੌਲ਼ੀ ਹਿੱਲ ਰਿਹਾ ਸੀ, ਜਿਵੇਂ ਭਜਨ-ਮੰਡਲੀ ਵਾਲ਼ੇ ਹਿੱਲਦੇ ਹੁੰਦੇ ਐ। ਸੜਕ ਬਿਲਕੁਲ ਖ਼ਾਲੀ ਸੀ, ਚੁੱਪ-ਚਾਂ ਸੀ ਸਾਰੇ ਪਾਸੇ। ਖ਼ੌਰੇ ਕਿੰਨੀ ਰਾਤ ਬੀਤ ਚੁੱਕੀ ਸੀ। ਉਂਜ ਤਾਂ ਮੈਂ ਗੌਂ ਰਿਹਾ ਸੀ ਪਰ ਜੀਅ ਬੜਾ ਉਦਾਸ ਸੀ।

"ਲੈ ਬਈ, ਚੱਲ ਤੂੰ ਹੁਣ ਘਰ...."

"ਪੈ ਜਾ, ਐਥੇ ਈ—'

"ਨਾ ਬਈ—ਆਪਣੇ ਘਰ ਵਰਗੀ ਰੀਸ ਨਹੀਂ।"



Downloaded from https:// www.studiestoday.com

Downloaded from https:// www.studiestoday.com

"ਓਏ, ਇਹ ਕੋਈ ਓਪਰਾ ਘਰ ਐ?"

"ਭਾਵੇਂ ਨਹੀਂ ਓਪਰਾ....ਚੰਗਾ ਬਈ, ਬੰਤਿਆ।"

"ਚੰਗਾ ਫੇਰ...."

ਮੈਂ ਹੌਲ਼ੀ ਜਿਹੀ ਕੁੰਡਾ ਖੜਕਾਇਆ, ਇੱਕ ਵਾਰ ਹੋਰ ਖੜਕਾਇਆ, ਫੇਰ ਤੀਜੀ ਵਾਰ ਖੜਕਾਇਆ। ਉਹ ਪਤਾ ਨਹੀਂ ਸੌਂ ਗਈ ਸੀ। ਫੇਰ ਮੈਂ ਉਹਦਾ ਨਾਂ ਲੈ ਕੇ ਦੋ-ਤਿੰਨ 'ਵਾਜਾਂ ਮਾਰੀਆਂ।

"ਕੌਣ ਐਂ—?"

"ਮੈਂ ਆਂ, ਹੋਰ ਕੌਣ।"

ਬੂਹਾ ਉਹਨੇ ਖੋਲ੍ਹ ਦਿੱਤਾ। ਇੱਕ-ਦੋ ਵਾਰ ਮੇਰੇ ਵੱਲ ਤੱਕੀ, ਰੋਸ ਭਰੀਆਂ ਅੱਖਾਂ ਨਾਲ਼। ਪਰ ਕੋਈ ਗੱਲ ਕੀਤਿਆਂ ਬਗ਼ੈਰ ਮੰਜੀ ਉੱਤੇ ਜਾ ਪਈ। ਪਹਿਲਾਂ ਤਾਂ ਮੇਰਾ ਜੀਅ ਕੀਤਾ ਕਿ ਉਸ ਨੂੰ ਬੁਲਾਵਾਂ। ਪਰ ਫਿਰ ਮੈਂ ਵੀ ਚੁੱਪ ਈ ਰਿਹਾ। ਚੰਗੇਰ ਵਿੱਚੋਂ ਦੋ ਰੋਟੀਆਂ ਕੱਢੀਆਂ, ਉੱਪਰ ਈ ਥੋੜ੍ਹੀ ਜਿਹੀ ਦਾਲ਼ ਪਾਈ ਤੇ ਛਕ ਗਿਆ, ਮੰਜੀ ਦੀ ਪੈਂਦ 'ਤੇ ਬਹਿ ਕੇ। ਦੀਵੇ ਦੀ ਲੋਅ ਵਿਚ ਭੁੰਮਣ ਦਾ ਮੂੰਹ ਬੜਾ ਈ ਭੋਲ਼ਾ ਲੱਗ ਰਿਹਾ ਸੀ। ਇੰਜ ਲੱਗਦਾ ਸੀ ਜਿਵੇਂ ਉਹ ਰੋਂਦਾ-ਰੋਂਦਾ ਈ ਸੌਂ ਗਿਆ ਹੋਵੇ।

ਮੈਂ ਭੁੰਮਣ ਦੇ ਨਾਲ਼ ਈ ਪੈ ਗਿਆ ਤੇ ਉਹਨੂੰ ਆਪਣੀ ਹਿੱਕ ਨਾਲ਼ ਲਾ ਲਿਆ। ਮੇਰਾ ਜੀਅ ਕਰੇ ਰੋਣ ਨੂੰ ਪਰ ਮੈਂ ਆਪਣੇ ਆਪ ਨੂੰ ਕਾਬੂ 'ਚ ਰੱਖਿਆ। ਫੇਰ ਅਚਾਨਕ ਮੈਨੂੰ ਖ਼ਿਆਲ ਆਇਆ ਕਿ ਤਾਰੋ ਨੇ ਰੋਟੀ ਨਹੀਂ ਖਾਧੀ ਹੋਣੀ। ਨਾ ਪਕਾਈ, ਨਾ ਖਾਧੀ। ਮੈਂ ਉੱਠ ਕੇ ਉਹਦੇ ਕੋਲ਼ ਗਿਆ—

"ਉੱਠ, ਰੋਟੀ ਖਾ ਲੈ।"

"ਖਾ ਲਈ ਐ, ਮੈਂ।"

"ਝੂਠ ਨਾ ਬੋਲ ਤੇ ਉੱਠ—।"

"ਛੱਡ ਦੇ ਮੇਰੀ ਬਾਂਹ, ਸੌਂ ਹੁਣ ਜਾ ਕੇ—ਅੱਧੀ ਰਾਤ ਹੋਣ ਲੱਗੀ ਐ।"

ਮੈਂ ਫੇਰ ਆ ਕੇ ਪੈ ਗਿਆ ਭੁੰਮਣ ਦੇ ਨਾਲ਼, ਪਰ ਕਿੰਨਾ ਈ ਚਿਰ ਅੱਖ ਨਾ ਲੱਗੀ। ਕਈ ਤਰ੍ਹਾਂ ਦੇ ਖ਼ਿਆਲ ਦਿਲ ਵਿੱਚ ਆਉਂਦੇ ਰਹੇ। ਛੋਟੀ ਜਿਹੀ ਗੱਲ 'ਤੇ ਐਨਾ ਕਲ਼ੇਸ ਪੈ ਗਿਆ ਸੀ। ਦਿਆਲੇ ਨੂੰ ਜ਼ਰਾ ਪਰਵਾਹ ਨਹੀਂ ਸੀ ਕਿਸੇ ਗੱਲ ਦੀ, ਖ਼ੌਰੇ ਹੋਵੇ ਈ ਪਰ ਉਹ ਜ਼ਾਹਰ ਨਾ ਕਰਦਾ ਹੋਵੇ।

ਇਹ ਗੱਲਾਂ ਮੇਰੇ ਦਿਲ ਵਿੱਚ ਘੁੰਮ ਈ ਰਹੀਆਂ ਸਨ ਕਿ ਤਾਰੋ ਦੀ ਫੇਰ 'ਵਾਜ ਆਈ—

"ਚਾਹ ਪੀ ਕੇ ਫੇਰ ਪੈ ਗਿਆ ਐਂ ਲੰਮਾ, ਤੇਰੀ ਮਰਜ਼ੀ ਨਹੀਂ ਬਾਹਰ ਜਾਣ ਦੀ ਅੱਜ?"

"ਜਾਨਾਂ, ਭਲੀਏ ਲੋਕੇ—ਗਿਆਂ ਬਗ਼ੈਰ ਗੁਜ਼ਾਰਾ ਵੀ ਐ?"

"ਕੀ ਪਤਾ....ਲੱਛਣ ਤਾਂ ਤੇਰੇ ਨਾ ਜਾਣ ਦੇ ਈ ਐ।"

"ਤੂੰ ਫੇਰ ਦੱਸਿਆ ਨਹੀਂ। ਕੀ ਲਿਆਵਾਂ ਤੇਰੇ ਲਈ ਮੁੜਦਾ ਹੋਇਆ?"

"ਕਹਿ ਜੋ ਦਿੱਤਾ ਐ, ਕੁਝ ਨਹੀਂ ਚਾਹੀਦਾ ਮੈਨੂੰ—।"



Downloaded from https:// www.studiestoday.com

Downloaded from https:// www.studiestoday.com

"ਫੇਰ ਵੀ...."

ਉਹ ਮੇਰੇ ਵੱਲ ਤੱਕੀ ਹੋਰ ਈ ਨਜ਼ਰ ਨਾਲ਼। ਮੈਂ ਠਠੰਬਰ ਗਿਆ। ਫੇਰ ਉਹਦੇ ਬੁੱਲ੍ਹਾਂ 'ਤੇ ਮੁਸਕਣੀ ਫੈਲ ਗਈ, ਜਿਵੇਂ ਮੇਰੀ ਗੱਲ ਦਾ ਮਜ਼ਾਕ ਉਡਾ ਰਹੀ ਹੋਵੇ। ਅਸਲ ਵਿੱਚ ਉਸ ਦਿਨ ਤੋਂ ਪਿੱਛੋਂ, ਜਦੋਂ ਮੈਂ ਉਸ ਉੱਤੇ ਹੱਥ ਚੁੱਕਿਆ ਸੀ, ਉਹਨੇ ਮੈਨੂੰ ਮਾਫ਼ ਨਹੀਂ ਸੀ ਕੀਤਾ। ਸਾਡੇ ਘਰ ਦੂਜੀ ਮੁੰਨੀ ਹੋਈ ਨੂੰ ਵੀ ਤਿੰਨ ਸਾਲ ਹੋ ਚੁੱਕੇ ਐ। ਉਦੋਂ ਤਾਂ ਹਾਲੀ ਵੱਡੀ ਮੁੰਨੀ ਵੀ ਕੁੱਛੜ ਈ ਸੀ। ਐਨੇ ਸਾਲ ਲੰਘ ਗਏ ਸੀ ਉਸ ਗੱਲ ਨੂੰ। ਪਰ ਵਿਹੁ ਹਾਲੀ ਵੀ ਉਵੇਂ ਸੀ। ਉਂਜ ਤਾਂ ਉਹ ਰੋਟੀ ਪਕਾਂਦੀ ਐ, ਚਾਹ ਬਣਾਂਦੀ ਐ, ਕੱਪੜੇ ਧੋਂਦੀ ਐ, ਪਰ ਉਹਦੇ ਦਿਲ ਵਿੱਚ ਜਿਹੜੀ ਗੰਢ ਬੱਝ ਚੁੱਕੀ ਐ, ਉਹ ਨਹੀਂ ਖੁੱਲ੍ਹਦੀ। ਕਦੀ-ਕਦੀ ਇਹ ਮੇਰੇ ਵੱਲ ਹੋਰ ਈ ਤਰ੍ਹਾਂ ਵੇਖਣ ਲੱਗ ਪੈਂਦੀ ਐ। ਨਾਲ਼ੇ ਉਸ ਦੀ ਮੁਸਕਣੀ....।

ਪਤਾ ਨਹੀਂ ਕੀ ਹੋ ਗਿਆ ਐ ਇਹਨੂੰ. ਉਸ ਦਿਨ ਦਾ? ਪਹਿਲਾਂ ਮੈਂ ਇਸ ਨੂੰ ਤਾਰੋ ਕਹਿ ਕੇ ਬੁਲਾਂਦਾ ਹੁੰਦਾ ਸੀ, ਪਰ ਹੁਣ ਮੈਂ ਬਹੁਤਾ ਇਹਨੂੰ 'ਭਲੀ ਲੋਕ' ਕਹਿ ਕੇ ਬੁਲਾਂਦਾਂ। ਉਹ ਗੱਲ ਈ ਨਹੀਂ ਰਹੀ ਇਸ ਵਿੱਚ। ਹਰ ਵੇਲ਼ੇ ਚੁੱਪ-ਚੁੱਪ ਰਹਿੰਦੀ ਐ। ਘਰ ਵਿੱਚ ਕੁਝ ਹੁੰਦਾ ਰਵ੍ਹੇ, ਇਸ ਨੂੰ ਕੋਈ ਪਰਵਾਹ ਈ ਨਹੀਂ ਹੁੰਦੀ। ਕਈ-ਕਈ ਦਿਨ ਕੱਪੜੇ ਈ ਨਹੀਂ ਬਦਲਦੀ। ਸੱਚੀ ਗੱਲ ਤਾਂ ਇਹ ਐ ਕਿ ਇਹਦੇ ਕੋਲ਼ ਕਦੀ ਚੰਗੇ ਕੱਪੜੇ ਹੋਏ ਈ ਨਹੀਂ, ਵਿਆਹ ਤੋਂ ਪਿੱਛੋਂ।—

"ਡੁੰਮਣਾ, ਏਧਰ ਆ—"

"ਕੀ ਐ, ਬਾਪੂ?"

"ਚੱਲ ਤੈਨੂੰ ਸੈਲ ਕਰਾਵਾਂ, ਰਿਕਸ਼ੇ ਦੀ।"

"ਆਹਾ...ਹਾ....ਹਾ।"

ਉਹ ਖ਼ੁਸ਼ੀ-ਖ਼ੁਸ਼ੀ ਬਹਿ ਗਿਆ ਸੀਟ ਉੱਤੇ। ਮੈਂ ਚਲਾਣ ਹੀ ਲੱਗਾ ਸੀ ਰਿਕਸ਼ਾ ਕਿ ਤਾਰੋ ਦੋਂਹਾਂ ਕੁੜੀਆਂ ਨੂੰ ਨਾਲ਼ ਲੈ ਕੇ ਥੜ੍ਹੇ ਉੱਤੇ ਆ ਗਈ—

"ਇਹਨਾਂ ਨੂੰ ਵੀ ਸੈਲ ਕਰਾ ਦੇ, ਇਹ ਕੋਈ ਮਤਰੇਈਆਂ ਤੇ ਨਹੀਂ।"

"ਛੋਟੀ ਨੂੰ ਤਾਂ ਫੜ ਛੱਡ, ਡਿਗ ਪਊਗੀ ਪਿੱਛੇ ਬੈਠੀ ਹੋਈ।"

"ਨਹੀਂ ਡਿਗਦੀ ਕਿਤੇ—"

ਤਿੰਨੇ ਨਿਆਣੇ ਪਿੱਛੇ ਬੈਠ ਗਏ। ਹੌਲ਼ੀ-ਹੌਲ਼ੀ ਰਿਕਸ਼ਾ ਚਲਾਂਦਾ ਹੋਇਆ ਮੈਂ ਬਜ਼ਾਰ ਵਿੱਚ ਆ ਗਿਆ। ਚੌਕ ਤੀਕ ਗੇੜਾ ਦਿੱਤਾ ਤੇ ਫੇਰ ਘਰ ਨੂੰ ਮੁੜ ਪਿਆ। ਬੜੇ ਖ਼ੁਸ਼ ਸੀ ਨਿਆਣੇ। ਉੱਚੀ-ਉੱਚੀ ਬੋਲ ਰਹੇ ਸੀ। ਆਪਣੀਆਂ ਈ ਝੱਲ-ਵਲੱਲੀਆਂ ਮਾਰ ਰਹੇ ਸੀ। ਇਨ੍ਹਾਂ ਨੂੰ ਹੱਸਦਿਆਂ ਵੇਖ ਕੇ ਮੁੜ ਚੁਸਤੀ ਆ ਗਈ ਮੇਰੇ ਸਰੀਰ ਵਿੱਚ। ਇਹਨਾਂ ਨੂੰ ਘਰ ਛੱਡ ਕੇ ਮੈਂ ਸੜਕ ਉੱਤੇ ਆ ਗਿਆ। ਚਾਰ ਕੁ ਵੱਜੇ ਸਨ, ਉਸ ਵੇਲ਼ੇ। ਐਨਾ ਚਿਰ ਤਾਂ ਮੈਂ ਕਦੀ ਵੀ ਘਰ ਨਹੀਂ ਰਿਹਾ, ਦੁਪਹਿਰੇ। ਪਤਾ ਨਹੀਂ ਕਿਉਂ ਐਨਾ ਆਲਸ ਪੈ ਗਿਆ ਸੀ, ਅੱਜ।



Downloaded from https:// www.studiestoday.com

Downloaded from https:// www.studiestoday.com

## ਕਾਂਡ-ਤਿੰਨ

# ਸ਼ਾਮ

ਕਿੱਧਰ ਨੂੰ ਚੱਲਣਾ ਈ, ਬੰਤਿਆ? ਲਾਹੌਰੀ ਦਰਵਾਜ਼ੇ ਵੱਲ ਨੂੰ ਚੱਲੀਏ ਕਿ ਪੁਤਲੀ ਘਰ ਨੂੰ? ਚੱਲ ਰਹਿਣ ਦੇ ਇਹ ਸੋਚਾਂ, ਜਾਣ ਦੇ ਜਿੱਧਰ ਨੂੰ ਜਾਂਦਾ ਐ ਰਿਕਸ਼ਾ। ਅਹੁ ਆ ਗਿਆ ਈ ਮੋੜ। ਜੇ ਤਾਂ ਚੱਲਦਾ ਗਿਆ ਸਿੱਧਾ ਤਾਂ ਪਹੁੰਚ ਜਾਵਾਂਗੇ ਆਪਾਂ ਲਾਹੌਰੀ ਦਰਵਾਜ਼ੇ, ਤੇ ਫੇਰ ਉੱਥੋਂ ਲੋਹਗੜ੍ਹ। ਜੇ ਉੱਥੇ ਵੀ ਨਾ ਮਿਲ਼ੀ ਸਵਾਰੀ ਤਾਂ ਜਾ ਖਲੋਵਾਂਗੇ ਹਾਥੀ ਦਰਵਾਜ਼ੇ ਦੇ ਅੰਦਰ। ਜੇ ਕਿਤੇ ਮੋੜ ਮੁੜ ਗਿਆ ਇਹ ਰਿਕਸ਼ਾ, ਤਾਂ ਆਪਾਂ ਪੁੱਜ ਜਾਵਾਂਗੇ-ਪੁਤਲੀ ਘਰ ਤੇ ਉੱਥੋਂ ਸਿਟੀ ਲਾਈਟ ਸਿਨਮੇ ਦੇ ਅੱਗੋਂ ਦੀ ਹੁੰਦੇ ਹੋਏ ਆਪਾਂ ਸਟੇਸ਼ਨ ਉੱਤੇ ਅੱਪੜ ਜਾਵਾਂਗੇ। ਗੱਡੀਆਂ ਤਾਂ ਆਉਂਦੀਆਂ ਈ ਰਹਿੰਦੀਆਂ ਐਂ, ਹਰ ਵੇਲ਼ੇ। ਲੈ ਬਈ ਬੰਤਿਆ, ਆ ਗਿਆ ਈ ਮੋੜ, ਤੇ ਅਗਲਾ ਚੱਕਾ ਭੌਂਦਾ ਜਾ ਰਿਹਾ ਈ ਉੱਧਰ ਨੂੰ, ਤੇ ਲੈ ਫੇਰ ਮੁੜ ਗਿਐ ਇਹ ਪੁਤਲੀ ਘਰ ਦੀ ਰਾਹ ਵੱਲ।

ਯਾਦ ਈ ਨਾ ਬੰਤਿਆ, ਤਾਰੋ ਜਦੋਂ ਵਿਆਹੀ ਹੋਈ ਆਈ ਸੀ ਤਾਂ ਉਹਦੇ ਉੱਤੇ ਨਜ਼ਰ ਈ ਨਹੀਂ ਸੀ ਟਿਕਦੀ। ਭੋਲ਼ਾ ਜਿਹਾ ਮੂੰਹ ਸੀ। ਮੈਨੂੰ ਉਦੋਂ ਈ ਅੰਦਰੋਂ ਖ਼ਿਆਲ ਆਇਆ ਸੀ ਕਿ ਐਨੀ ਚੰਗੀ ਕਿਸਮਤ ਤਾਂ ਨਹੀਂ ਸੀ ਆਪਣੀ ਪਰ ਮਿਹਰ ਹੋ ਗਈ ਸੀ, ਵਾਹਿਗੁਰੂ ਦੀ। ਟਾਂਗਿਆਂ ਉੱਤੇ ਆਏ ਸੀ ਅਸੀਂ ਡੋਲ਼ਾ ਲੈ ਕੇ ਤੇ ਘਰ ਪਹੁੰਚਦਿਆਂ-ਪਹੁੰਚਦਿਆਂ ਤਕਾਲ਼ਾਂ ਪੈ ਗਈਆਂ ਸਨ।

ਪਰ, ਬੰਤਿਆ, ਕਿਹੜੇ ਵਹਿਣਾਂ ਵਿੱਚ ਵਹੀ ਜਾਨਾਂ ਐਂ। ਛੱਡ ਹੁਣ ਪੁਰਾਣੀਆਂ ਗੱਲਾਂ, ਬੀਤ ਗਈਆਂ, ਸੋ ਬੀਤ ਗਈਆਂ—ਅਗਲੀ ਸੋਚ ਹੁਣ। ਪਿੱਛਾ ਤਾਂ ਕੀ ਸੌਰਨਾ ਏ ਹੁਣ, ਅੱਗਾ ਸੁਆਰ ਲੈ ਜੇ ਸੌਰਦਾ ਈ ਤੇ। ਉਂਜ ਲਾਈ ਹੀ ਜਾਨਾਂ ਐਂ, ਆਪਣੀ ਵਾਹ। ਲੈ ਆ ਗਿਆ ਈ ਚੌਕ ਪੁਤਲੀ ਘਰ ਦਾ। ਕਰ ਦੇ ਖੜ੍ਹਾ ਰਿਕਸ਼ਾ ਐਸ ਨੁੱਕਰ ਉੱਤੇ। ਤੁਰਿਆ ਆਉਂਦਾ ਈ ਸਾਮ੍ਹਣਿਓਂ ਦਿਆਲਾ। ਬੜਾ ਖਿੜਿਆ ਹੋਇਐ, ਅੱਜ ਤਾਂ ਇਹ।—

"ਕੀ ਗੱਲ ਐ ਦਿਆਲਿਆ, ਬੜਾ ਖ਼ੁਸ਼ ਐਂ ਅੱਜ ਤਾਂ?"

"ਖ਼ੁਸ਼ੀ ਕਾਹਦੀ ਐ, ਉਂਜ ਈ ਜ਼ਰਾ ਖ਼ੁਸ਼ ਰਹੀਦਾ ਐ।"

"ਅੱਛਾ—ਮੈਨੂੰ ਵੀ ਦੱਸ ਦੇ ਕੋਈ ਗੁਰ।"

"ਗੁਰ ਕੋਈ ਨਹੀਂ, ਬੱਸ ਊਂ ਈ ਦਿਲ ਟਕਾਣੇ ਰੱਖੀਦਾ ਐ।"



Downloaded from https:// www.studiestoday.com

Downloaded from https:// www.studiestoday.com

"ਕਿੱਧਰੋਂ ਆਇਐਂ—?"

"ਸਵਾਰੀ ਲਿਆਂਦੀ ਸੀ ਇੱਕ ਖ਼ਾਲਸਾ ਕਾਲਜ ਵੱਲੋਂ, ਪਰਲੀ ਗਲ਼ੀ ਵਿੱਚ ਛੱਡ ਕੇ ਆਇਆਂ।"

"ਉਏ ਕਿਹੜੀ ਸਵਾਰੀ? ਉਹੀ ਤਾਂ ਨਹੀਂ ਪ੍ਰੋਫ਼ੈਸਰ ਜਿਹੀ?"

"ਉਹੋ ਈ ਕਿ—ਸਵੇਰੇ ਛੱਡ ਕੇ ਆਈਦੈ, ਦੁਪਹਿਰੇ ਲੈ ਕੇ ਆਈਦੈ। ਉਂਜ ਤਾਂ ਛੁੱਟੀਆਂ ਨੇ ਅੱਜ-ਕੱਲ੍ਹ ਪਰ ਅੱਜ ਕੋਈ ਪਾਰਟੀ ਸੀ, ਉੱਥੇ।"

"ਬਈ ਟਹੁਰ ਬੜੀ ਐ ਉਹਦੀ, ਸੌਂਹ ਗੁਰ ਦੀ।"

"ਹੋਵੇ ਕਿਉਂ ਨਾ, ਆਪਣਾ ਕਮਾਉਂਦੀ ਐ, ਮੌਜਾਂ ਕਰਦੀ ਐ।"

ਇੱਕ ਸਵਾਰੀ ਸਾਡੇ ਵੱਲ ਨੂੰ ਆ ਰਹੀ ਸੀ। ਅਸੀਂ ਦੋਵੇਂ ਈ ਅੱਗੇ ਹੋਏ, ਪਰ ਉਹ ਬੰਦਾ ਬਾਂਹ ਹਿਲਾ ਕੇ ਅਗਾਂਹ ਲੰਘ ਗਿਆ।

"ਚੱਲ ਜਾਣ ਦੇ ਸੂ"

"ਤੇ ਹੋਰ ਕੀ..."

"ਲੋਕਾਂ ਕੋਲ਼ ਖਾਣ ਨੂੰ ਤਾਂ ਪੈਸਾ ਨਹੀਂ।"

"ਪਈ ਜਿਨ੍ਹਾਂ ਕੋਲ਼ ਹੈਗਾ ਐ, ਉਹਨਾਂ ਕੋਲ਼ ਬਹੁਤ ਐ।"

"ਸਾਨੂੰ ਕੀ, ਬੰਤਿਆ, ਕਿਸੇ ਕੋਲ਼ ਬਹੁਤਾ ਹੋਵੇ, ਥੋੜ੍ਹਾ ਹੋਏ— ਆਪਾਂ ਤਾਂ ਆਪਣੀ ਕਮਾਈ ਖਾਣੀ ਐ।"

"ਠੀਕ ਐ ਵੀਰ ਮੇਰਿਆ, ਮਿਹਨਤ-ਮੁਸ਼ੱਕਤ ਕਰਾਂਗੇ ਤੇ ਖਾਵਾਂਗੇ, ਬੈਠੇ-ਬਿਠਾਇਆਂ ਤਾਂ ਸਾਨੂੰ ਕਿਤੋਂ ਨਹੀਂ ਆ ਜਾਣਾ।"

"ਰੋਣਾ ਤਾਂ ਇਹ ਹੈ ਕਿ ਫੇਰ ਵੀ ਪੂਰੀ ਨਹੀਂ ਪੈਂਦੀ। ਹੱਡ ਟੁੱਟ ਜਾਂਦੇ ਐ ਰਾਤ ਤੀਕ, ਪਰ ਢਿੱਡ ਭਰਨ ਜੋਗੇ ਪੈਸੇ ਨਹੀਂ ਬਣਦੇ।"

"ਫੇਰ ਵੀ, ਦਿਆਲਿਆ, ਡੰਗ ਸਾਰੀ ਈ ਜਾਨੇ ਆਂ।"

"ਹੁਣ ਨਹੀਂ ਸਰਨਾ ਡੰਗ, ਮਹਿੰਗਾਈ ਵੱਲ ਤਾਂ ਵੇਖ।"

"ਕੀ ਵੇਖਾਂ—? ਮੈਨੂੰ ਤਾਂ ਕੁਝ ਪਤਾ ਨਹੀਂ, ਪਈ ਇਹ ਹੋ ਕੀ ਰਿਹੈ।"

"ਹੋਣਾ ਕੀ ਐ, ਬੱਸ ਗਰਕਣ ਈ ਵਾਲ਼ੀ ਐ ਦੁਨੀਆ।"

ਫੇਰ ਅਸੀਂ ਦੋਵੇਂ ਚੁੱਪ ਕਰ ਗਏ। ਕੁਝ ਸੋਚਦੇ ਰਹੇ, ਥੋੜ੍ਹੀ ਦੇਰ। ਪਰ ਸੋਚਣਾ ਕੀ ਸੀ, ਐਵੇਂ ਝੂਰਨ ਵਾਲ਼ੀ ਗੱਲ ਸੀ। ਜਦੋਂ ਕਦੀ ਮੇਰੀ ਇਹੋ-ਜਿਹੀ ਹਾਲਤ ਹੁੰਦੀ ਐ, ਮੈਂ ਰਿਕਸ਼ਾ ਚਲਾਣ ਲੱਗ ਪੈਨਾਂ, ਭਾਵੇਂ ਵਿੱਚ ਸਵਾਰੀ ਬੈਠੀ ਹੋਵੇ, ਭਾਵੇਂ ਨਾ। ਰਿਕਸ਼ਾ ਚਲਾਂਦਿਆਂ ਮੈਂ ਸਗੋਂ ਬਹੁਤ ਸੋਚਦਾਂ, ਪਰ ਮੇਰਾ ਦਿਲ ਨਹੀਂ ਡੋਲਦਾ, ਉਸ ਵੇਲ਼ੇ। ਇੰਜ ਜਾਪਦੈ ਜਿਵੇਂ ਹਵਾ ਵਿੱਚ ਉਡਾਰੀਆਂ ਮਾਰ ਰਿਹਾ ਹੋਵਾਂ।



Downloaded from https:// www.studiestoday.com

Downloaded from https:// www.studiestoday.com

ਦਿਆਲੇ ਨੂੰ ਉੱਥੇ ਛੱਡ ਕੇ ਮੈਂ ਚੱਲ ਪਿਆ ਜੀ.ਟੀ.ਰੋਡ ਉੱਤੇ। ਬੜਾ ਤੇਜ਼ ਕਰ ਲਿਆ, ਮੈਂ ਰਿਕਸ਼ਾ। ਬੱਸ ਚੱਲਦਾ ਈ ਗਿਆ ਮੈਂ, ਨਾ ਕਿਸੇ ਵੱਲ ਤੱਕਿਆ, ਨਾ ਹਾਕ ਮਾਰੀ। ਸਟੇਸ਼ਨ ਉੱਤੇ ਪਹੁੰਚ ਕੇ ਮੈਂ ਰੁਕ ਗਿਆ। ਹਾਲੇ ਮੈਂ ਰੁਕਿਆ ਈ ਸੀ ਕਿ ਇੱਕ ਬੁੱਢਾ ਮੇਰੇ ਲਾਗੇ ਆਇਆ। ਉਸ ਨੇ ਅੱਖਾਂ ਦੇ ਹਸਪਤਾਲ ਜਾਣਾ ਸੀ। ਮੈਂ ਉਸ ਨੂੰ ਬਿਠਾ ਲਿਆ। ਉਹ ਆਪਮੁਹਾਰੇ ਈ ਦੱਸਦਾ ਗਿਆ ਆਪਣੀਆਂ ਗੱਲਾਂ। ਉਹਦੀ ਤੀਵੀਂ ਨੇ ਅੱਖਾਂ ਬਣਵਾਈਆਂ ਸੀ, ਦੋ-ਤਿੰਨ ਦਿਨ ਪਹਿਲਾਂ ਤੇ ਅੱਜ ਉਹ ਪਿੰਡ ਗਿਆ ਸੀ ਕੁੱਝ ਲੈਣ ਤੇ ਹੁਣ ਆ ਰਿਹਾ ਸੀ ਉਹ ਵਾਪਸ।—

"ਕਵੇਲ਼ਾ ਹੋਈ ਜਾਂਦੈ। ਗੱਡੀ ਈ ਲੇਟ ਹੋ ਗਈ। ਅੱਧਾ ਘੰਟਾ ਤਾਂ ਬਾਹਰ ਦੇ ਸੰਗਲ ਕੋਲ਼ ਹੀ ਖੜ੍ਹੀ ਰਹੀ। ਚੱਲ ਕੋਈ ਨਹੀਂ, ਹੁਣ ਪਹੁੰਚ ਈ ਜਾਣੈ। ਤੂੰ ਮਿਲ਼ ਗਿਐਂ, ਹੁਣ ਕਾਹਦੀ ਚਿੰਤਾ, ਆਪੇ ਈ ਪਹੁੰਚਾਏਂਗਾ। ਤੈਨੂੰ ਪਤਾ ਏ ਨਾ, ਰਸਤੇ ਦਾ...?"

"ਪਤਾ ਏ ਭਾਈਆ, ਸਾਡਾ ਹੋਰ ਕੰਮ ਕੀ ਐ ?"

"ਜਿਊਂਦਾ ਰਵ੍ਹੇਂ, ਜਵਾਨੀਆਂ ਮਾਣੇਂ— ਹੌਲ਼ੀ ਚਲਾ ਜ਼ਰਾ, ਕਿਤੇ ਕੋਈ ਥੱਲੇ ਈ ਨਾ ਆ ਜਾਵੇ।"

"ਨਹੀਂ ਆਉਂਦਾ, ਕੋਈ ਥੱਲੇ—"

"ਕੀ ਪਤਾ ਲੱਗਦੈ, ਮੈਨੂੰ ਸੁੱਟ ਈ ਗਿਆ ਸੀ ਇੱਕ ਜਣਾ, ਪਰਸੋਂ। ਕਿਸਮਤ ਚੰਗੀ ਸੀ ਬਚ ਗਿਆ, ਪਰ ਉਹਦੇ ਵੱਲੋਂ ਕੋਈ ਕਸਰ ਨਹੀਂ ਸੀ— ਜਿਹੜੀ ਭੋਗਣੀ ਆ, ਉਹ ਤਾਂ ਹਰ ਹੀਲੇ ਭੋਗ ਈ ਲੈਣੀ ਐ। ਅੱਖਾਂ ਤਾਂ ਮੇਰੀਆਂ ਵੀ ਬਣਨ ਵਾਲ਼ੀਆਂ ਨੇ ਪਰ ਮੈਂ ਘਰਵਾਲ਼ੀ ਨੂੰ ਕਿਹਾ, 'ਤੂੰ ਬਣਵਾ ਲੈ ਪਹਿਲਾਂ, ਮੇਰਾ ਤਾਂ ਹਾਲੀਂ ਸਰੀ ਜਾਂਦਾ ਏ, ਪਰ ਤੈਨੂੰ ਤਾਂ ਉਈਂ ਨਹੀਂ ਦੀਂਹਦਾ ਕੁਸ਼'।"

"ਠੀਕ ਬਣ ਗਈਆਂ ਐਂ, ਅੱਖਾਂ?"

"ਡਾਕਦਾਰ ਤਾਂ ਕਹਿੰਦੈ ਠੀਕ ਐ, ਸਭ ਕੁੱਸ਼। ਬਈ ਬੜਾ ਈ ਸਿਆਣਾ ਏ, ਡਾਕਦਾਰ ਤਾਂ। ਉਂਜ ਵੀ ਰੱਜ ਕੇ ਸੋਹਣਾ ਏ, ਹਸੂੰ-ਹਸੂੰ ਕਰਦਾ ਰਹਿੰਦਾ ਏ ਹਰ ਵੇਲ਼ੇ। ਬੱਸ ਹੋਰ ਤਾਂ ਸਾਨੂੰ ਕੋਈ ਤਕਲੀਫ਼ ਨਹੀਂ ਉੱਥੇ, ਇੱਕ ਇਹ ਜਿਹੜੇ ਨੇ ਨਾ ਉੱਪਰਲੇ ਕੰਮ ਕਰਨ ਵਾਲ਼ੇ, ਉਹ ਬੜਾ ਤੰਗ ਕਰਦੇ ਐ। ਜਿੰਨਾ ਚਿਰ ਇਹਨਾਂ ਦੀ ਮੁੱਠੀ ਗਰਮ ਨਾ ਕਰੋ, ਇਹ ਗੱਲ ਵੀ ਨਹੀਂ ਸੁਣਦੇ। ਇੱਕ ਤਾਂ ਬੰਦਾ ਉਂਜ ਦੁਖੀ ਹੁੰਦੈ, ਦੂਜੇ ਇਹ ਕਰ ਦੇਂਦੇ ਆ—"

"ਹਾਂ, ਇਹ ਤਾਂ ਮਾੜੀ ਗੱਲ ਐ।"

"ਸਾਨੂੰ ਪਿੰਡਾਂ ਆਲ਼ਿਆਂ ਨੂੰ ਤਾਂ ਕੁਝ ਸਮਝਦੇ ਈ ਨਹੀਂ, ਇੱਕ ਤਾਂ ਮੁੱਛਦੇ ਐ ਸਾਡੇ ਅਰਗਿਆਂ ਨੂੰ, ਦੂਜਾ ਟਿੱਚਰਾਂ ਕਰਦੇ ਆ। ਕੋਈ ਆ ਜਾਏ ਨਾ ਜੰਟਲਮੈਨ, ਕੋਟ- ਪਤਲੂਨ ਵਾਲ਼ਾ, ਉਹਦੇ ਅੱਗੇ ਜੀ-ਜੀ ਕਰਦੇ ਫਿਰਨਗੇ। ਸਾਨੂੰ ਕਹਿਣਗੇ-'ਪਰੇ ਹੋ ਜਾਹ, ਬਹਿ ਜਾ ਉੱਥੇ ਬੈਂਚ ਉੱਤੇ।' ਕੋਈ ਖ਼ੌਫ਼ ਨਹੀਂ ਰੱਬ ਦਾ ਇਹਨਾਂ ਨੂੰ।"

"ਚੱਲ, ਤੁਹਾਡਾ ਦੁੱਖ ਤਾਂ ਕੱਟਿਆ ਈ ਗਿਐ।"



Downloaded from https:// www.studiestoday.com

Downloaded from https:// www.studiestoday.com

"ਸ਼ੁਕਰ ਏ ਵਾਹਿਗੁਰੂ ਦਾ, ਲੱਖ-ਲੱਖ ਸ਼ੁਕਰ ਏ। ਹੁਣ ਕਿਤੇ ਮੇਰੀਆਂ ਅੱਖਾਂ ਵੀ ਬਣ ਜਾਣ ਨਾ, ਛੇਤੀ ਈ।"

"ਤੂੰ ਵੀ ਬਣਵਾ ਲਈਂ, ਥੋੜ੍ਹੇ ਚਿਰ ਪਿੱਛੋਂ।"

"ਬਣਵਾ ਈ ਲੈਣੀਆਂ ਨੇ ਹੁਣ। ਬੱਸ, ਫੇਰ ਮੈਂ ਕਿਤੇ ਨਹੀਂ ਜਾਂਦਾ।"

"ਜਾਣਾ ਕਿੱਥੇ ਆ, ਭਾਈਆ?"

"ਜਾਣਾ ਈ ਏ ਆਖ਼ਰ, ਹੋਰ ਕਿੰਨੀ ਦੇਰ ਬੈਠੇ ਰਹਿਣਾ ਏ ਏਥੇ। ਚੰਗੀ-ਮਾੜੀ ਕੱਟੀ ਗਈ ਏ। ਦੁੱਖ-ਸੁੱਖ ਨਾਲ਼ ਈ ਨੇ, ਸਰੀਰਾਂ ਦੇ। ਦੁੱਖ ਪਿੱਛੋਂ ਸੁੱਖ ਮਿਲ਼ ਜਾਏ ਤਾਂ ਭੁੱਲ ਜਾਂਦੇ ਐ ਦੁੱਖ। ਇਹ ਦਿਨ ਵੀ ਭੁੱਲ ਜਾਣਗੇ, ਬੜਾ ਖ਼ੱਜਲ-ਖ਼ੁਆਰ ਹੋਣਾ ਪੈਂਦਾ ਏ ਹਸਪਤਾਲਾਂ ਵਿੱਚ...।"

ਸੁਣਦਾ ਰਿਹਾ, ਮੈਂ ਉਹਦੀਆਂ ਗੱਲਾਂ। ਕਈ ਸਵਾਰੀਆਂ ਤਾਂ ਚੰਗਾ ਦਿਲ ਲਾ ਛੱਡਦੀਆਂ ਐਂ, ਪਰ ਕਈ-ਕਈ ਤਾਂ ਕੂੰਦੀਆਂ ਈ ਨਹੀਂ ਕੁਝ। ਆਪਾਂ ਵੀ ਹਰ ਕਿਸੇ ਨਾਲ਼ ਗੱਲ ਨਹੀਂ ਕਰਦੇ। ਸਵਾਰੀ-ਸਵਾਰੀ ਵੇਖ ਲਈਦੀ ਐ। ਕਈ ਸਵਾਰੀਆਂ ਤਾਂ ਆਪੇ ਈ ਗੱਲ ਛੇੜ ਲੈਂਦੀਆਂ ਐ, ਫੇਰ ਚੰਗਾ ਵਕਤ ਕਟ ਜਾਂਦਾ ਐ। ਗੱਲ ਤਾਂ ਵਕਤ ਕੱਟਣ ਦੀ ਐ ਨਾ, ਕਿਸੇ ਨਾ ਕਿਸੇ ਤਰ੍ਹਾਂ ਕੱਟ ਲਿਆ। ਕਦੀ-ਕਦੀ ਤਾਂ, ਬੰਤਿਆ, ਵਕਤ ਕੱਟਣਾ ਵੀ ਮੁਸ਼ਕਲ ਹੋ ਜਾਂਦਾ ਐ। ਸਾਰਾ ਦਿਨ ਮੀਂਹ ਪੈਂਦਾ ਰਹੇ ਤੇ ਜਦੋਂ ਘਰ ਮੁੜੀਏ ਖ਼ਾਲੀ ਹੱਥ, ਤੇ ਅੱਗੋਂ ਘਰ ਵਿੱਚ ਹੋਵੇ ਬਿਮਾਰੀ, ਖਾਣ ਜੋਗੇ ਪੈਸੇ ਨਾ ਹੋਣ ਤਾਂ ਦਵਾਈ ਕਿੱਥੋਂ ਆਵੇ? ਕਿਵੇਂ ਬੀਤ ਸਕਦਾ ਐ ਵਕਤ, ਐਹੋ-ਜਿਹੇ ਵੇਲ਼ੇ? ਬੱਸ, ਖੜ੍ਹ ਈ ਜਾਂਦਾ ਐ ਅੜ ਕੇ, ਇੱਕ ਥਾਂ ਉੱਤੇ। ਰਿਕਸ਼ਾ ਵੀ ਤਾਂ ਖੜ੍ਹ ਜਾਂਦਾ ਐ ਕਦੀ-ਕਦੀ, ਫੇਰ ਚੱਲਦਾ ਨੀ ਭੋਰਾ ਵੀ। ਜਦੋਂ ਠੀਕ ਹੋਵੇ, ਐਨ ਘੋੜੇ ਆਂਗੂੰ, ਤਾਂ ਰੁਕਦਾ ਈ ਨਹੀਂ ਬ੍ਰੇਕ ਲਾਇਆਂ ਵੀ। ਉੱਡਦਾ ਐ ਫੇਰ ਤਾਂ ਹਵਾ ਵਿੱਚ। 'ਹਟ ਜਾ ਪਰੇ'— ਕਰਦਾ ਜਾਂਦਾ ਐ-

"ਚੱਲੋਗੇ ਜੀ...?"

"ਲਾਰੰਸ ਰੋਡ..."

ਮੈਂ ਰਿਕਸ਼ਾ ਰੋਕ ਲਿਆ। ਆਮ ਤੌਰ 'ਤੇ ਮੈਂ ਕਿਸੇ ਨੂੰ 'ਵਾਜ ਨਹੀਂ ਮਾਰਦਾ। ਜਿਨ੍ਹੇ ਜਾਣਾ ਹੁੰਦੈ, ਉਹ ਆਪੇ ਮਾਰਦਾ ਏ 'ਵਾਜ। ਪਰ ਜਦੋਂ ਕਦੀ ਵੇਖੀਦਾ ਐ ਕਿ ਜਨਾਨੀ ਥੱਕੀ ਹੋਈ ਐ ਤੇ ਆਦਮੀ ਤੁਰੀ ਜਾਂਦਾ ਐ, ਬੇਪਰਵਾਹ ਜਿਹਾ, ਜਾਂ ਫੇਰ ਜਦੋਂ ਬੱਚੇ ਹੋਣ ਕਿਸੇ ਦੇ ਨਾਲ਼, ਤਾਂ ਰਿਕਸ਼ਾ ਹੌਲ਼ੀ ਕਰ ਲਈਦਾ ਐ। ਕਦੀ-ਕਦੀ ਪੁੱਛ ਵੀ ਲਈਦੈ—'ਚੱਲੋਗੇ ਜੀ?' ਐਹੋ-ਜਿਹੇ ਵੇਲ਼ੇ ਕਦੀ ਘੱਟ ਈ ਨਾਂਹ ਹੁੰਦੀ ਐ—

ਬੰਦਾ ਤਾਂ ਵਡੇਰੀ ਉਮਰ ਦਾ ਜਾਪਦੈ, ਪਰ ਜਨਾਨੀ...

"ਭਾਬੀ ਜੀ ਕਹਿੰਦੇ ਸੀ ਤੂੰ ਦੋ ਸਾੜ੍ਹੀਆਂ ਹੋਰ ਬਣਾ ਲੈ, ਮੈਂ ਕੀ ਕਰਨੀਆਂ ਨੇ, ਐਨੀਆਂ ਸਾੜ੍ਹੀਆਂ?"

"ਐਹੋ ਤਾਂ ਦਿਨ ਨੇ ਤੇਰੇ ਪਾਣ-ਹੰਢਾਣ ਦੇ— ਚੰਗਾ ਪਾਇਆ ਕਰ, ਚੰਗਾ ਹੰਢਾਇਆ ਕਰ..."



Downloaded from https:// www.studiestoday.com

Downloaded from https:// www.studiestoday.com

"ਮੈਨੂੰ ਤਾਂ ਹੁਣ ਭੁੱਖ ਵੀ ਨਹੀਂ ਲੱਗਦੀ, ਪਤਾ ਨਹੀਂ ਕੀ ਗੱਲ ਏ...?"

"ਖੇਡਿਆ-ਮੱਲ੍ਹਿਆ ਕਰ ਨਾ ਬੱਚਿਆਂ ਨਾਲ਼, ਤੂੰ ਤਾਂ ਉਹਨਾਂ ਨੂੰ ਬੁਲਾਂਦੀ ਈ ਨਹੀਂ।"

"ਮੇਰੇ ਜਿੱਡੀ ਤਾਂ ਕੁਸਮ ਏ, ਮੈਨੂੰ ਬੜੀ ਸ਼ਰਮ ਆਂਦੀ ਏ ਜਦੋਂ ਉਹ ਮੈਨੂੰ 'ਮੰਮੀ ਜੀ' ਕਹਿੰਦੀ ਏ। ਕਿੰਨੀ ਵਾਰ ਕਿਹਾ ਏ ਮੈਂ ਕਿ ਮੇਰਾ ਨਾਂ ਲੈ ਕੇ ਬੁਲਾਇਆ ਕਰ, ਪਰ ਉਹ ਮੰਨਦੀ ਈ ਨਹੀਂ।"

"ਕਿਵੇਂ ਬੁਲਾਇਆ ਕਰੇ ਤੇਰਾ ਨਾਂ ਲੈ ਕੇ, ਤੇਰੀ ਧੀ ਏ ਨਾ ਆਖ਼ਰ।"

"ਫੇਰ ਰਾਜੂ ਵੀ ਕਿੱਡਾ ਵੱਡਾ ਹੋਈ ਜਾਂਦਾ ਏ..."

"ਉਮਰ ਏ ਨਾ ਉਸ ਦੀ, ਵਧਣ-ਫੁੱਲਣ ਦੀ।"

"ਜਦੋਂ ਕਦੀ ਮੈਂ ਉਸ ਦੇ ਸਕੂਟਰ ਪਿੱਛੇ ਬੈਠਦੀ ਆਂ ਤਾਂ ਡਿੱਗਣ-ਡਿੱਗਣ ਕਰਦੀ ਆਂ, ਬਹੁਤ ਤੇਜ਼ ਚਲਾਂਦਾ ਏ, ਉਹ ਸਕੂਟਰ।"

"ਤੂੰ ਹਮੇਸ਼ਾਂ ਕਾਰ ਵਿੱਚ ਹੀ ਆਇਆ-ਜਾਇਆ ਕਰ ਕਿਤੇ—ਪਰਸੋਂ ਆ ਜਾਏਗੀ ਕਾਰ ਸਰਵਿਸ ਹੋ ਕੇ।"

"ਕਾਰ ਭਾਵੇਂ ਖੜ੍ਹੀ ਹੋਵੇ ਪਰ ਕਵ੍ਹੇਗਾ—'ਆਓ ਮੰਮੀ, ਬੈਠੋ ਮੇਰੇ ਸਕੂਟਰ ਉੱਤੇ, ਤੁਹਾਨੂੰ ਘੁਮਾ ਲਿਆਵਾਂ।"

"ਚਾਅ ਨਹੀਂ ਲੱਥਾ, ਉਹਨਾਂ ਦਾ ਹਾਲੀ..."

"ਤਿੰਨ ਸਾਲ ਹੋਣ ਲੱਗੇ ਨੇ, ਵਿਆਹ ਨੂੰ..."

"ਕੀ ਹੁੰਦੇ ਨੇ, ਤਿੰਨ ਸਾਲ?"

"ਪਰ ਮੈਨੂੰ ਤਾਂ ਲੱਗਦਾ ਏ, ਬਹੁਤ ਚਿਰ ਹੋ ਗਿਆ ਏ..."

"ਹਾਲੀ ਕੱਲ੍ਹ ਦੀ ਗੱਲ ਏ...ਨਾਲ਼ੇ ਇੱਕ ਨੈੱਕਲਸ ਮੰਗਵਾਇਆ ਏ ਮੈਂ ਬੰਬਈਓਂ, ਤੇਰੇ ਜੋਗਾ।"

"ਕੀ ਪਏ ਕਰਦੇ ਓ ਤੁਸੀਂ, ਮੈਨੂੰ ਨਹੀਂ ਚੰਗਾ ਲੱਗਦਾ, ਐਵੇਂ ਗਹਿਣੇ ਪਾਈ ਰੱਖਣਾ..."

"ਨਾਲ਼ੇ ਇੱਕ ਕੋਠੀ ਦੀ ਗੱਲ ਹੋ ਰਹੀ ਏ ਸ਼ਿਮਲੇ, ਜੇ ਗੱਲ ਬਣ ਗਈ ਤਾਂ ਬੱਚਿਆਂ ਨੂੰ ਲੈ ਕੇ ਉੱਥੇ ਚਲੀ ਜਾਇਆ ਕਰੀਂ ਗਰਮੀਆਂ ਵਿੱਚ। ਮੈਂ ਵੀ ਦੋ-ਚਾਰ ਦਿਨਾਂ ਲਈ ਆ ਜਾਇਆ ਕਰਾਂਗਾ। ਕੰਮ ਦਾ ਖਿਲਾਰਾ ਈ ਬਹੁਤ ਏ । ਉੱਥੇ ਤੇਰੀ ਸਿਹਤ ਵੀ ਠੀਕ ਹੋ ਜਾਏਗੀ..."

ਉਹ ਚੁੱਪ ਹੋ ਗਈ, ਫੇਰ ਉਹ ਵੀ ਚੁੱਪ ਕਰ ਗਿਆ।

ਰਿਕਸ਼ਾ ਚੱਲਦਾ ਗਿਆ ਆਪਮੁਹਾਰਾ—ਬੱਸ, ਮੈਂ ਲੱਤਾਂ ਈ ਮਾਰ ਰਿਹਾ ਸੀ। ਬਿਜਲੀ ਜਿਹੀ ਭਰ ਗਈ ਸੀ, ਮੇਰੀਆਂ ਲੱਤਾਂ ਵਿੱਚ, ਸਾਹ ਵੀ ਚੜ੍ਹ ਗਿਆ ਸੀ। ਠੰਢੀ ਖੂਹੀ ਲੰਘ ਕੇ ਮੈਂ ਚੌਕ ਵਿੱਚੋਂ ਸੱਜੇ ਹੱਥ ਹੋ ਗਿਆ। ਲਾਲ ਬੱਤੀ ਜਗ ਪਈ ਜਦੋਂ ਮੈਂ ਚੌਕ ਦੇ ਅੱਧ ਵਿੱਚ ਪਹੁੰਚਿਆ। ਛੇਤੀ-ਛੇਤੀ ਮੈਂ ਅੱਗੇ ਲੰਘਿਆ। ਲਾਰੰਸ ਰੋਡ ਉੱਤੇ ਬੜੀ ਭੀੜ ਸੀ। ਹੌਲ਼ੀ-ਹੌਲ਼ੀ ਲੰਘ ਗਿਆ ਮੈਂ



Downloaded from https:// www.studiestoday.com

Downloaded from https:// www.studiestoday.com

ਅੱਗੇ। ਬਿਜਲੀ ਭਲਵਾਨ ਦੇ ਮੰਦਰ ਅੱਗੇ ਰੋਕ ਲਈ ਉਹਨਾਂ ਨੇ ਰਿਕਸ਼ਾ। ਇੱਕ ਰੁਪਏ ਦਾ ਨੋਟ ਫੜਾ ਕੇ ਉਹ ਮੰਦਰ ਵਿੱਚ ਚਲੇ ਗਏ। ਬਾਹਰੋਂ ਈ ਨਜ਼ਰ ਆ ਰਹੀ ਸੀ ਕ੍ਰਿਸ਼ਨ ਜੀ ਦੀ ਮੂਰਤੀ। ਸੋਨੇ ਦੀ ਬੰਸਰੀ ਕਿੰਨੀ ਲਿਸ਼ਕ ਰਹੀ ਸੀ, ਲਾਈਟ ਵਿੱਚ। ਸੁਣਿਆ ਏ ਪਿੱਛੇ ਜਿਹੇ ਕੋਈ ਚੁਰਾ ਕੇ ਲੈ ਗਿਆ ਸੀ, ਸੋਨੇ ਦੀ ਇਹ ਬੰਸਰੀ। ਕਿੰਨਾ ਵੱਡਾ ਪਾਪ ਕੀਤਾ ਸੀ, ਕਿਸੇ ! ਭਗਵਾਨ ਦੇ ਹੱਥੋਂ ਖੋਹ ਲਈ ਸੀ ਬੰਸਰੀ, ਸੋਨੇ ਦੀ। ਨਰਕ 'ਚ ਹੀ ਜਾਊ, ਏਸ ਤਰ੍ਹਾਂ ਦਾ ਬੰਦਾ। ਇੱਕ ਪਾਸੇ ਤਾਂ ਲੋਕ ਮੰਦਰ ਬਣਵਾਂਦੇ ਐ, ਦੂਸਰੇ ਪਾਸੇ ਏਸ ਤਰ੍ਹਾਂ ਦੇ ਵੀ ਬੰਦੇ ਐ ਜੋ ਭਗਵਾਨ ਦਾ ਵੀ ਲਿਹਾਜ਼ ਨਹੀਂ ਕਰਦੇ, ਬੰਦਿਆਂ ਦੀ ਤਾਂ ਗੱਲ ਈ ਛੱਡੋ। ਲੱਭ ਈ ਪਈ ਹੋਊ, ਉਹ ਬੰਸਰੀ, ਸ਼ੈਦ ਨਾ ਹੀ ਲੱਭੀ ਹੋਵੇ। ਫੇਰ ਇਹ ਕਿੱਥੋਂ ਆ ਗਈ, ਹੁਣ ਵਾਲ਼ੀ। ਲੈ ਕੋਈ ਘਾਟਾ ਏ ਭਗਵਾਨ ਦੇ ਘਰ ਕਿਸੇ ਚੀਜ਼ ਦਾ? ਜਿਹਨੂੰ ਸੇਵਾ ਕਰਨ ਦਾ ਇਹ ਮੌਕਾ ਦੇਵੇ, ਉਹ ਭੱਜ ਕੇ ਆਂਦਾ ਐ, ਅੱਗੇ। ਆਪਾਂ ਨੂੰ ਤਾਂ, ਬੰਤਿਆ, ਕਦੀ ਮੌਕਾ ਈ ਨਹੀਂ ਦਿੱਤਾ ਭਗਵਾਨ ਨੇ, ਸੇਵਾ ਕਰਨ ਦਾ। ਸ਼ਰਧਾ ਤਾਂ ਬੜੀ ਐ, ਸਾਡੇ ਮਨ ਵਿੱਚ ਵੀ। ਜੀਅ ਕਰਦੈ, ਸਭ ਕੁਝ ਛੱਡ-ਛਡਾ ਕੇ ਐਥੇ ਮੰਦਰ ਵਿੱਚ ਈ ਆ ਜਾਵਾਂ, ਸੇਵਾ ਕਰਨ। ਪਰ, ਬੰਤਿਆ, ਐਸ ਤਰ੍ਹਾਂ ਕੌਣ ਆਉਣ ਦੇਂਦਾ ਐ? ਨਾਲ਼ੇ ਬੀਵੀ-ਬੱਚਿਆਂ ਦਾ ਵੀ ਤਾਂ ਖ਼ਿਆਲ ਕਰ। ਉਹ ਭੁੱਖੇ ਨਾ ਮਰ ਜਾਣਗੇ, ਤੇਰੇ ਪਿੱਛੋਂ? ਕੌਣ ਪੁੱਛੇਗਾ ਉਹਨਾਂ ਦੀ ਬਾਤ? ਚੱਲ, ਇਹ ਜੀਵਨ ਤਾਂ ਲੰਘ ਗਿਆ ਔਖੇ-ਸੌਖੇ, ਅਗਲੇ ਜਨਮ ਵਿੱਚ ਬਣ ਜਾਈਂ ਭਗਤ, ਕਰੀਂ ਫੇਰ ਭਗਵਾਨ ਦੀ ਸੇਵਾ, ਲਾਹ ਲਈਂ ਰੀਝਾਂ ਦਿਲ ਦੀਆਂ। ਹੁਣ ਕਰੀ ਚੱਲ ਆਪਣਾ ਕੰਮ। ਟੇਕ ਮੱਥਾ ਬਾਹਰੋਂ ਈ ਮੂਰਤੀ ਨੂੰ। ਮੰਗ ਲੈ ਜੇ ਕੁਝ ਮੰਗਣਾ ਈ ਤਾਂ। ਬੜੇ-ਬੜੇ ਧਨਵਾਨ ਆਉਂਦੇ ਐ ਐਥੇ, ਮੁਰਾਦਾਂ ਮੰਗਣ। ਤੂੰ ਕਿਉਂ ਨਹੀਂ ਮੰਗਦਾ? ਫੇਰ ਕਦੋਂ ਮੰਗੇਂਗਾ, ਫੇਰ ਇਹ ਸਮਾਂ ਹੱਥ ਨਹੀਂ ਆਉਣਾ। ਪਰ ਬੰਤਿਆ, ਮੰਗੇ ਤਾਂ ਬੰਦਾ ਉਹਦੇ ਕੋਲ਼ੋਂ ਤਦ ਜੇ ਉਹਨੂੰ ਪਤਾ ਨਾ ਹੋਵੇ। ਕਹਿੰਦੇ ਐ ਸਭ ਜਾਣਦਾ ਐ ਉਹ, ਬੰਦੇ ਦੇ ਮਨ ਦੀਆਂ, ਫੇਰ ਕਾਹਦਾ ਫ਼ਿਕਰ ਐ ਸਾਨੂੰ....ਆਪ ਈ ਹੋ ਜਾਣਗੀਆਂ ਮੁਰਾਦਾਂ ਪੂਰੀਆਂ, ਬਿਨਾਂ ਮੰਗਿਆਂ ਈ।—

"ਓ ਰਿਕਸ਼ਾ—ਐਧਰ ਆ।"

"............"

"ਠੇਕਾ ਕਿੱਥੇ ਆ ਵਲੈਤੀ ਸ਼ਰਾਬ ਦਾ....?"

"ਨੇੜੇ ਈ ਐ....।"

"ਲੈ ਚੱਲ ਫੇਰ ਸਾਨੂੰ ਉੱਥੇ, ਪਹਿਲਾਂ—ਫੇਰ ਚੱਲਾਂਗੇ ਕਿਤੇ ਹੋਰ।"

ਠੇਕਾ ਤਾਂ ਨੇੜੇ ਈ ਸੀ। ਉਹ ਦੋਵੇਂ ਉੱਤਰ ਗਏ ਤੇ ਜਾ ਵੜੇ ਦੁਕਾਨ ਵਿੱਚ। ਦੋ ਬੋਤਲਾਂ ਲੈ ਆਏ ਉਹ, ਡੱਬਿਆਂ ਵਿੱਚ ਬੰਦ। ਇੱਕ ਜਣੇ ਦੇ ਪੱਗ ਬੱਝੀ ਹੋਈ ਸੀ ਤੇ ਦੂਸਰੇ ਦੇ ਲੰਮੇ-ਲੰਮੇ ਵਾਲ਼ ਸਨ, ਸਿਰ ਦੇ। ਉਂਜ ਦਾੜ੍ਹੀ ਦੋਹਾਂ ਨੇ ਕੱਟੀ ਹੋਈ ਸੀ, ਅੱਧੀ ਤੋਂ ਵੱਧ। ਥੱਲਿਓਂ ਤਹਿਮਤਾਂ ਤੇ ਉੱਪਰੋਂ ਲੰਮੇ-ਲੰਮੇ ਕੋਟ ਉੱਚੇ-ਲੰਮੇ ਜਵਾਨ ਸਨ, ਉਹ ਦੋਵੇਂ। ਪੈਸੇ ਦੇਣ ਲੱਗਿਆਂ ਇੱਕ ਜਣੇ ਨੇ ਜੇਬ ਵਿੱਚ ਹੱਥ ਪਾ ਕੇ ਨੋਟਾਂ ਦੀ ਇੱਕ ਥੱਬੀ ਕੱਢੀ ਬਾਹਰ, ਤੇ ਇੱਕ ਵੱਡਾ ਨੋਟ ਦੁਕਾਨਦਾਰ ਨੂੰ ਫੜਾ



Downloaded from https:// www.studiestoday.com

Downloaded from https:// www.studiestoday.com

ਦਿੱਤਾ। ਉਸ ਨੇ ਇੱਕ ਛੋਟਾ ਜਿਹਾ ਨੋਟ ਵਾਪਸ ਕਰ ਦਿੱਤਾ, ਪਤਾ ਨਹੀਂ ਦਸ ਦਾ ਸੀ ਕਿ ਪੰਜ ਦਾ....

"ਚੱਲ ਬਈ ਹੁਣ, ਰਾਮ ਬਾਗ਼ ਗੇਟ।"

"ਕਿੱਥੇ ਕਰਕੇ....?"

"ਤੂੰ ਚੱਲ ਤੇ ਸਹੀ, ਦੱਸ ਦਿਆਂਗੇ, ਉੱਥੇ ਚੱਲ ਕੇ।"

ਮੈਂ ਚੱਲ ਪਿਆ। ਉਹ ਦੋਵੇਂ ਤਕੜੇ ਸਨ ਤੇ ਮੈਂ ਵੀ ਹੋ ਗਿਆ ਤਕੜਾ, ਰਿਕਸ਼ਾ ਖਿੱਚਣ ਲਈ। ਏਦਾਂ ਦੇ ਬੰਦਿਆਂ ਨਾਲ਼ ਮੈਂ ਕਦੀ ਬਹਿਸ ਨਹੀਂ ਕਰਦਾ, ਜੋ ਦੇ ਦੇਣ, ਲੈ ਲਈਦਾ ਐ। ਉਂਜ ਇਹ ਕਿਸੇ ਦਾ ਹੱਕ ਨਹੀਂ ਰੱਖਦੇ। ਇੱਕ ਵਾਰ ਦਿਆਲਾ ਝਗੜ ਪਿਆ ਸੀ ਇਸ ਤਰ੍ਹਾਂ ਦੇ ਇੱਕ ਬੰਦੇ ਨਾਲ਼। ਇੱਕ ਤਾਂ ਖਾਧੀ ਮਾਰ ਉਹਦੇ ਕੋਲ਼ੋਂ, ਦੂਜਾ ਜਿਹੜੇ ਪੈਸੇ ਵੱਟੇ ਸਨ ਸਾਰੇ ਦਿਨ ਵਿੱਚ, ਉਹ ਵੀ ਡਿਗ ਪਏ ਕਿਤੇ। ਕਦੀ-ਕਦੀ ਈ ਇਹ ਆਉਂਦੇ ਐ, ਆਪਣੇ ਪਿੰਡਾਂ ਵਿੱਚੋਂ, ਤੇ ਜਦੋਂ ਆਉਂਦੇ ਐ, ਖ਼ੂਬ ਖਾਂਦੇ-ਪੀਂਦੇ ਐ, ਰੱਜ ਕੇ। ਇਹਨਾਂ ਨੂੰ ਕੋਈ ਹਿੜਕ-ਝਿੜਕ ਨਹੀਂ, ਉੱਧਰਲੇ ਪਿੰਡਾਂ ਵਿੱਚ ਆਣ-ਜਾਣ ਦੀ। ਇਹ ਹੋ ਆਉਂਦੇ ਐ ਉੱਧਰ ਤੇ ਉਹ ਆ ਜਾਂਦੇ ਐ ਇੱਧਰ। ਪੱਗ-ਵੱਟ ਭਰਾ ਬਣ ਜਾਂਦੇ ਐ ਇੱਕ ਦੂਸਰੇ ਦੇ। ਲੋੜ ਪਵੇ ਤਾਂ ਜਾਨ ਵੀ ਦੇ ਦੇਂਦੇ ਐ, ਇੱਕ-ਦੂਸਰੇ ਲਈ। ਊਂ ਵੀ ਇਹਨਾਂ ਦੀ ਜਾਨ ਸੂਲ਼ੀ ਉੱਤੇ ਟੰਗੀ ਰਹਿੰਦੀ ਐ, ਹਰ ਵੇਲ਼ੇ। ਕੰਮ ਜੋ ਭੈੜਾ ਹੋਇਆ ਇਹਨਾਂ ਦਾ।

"ਕੀ ਨਾਂ ਐ ਬਈ, ਤੇਰਾ....?"

"ਬੰਤਾ...."

"ਬੰਤਾ ਰਾਮ ਕਿ ਸਿੰਘ...."

"ਕੁਝ ਸਮਝ ਲਵੋ—ਉਂਜ ਬੰਤਾ ਈ ਕਹਿੰਦੇ ਆ, ਸਾਰੇ।"

"ਕੀ ਕਮਾ ਲੈਂਦਾ ਐਂ, ਦਿਹਾੜੀ ਵਿੱਚ....?"

"ਦਿਹਾੜੀ ਲੱਗਣ 'ਤੇ ਐ, ਕਦੀ ਵੱਧ, ਕਦੀ ਘੱਟ।"

"ਫੇਰ ਵੀ....?"

"ਅੱਠ-ਦਸ ਬਣ ਈ ਜਾਂਦੇ ਐ, ਰਾਤ ਤਾਈਂ।"

"ਗੁਜ਼ਾਰਾ ਹੋ ਜਾਂਦਾ ਐ, ਏਨਿਆਂ ਨਾਲ਼....?"

"ਦਈ ਜਾਨੇ ਐਂ ਧੱਕਾ, ਵਕਤ ਨੂੰ।"

"ਬੰਦਾ ਤਾਂ ਰੌਣਕੀ ਐ, ਦੀਪਿਆ...!"

"ਲੱਗਦਾ ਤਾਂ ਇਵੇਂ ਈ ਏ, ਭਾਊ।"

"ਕੱਢ ਥੋੜ੍ਹੀ ਜਿਹੀ, ਏਹਨੂੰ ਵੀ ਪਿਆਈਏ।"

"ਨਹੀਂ ਭਾਊ, ਏਥੇ ਨਹੀਂ ਕੱਢਣੀ ਰਸਤੇ ਵਿੱਚ।"

"ਡਰਦਾ ਕਿਉਂ ਐਂ, ਆਪਾਂ ਨਹੀਂ ਡਰੇ ਕਿਸੇ ਕੋਲ਼ੋਂ ਕਦੀ।"



Downloaded from https:// www.studiestoday.com

Downloaded from https:// www.studiestoday.com

"ਡਰਨ ਵਾਲ਼ੀ ਕਿਹੜੀ ਗੱਲ ਆ, ਭਾਊ—ਉਂਜ ਈ ਚੰਗਾ ਨਹੀਂ ਲੱਗਦਾ, ਏਦਾਂ....।"

"ਚੰਗਾ ਫੇਰ, ਜਿਵੇਂ ਤੇਰਾ ਜੀਅ ਕਰਦਾ ਐ ਕਰ, ਆਪਾਂ ਤਾਂ ਅੱਗੇ ਈ ਰੱਜੇ ਪਏ ਆਂ।"

"ਭਾਊ, ਜੇ ਸਾਡਾ ਰਾਤ ਨੂੰ ਕੰਮ ਬਣ ਜਾਏ ਤਾਂ ਚਲੇ ਜਾਈਏ ਪਿੰਡ ਨੂੰ, ਤੜਕੇ ਈ।"

"ਹੋਰ, ਦੀਪਿਆ, ਆਪਾਂ ਕੀ ਲੈਣਾ ਐ, ਏਥੇ। ਸਾਡੀ ਚੀਜ਼ ਮਿਲ਼ ਜਾਏ, ਆਪਾਂ ਰਾਹ ਪਈਏ।"

"ਮਿਲੂਗੀ ਕਿਉਂ ਨਹੀਂ, ਛਿੰਦਾ ਏਹੋ-ਜਿਹਾ ਨਹੀਂ, ਬੜਾ ਪੱਕਾ ਐ ਕੌਲ ਦਾ। ਫੇਰ ਉਹਦਾ ਯਾਰ ਏ ਹਮੀਦਾ। ਕਿਵੇਂ ਨਾਂਹ ਕਰ ਦਊ ਉਸ ਨੂੰ? ਪੱਗ-ਵੱਟ ਭਰਾ ਨੇ ਦੋਵੇਂ ਈ।"

ਤੂੰ ਵੀ ਬਣਾ ਲੈ ਕਿ ਕੋਈ ਪੱਗ-ਵੱਟ ਭਰਾ, ਬੰਤਿਆ! ਸਾਰੇ ਦੁੱਖ-ਦਲਿੱਦਰ ਦੂਰ ਹੋ ਜਾਣਗੇ ਤੇਰੇ। ਕਰੀਂ ਮੌਜਾਂ ਦਿਨੇ-ਰਾਤ। ਮਿਲ਼-ਮਿਲ਼ਾ ਕੇ ਈ ਚੱਲਦਾ ਐ, ਸਾਰਾ ਕੰਮ। ਪਰ ਗੱਲ ਸੁਣ, ਬੰਤਿਆ, ਕਾਹਨੂੰ ਕਾਲ਼ਖ ਲਾਉਂਦਾ ਐਂ, ਮੂੰਹ ਉੱਤੇ। ਕਰੀ ਜਾ ਆਪਣਾ ਕੰਮ ਚੁੱਪ ਕਰਕੇ। ਬੁਰੇ ਕੰਮਾਂ ਦੇ ਨਤੀਜੇ ਵੀ ਬੁਰੇ ਈ ਹੁੰਦੇ ਐ। ਹੁੰਦੇ ਤਾਂ ਹੋਣਗੇ ਭਾਵੇਂ ਬੁਰੇ ਈ, ਪਰ ਇਹ ਰੋਜ਼-ਰੋਜ਼ ਦਾ ਝੋਰਾ ਤਾਂ ਨਹੀਂ ਹੁੰਦਾ। ਪਰ ਕੀ ਜ਼ਿੰਦਗੀ ਐ ਇਹਨਾਂ ਦੀ ਵੀ। ਲੁਕਾਂਦੇ ਫਿਰੋ ਹਰ ਵੇਲੇ, ਸਿਰ ! ਉਂਜ ਮੌਤ ਦੇ ਮੂੰਹ ਵਿੱਚ ਤਾਂ ਜਾਂਦੇ ਐ, ਇਹ ਲੋਕ, ਪਰ ਉੱਪਰਲੇ ਮੌਜਾਂ ਕਰਦੇ ਐ, ਘਰ ਬੈਠੇ ਈ। ਕੋਈ ਨਹੀਂ ਪੁੱਛਦਾ ਉਹਨਾਂ ਨੂੰ। ਉਹਨਾਂ ਦੀ ਤਾਂ 'ਵਾ ਵੱਲ ਵੀ ਨਹੀਂ ਵੇਖ ਸਕਦਾ ਕੋਈ। ਕੁਰਸੀ ਮਿਲ਼ਦੀ ਐ ਉਹਨਾਂ ਨੂੰ ਸਰਕਾਰੇ-ਦਰਬਾਰੇ। ਲੰਘ ਜਾਂਦੇ ਐ ਸਾਡੇ ਵਰਗਿਆਂ ਦੇ ਕੋਲ਼ੋਂ ਦੀ ਕਾਰ ਵਿੱਚ ਬੈਠੇ, ਸ਼ੂੰ ਕਰ ਕੇ-

"ਏਧਰ ਨੂੰ ਮੋੜ ਦੇ, ਖੱਬੇ ਹੱਥ।"

"ਭਾਊ, ਆਪਾਂ ਉੱਥੋਂ ਐਵੇਂ ਚੁੱਕੀ, ਐਥੇ ਵੀ ਨੇ ਦੁਕਾਨਾਂ ਤਾਂ?"

"ਓਏ, ਦੀਪਿਆ, ਚੀਜ਼ ਹੋਣੀ ਚਾਹੀਦੀ ਐ ਆਪਣੇ ਕੋਲ਼ ਹਰ ਵੇਲ਼ੇ, ਜਦੋਂ ਮੁੱਕੀ ਲੈ ਲਈ—ਇਹ ਨਹੀਂ ਪਈ ਕਿ ਸੋਚਦੇ ਰਹੀਏ ਕਿ ਅੱਗੋਂ ਲਵਾਂਗੇ ਜਾ ਕੇ। ਫੇਰ ਜੇ ਨਾ ਮਿਲ਼ੇ ਕਿਸੇ ਵੇਲ਼ੇ?"

"ਚੰਗਾ ਭਾਊ, ਏਧਰ ਤਾਂ ਬੜਾ ਹਨੇਰਾ ਐ, ਕਿਤੇ ਖੁੰਝ ਈ ਤਾਂ ਨਹੀਂ ਗਏ ਆਪਾਂ, ਆਪਣਾ ਰਾਹ?"

"ਫ਼ਿਕਰ ਨਾ ਕਰ ਐਵੇਂ, ਤੂੰ ਆਇਐਂ ਪਹਿਲੀ ਵਾਰ ਏਧਰ, ਅੱਗੋਂ ਜਦੋਂ ਆਏਂਗਾ, ਹਨੇਰੇ ਵਿੱਚ ਈ ਲੱਭ ਲਏਂਗਾ ਸਭ ਕੁਝ।"

"ਐਹਨੂੰ ਅੱਗੇ ਨੂੰ ਕਰ ਲੈ ਭਾਊ, ਚੁਭੀ ਜਾਂਦੀ ਐ, ਕੋਟ ਵਿੱਚੋਂ ਦੀ ਈ।"

"ਚੁਭਣ ਦੇ, ਬੜੇ ਕੰਮ ਦੀ ਚੀਜ਼ ਐ, ਇਹ—ਪਤਾ ਨਹੀਂ ਕਦੋਂ ਪੈ ਜੇ ਲੋੜ, ਇਹਦੀ?"

"ਨਾ ਈ ਪਵੇ ਲੋੜ ਤਾਂ ਚੰਗਾ ਐ।"

"ਆ ਜੂ ਕੰਮ, ਜਾਂਦੀ ਨਹੀਂ ਕਿਤੇ ਇਹ ਨੱਠੀ—ਜੇਰਾ ਕਰ।"



Downloaded from https:// www.studiestoday.com

Downloaded from https:// www.studiestoday.com

"ਦੇ ਦਾਂਗੇ ਭਾਊ, ਕਿਸੇ ਵੱਡੇ ਬੰਦੇ ਨੂੰ।"

"ਹਾਹੋ- ਐਵੇਂ ਨਾ ਬੋਲੀ ਜਾ....ਰੋਕ ਦੇ ਬਈ ਬੰਤ ਰਾਮਾ ਏਥੇ ਈ—ਕਿ ਬੰਤਾ ਸਿਆਂ?"

ਚੱਲ, ਕੁਝ ਹੋਇਆ। ਆਪਾਂ ਰੱਖਨੇ ਆਂ ਸਿਰ ਉੱਤੇ ਪੱਗ ਹਮੇਸ਼ਾਂ ਈ। ਛੋਟੇ ਹੁੰਦਿਆਂ ਵਾਲ਼ ਵੀ ਰੱਖੇ ਸੀ ਥੋੜ੍ਹਾ ਚਿਰ। ਫੇਰ ਜੂੰਆਂ ਪੈ ਗਈਆਂ ਬਹੁਤੀਆਂ ਈ। ਹਰ ਵੇਲ਼ੇ ਖੁਰਕ ਈ ਹੁੰਦੀ ਰਹੇ। ਫੇਰ ਗਿਆ ਮੈਂ ਇੱਕ ਵੇਰਾਂ ਨਾਨਕੇ। ਉੱਥੇ ਵੱਡੇ ਮਾਮੇ ਨੇ ਪਹਿਲਾਂ ਆਪ ਕੱਟ ਦਿੱਤੇ ਮੇਰੇ ਵਾਲ਼, ਫੜ ਕੇ ਕੈਂਚੀ, ਫੇਰ ਲੈ ਗਿਆ ਉਹ ਨਾਈ ਕੋਲ਼। ਘੋਨਾ ਕਰ ਦਿੱਤਾ, ਉਹਨੇ ਮੇਰਾ ਸਿਰ। ਫੇਰ ਮਲ਼ੀ ਮੈਂ ਟਿੰਡ ਉੱਤੇ ਅੰਬ ਦੀ ਗਿਟਕ। ਜੂੰ ਨਹੀਂ ਨਜ਼ਰ ਆਈ ਫੇਰ ਕਦੀ। ਉਂਜ ਪੱਗ ਆਪਾਂ ਵੀ ਨਹੀਂ ਛੱਡੀ ਬੰਨ੍ਹਣੀ। ਦਾੜ੍ਹੀ ਵੀ ਵਰ੍ਹੇ-ਛਿਮਾਹੀ ਹੀ ਕਟਾਈਦੀ ਐ, ਥੋੜ੍ਹੀ-ਬਹੁਤ। ਭਲੀ ਲੋਕ ਕਹਿੰਦੀ ਐ—'ਮੁੰਡੇ ਦੇ ਵਾਲ਼ ਰੱਖਣੇ ਐਂ", ਮੈਂ ਕਹਿਨਾਂ—'ਰੱਖ ਜੀਅ ਸਦਕੇ, ਪਰ ਸਾਫ਼ ਕਰਦੀ ਰਵ੍ਹੀਂ ਰੋਜ਼ ਈ, ਨਹੀਂ ਤੇ ਹੋ ਜਾਊ ਮੇਰੇ ਵਾਲ਼ਾ ਹਾਲ।' ਉਹ ਤਾਂ ਮੇਰੇ ਸਿਗਰਟ ਪੀਣ ਨੂੰ ਵੀ ਚੰਗਾ ਨਹੀਂ ਸਮਝਦੀ, ਪਰ ਹੁਣ ਆਦਤ ਜਿਹੀ ਪੈ ਗਈ ਐ, ਭੈੜੀ। ਕਈ ਵਾਰ ਛੱਡ-ਛੱਡ ਕੇ ਵੇਖਿਐ, ਫੇਰ ਸ਼ੁਰੂ ਹੋ ਜਾਂਦੀ ਐ, ਆਪੇ ਈ। ਹੁਣ ਤਾਂ ਛੱਡ ਦੇਣੀ ਆ, ਇੱਕੋ ਵਾਰੀ।

ਬਈ ਕਮਾਲ ਹੋਈ ਇਹ ਤਾਂ। ਦੋ ਰੁਪਏ ਦਾ ਨੋਟ ਈ ਫੜਾ ਗਏ ਐ ਇਹ ਦੋਵੇਂ। ਖ਼ੌਰੇ ਜਲਦੀ ਵਿੱਚ ਈ। ਨਹੀਂ, ਜਲਦੀ ਤਾਂ ਕੋਈ ਨਹੀਂ ਸੀ। ਇੱਕ ਨੇ ਦੂਸਰੇ ਨੂੰ ਫੜਾਇਆ, ਲੈ ਪਈ ਦੇ ਦੇ। ਉਹਨੇ ਵੀ ਵੇਖ ਕੇ ਈ ਦਿੱਤਾ ਹੋਊ। ਕਈ ਵਾਰ ਇਹ ਬੰਦੇ ਏਸ ਤੋਂ ਵੀ ਵੱਧ ਦੇ ਜਾਂਦੇ ਆ। ਚੱਲ ਆਪਾਂ ਨੂੰ ਇਹ ਈ ਬਹੁਤ ਐ। ਆਪਣੇ ਆਪ ਜੋ ਮਿਲ਼ ਜਾਏ, ਠੀਕ ਹੁੰਦੈ। ਪਹਿਲਾ ਦਿਨ ਐ ਸਾਲ ਦਾ, ਅੱਜ ਚੰਗੀ ਕਮਾਈ ਹੋਊ ਤਾਂ ਸਾਰਾ ਵਰ੍ਹਾ ਚੰਗੀ ਹੁੰਦੀ ਰਹੂ। ਭਲੀ ਲੋਕ ਨਹੀਂ ਫੇਰ ਵੀ ਖ਼ੁਸ਼ ਹੋਣੀ, ਭਾਵੇਂ ਜਿੰਨਾ ਮਰਜ਼ੀ ਐ, ਕਮਾ ਲਈਏ। ਆਂਹਦੇ ਹੁੰਦੇ ਐ ਨਾ—

'ਮੁੰਡੇ ਮਰ ਗਏ ਕਮਾਈਆਂ ਕਰਦੇ,
ਲੱਛੀ ਤੇਰੇ ਬੰਦ ਨਾ ਬਣੇ।'

ਰਾਤ ਪੈ ਗਈ ਸੀ। ਠੰਢ ਵੀ ਵਧ ਰਹੀ ਸੀ। ਲੋਕੀਂ ਘਰੋਂ ਬਾਹਰ ਆਉਣ ਦੀ ਥਾਂ, ਬਾਹਰੋਂ ਘਰਾਂ ਨੂੰ ਜਾ ਰਹੇ ਸਨ। ਧੁੰਦ ਫੈਲ ਰਹੀ ਸੀ, ਚਾਰੇ ਪਾਸੇ—ਚਿੱਟੀ-ਚਿੱਟੀ ਧੁੰਦ ਸੀ ਧੂੰਏਂ ਵਰਗੀ। ਮੈਨੂੰ ਕੰਬਣੀ ਜਿਹੀ ਆਈ ਤੇ ਖੋਹ ਜਿਹੀ ਪਈ ਢਿੱਡ ਵਿੱਚ। ਮੈਂ ਨੰਦਨ ਸਿਨਮੇ ਦੇ ਸਾਹਮਣੇ ਰਿਕਸ਼ਾ ਖੜ੍ਹਾ ਕਰ ਦਿੱਤਾ। ਦੋ ਪਕੌੜੇ ਲਏ ਗੋਭੀ ਦੇ ਤੇ ਨਾਲ਼ ਚਾਹ ਦਾ ਗਲਾਸ। ਨਜ਼ਾਰਾ ਆ ਗਿਆ। ਸਿਨਮੇ ਦੇ ਉੱਪਰ ਲੱਗੇ ਬੋਰਡ ਵੇਖਣ ਨੂੰ ਜੀਅ ਕੀਤਾ। ਅੰਦਰ ਚਲਾ ਗਿਆ, ਮੈਂ ਦਰਵਾਜ਼ੇ ਦੇ। ਇਹ ਭਲਾ ਕੀ ਵੇਖਣਾ ਹੋਇਆ ਅੰਦਰ ਜਾ ਕੇ। ਬੰਦਾ 'ਕੱਲਾ ਤਾਂ ਭਾਵੇਂ ਵੇਖ ਲਵੇ, ਪਰ ਤੀਵੀਂ ਨੂੰ ਵੀ ਨਾਲ਼ ਵਿਖਾਣਾ ਤਾਂ ਬੜੀ ਮਾੜੀ ਗੱਲ ਐ। ਹੋਰ ਤੇ ਹੋਰ, ਬਾਲਾਂ ਨੂੰ ਵੀ ਨਾਲ਼ ਲੈ ਆਉਂਦੇ ਐ, ਕਈ।

ਘੰਟੀ ਵੱਜਣ ਲੱਗ ਪਈ। ਲੋਕ ਬਾਹਰ ਆਉਣੇ ਸ਼ੁਰੂ ਹੋ ਗਏ। ਮੈਂ ਵੀ ਰਿਕਸ਼ਾ ਦਰਵਾਜ਼ੇ ਕੋਲ਼ ਖਿੱਚ ਲਿਆਇਆ। ਇੱਕ ਜੋੜੀ ਮੇਰੇ ਰਿਕਸ਼ੇ ਵਿੱਚ ਆ ਬੈਠੀ।



Downloaded from https:// www.studiestoday.com

Downloaded from https:// www.studiestoday.com

ਮੈਂ ਟੱਪ ਲਾ ਦਿੱਤਾ। ਠੰਢ ਵੀ ਤਾਂ ਆਖ਼ਰਾਂ ਦੀ ਸੀ। ਉਹ ਦੋਵੇਂ ਚੁੱਪ-ਚਾਪ ਬੈਠੇ ਰਹੇ ਥੋੜ੍ਹੀ ਦੇਰ। ਫੇਰ ਇੱਕ-ਦੋ ਵਾਰ ਰਿਕਸ਼ਾ ਜ਼ਰਾ ਇੱਕ ਪਾਸੇ ਨੂੰ ਉੱਲਰਿਆ—ਉੱਚੀ-ਨੀਵੀਂ ਥਾਂ ਹੋਣ ਕਰਕੇ, ਸ਼ੈਦ।

"ਗੱਲ ਸੁਣ, ਮੱਛੀ ਦੀ ਦੁਕਾਨ ਆ ਰਹੀ ਏ ਕਿਸ਼ਨੇ ਦੀ, ਲੈ ਚੱਲੀਏ ਅੱਧਾ ਕੁ ਕਿੱਲੋ?"

"ਐਨੀ ਕੀ ਕਰਨੀ ਏ, ਪਾਅ ਈ ਬੜੀ ਏ।"

"ਠੰਢ ਕਿੰਨੀ ਪੈ ਰਹੀ ਏ, ਵੇਖਦੀ ਨਹੀਂ—ਰੋਕੀਂ ਬਈ ਜ਼ਰਾ ਪੰਜ ਮਿੰਟ।"

ਰਿਕਸ਼ਾ ਰੁਕ ਗਿਆ। ਉਹ ਉੱਤਰ ਕੇ ਮੱਛੀ ਵਾਲ਼ੀ ਦੁਕਾਨ ਉੱਤੇ ਚਲਿਆ ਗਿਆ। ਉਹ ਬੈਠੀ ਰਹੀ ਵਿੱਚ ਈ। ਮੈਂ ਜ਼ਰਾ ਪਰੇ ਹਟ ਕੇ ਖੜ੍ਹਾ ਹੋ ਗਿਆ, ਦੋਵੇਂ ਹੱਥ ਮੈਂ ਕੱਛਾਂ ਵਿੱਚ ਦੇ ਲਏ। ਛੇਤੀ ਹੀ ਉਹ ਮੱਛੀ ਲੈ ਕੇ ਆ ਗਿਆ—

"ਤਲ਼ਵਾਈ ਨਹੀਂ ਤੁਸਾਂ?"

"ਘਰ ਜਾ ਕੇ ਤਲ਼ ਲਈਂ, ਠੰਢੀ ਤਾਂ ਝੱਟ ਈ ਹੋ ਜਾਣੀ ਸੀ।"

"ਹੁਣ ਮੈਂ ਕੜਾਹੀ ਰੱਖਾਂਗੀ ਘਰ ਜਾ ਕੇ? ਥੱਕੀ ਤਾਂ ਹੋਈ ਆਂ, ਅੱਗੇ ਈ।"

"ਤੂੰ ਬੈਠ ਜਾਵੀਂ ਰਜਾਈ ਵਿੱਚ ਨਿੱਘੀ ਹੋ ਕੇ, ਮੈਂ ਕਰ ਲਵਾਂਗਾ ਆਪੇ ਈ ਇਹ ਕੰਮ—ਫੁਲਕੇ ਤਾਂ ਬਣਾ ਕੇ ਈ ਆਈ ਸੀ ਨਾ?"

"ਫੁਲਕੇ ਵੀ ਬਣਾ ਆਈ ਸੀ ਤੇ ਸਬਜ਼ੀ ਵੀ ਬਣਾ ਆਈ ਸੀ, ਮਟਰਾਂ-ਆਲੂਆਂ ਦੀ।"

"ਠੀਕ ਏ ਫੇਰ ਤਾਂ—ਉਂਜ ਵੀ ਮੈਂ ਕੱਲ੍ਹ ਬੈਂਕ ਨਹੀਂ ਜਾਣਾ।"

"ਕਿਉਂ...?"

"ਉੱਠਾਂਗੇ ਆਪਣੀ ਮਰਜ਼ੀ ਨਾਲ਼ ਸਵੇਰੇ।"

"ਅੱਜ ਵੀ ਤਾਂ ਛੁੱਟੀ ਸੀ..."

"ਕਾਹਦੀ ਛੁੱਟੀ.... ? ਸ਼ਾਮ ਤੀਕ ਕੰਮ ਕਰਦੇ ਰਹੇ ਆਂ ਸਾਰੇ ਈ।"

"ਓਵਰ-ਟਾਈਮ ਤਾਂ ਮਿਲ਼ੇਗਾ ਈ।"

"ਕਿਉਂ ਨਹੀਂ ਮਿਲ਼ੇਗਾ.....?"

ਤੂੰ ਵੀ ਕਰ ਲੈ ਬੰਤਿਆ, ਕੁਝ ਬੰਦੋਬਸਤ ਆਪਣੇ ਓਵਰ-ਟੈਮ ਦਾ। ਇਹ ਜੋੜੀ ਤਾਂ ਪਹੁੰਚ ਗਈ ਐ ਆਪਣੇ ਟਿਕਾਣੇ। ਮਾਰ ਤਿੰਨ-ਚਾਰ ਗੇੜੇ ਹੋਰ ਤੇ ਚੱਲ ਘਰ ਨੂੰ। ਠੰਢ ਬੜੀ ਵਧ ਗਈ ਐ, ਹੁਣ। ਉਂਗਲ਼ਾਂ ਤਾਂ ਸਿੱਧੀਆਂ ਈ ਨਹੀਂ ਹੁੰਦੀਆਂ। ਸੇਕ ਲੈ ਹੱਥ, ਚੌਕ ਵਿੱਚ ਰੁਕ ਕੇ—ਕਿੱਡਾ ਵੱਡਾ ਮੁੱਢ ਪਿਆ ਐ, ਏਥੇ। ਅੱਗ ਵੀ ਚੰਗੀ ਬਲ਼ ਰਹੀ ਐ। 'ਗੁਰੂ ਕੀ ਨਗਰੀ' ਐਵੇਂ ਤਾਂ ਨਹੀਂ ਆਂਹਦੇ ਲੋਕ। ਰਖਾ ਦਿੱਤਾ ਐ ਕਿਸੇ ਸੇਠ ਨੇ ਐਡਾ ਵੱਡਾ ਮੁੱਢ ਏਥੇ। ਸਾਡੇ ਲੋਕਾਂ ਦਾ ਵੀ ਖ਼ਿਆਲ ਕਰ ਈ ਲੈਂਦੇ ਐ, ਕਈ ਲੋਕ-

"ਜ਼ਰਾ ਵੱਟ ਪਾਸਾ ਖ਼ਾਨ, ਆਪਾਂ ਵੀ ਹੱਥ ਸੇਕ ਲਈਏ।"

"ਆਓ, ਆਓ....ਬੈਠੋ ਹਮਾਰੇ ਪਾਸ।"



Downloaded from https:// www.studiestoday.com

Downloaded from https:// www.studiestoday.com

"ਤੁਮਹਾਰੇ ਦੇਸ ਮੇਂ ਤੋ ਬਹੁਤ ਸਰਦੀ ਪੈਂਦੀ ਹੋਗੀ?"

"ਹਾਂ.....ਬਹੁਤ ਪੜਤੀ ਹੈ।"

"ਕਹਿੰਦੇ ਆ ਉੱਥੇ ਬਰਫ਼ ਵੀ ਪੜਤੀ ਹੈ?"

"ਬਹੁਤ....ਦਿਨ-ਰਾਤ ਪੜਤੀ ਰਹਿਤੀ ਹੈ ਬਰਫ਼।"

"ਸਾਰੇ ਅੰਦਰ ਈ ਲੁਕੇ ਰਹਿੰਦੇ ਹੋਣਗੇ, ਸਰਦੀਆਂ-ਸਰਦੀਆਂ?"

"ਨਹੀਂ, ਸਭ ਕਾਮ ਹੋਤਾ ਹੈ, ਵੈਸੇ ਹੀ।"

"ਬਰਫ਼ ਸਿਰ ਉੱਤੇ ਨਹੀਂ ਵੱਜਦੀ ਹੋਗੀ ਆ ਕੇ?"

"ਨਹੀਂ, ਨਹੀਂ....ਵੋਹ ਤੋ ਰੂਈ ਕੀ ਮਾਫ਼ਕ ਗਿਰਤੀ ਹੈ, ਆਹਿਸਤਾ-ਆਹਿਸਤਾ।"

"ਅੱਛਾ.... ਰੂੰ ਵਾਂਗੂੰ?"

"ਹਾਂ....ਨਰਮ-ਨਰਮ।"

"ਖ਼ਾਨ, ਕਾਮ ਕਿਆ ਕਰਤਾ ਹੈ, ਏਥੇ?"

"ਠੇਲਾ ਚਲਾਤਾ ਹੂੰ, ਲਾਲਾ ਲੋਗੋਂ ਕਾ।"

"ਚੰਗਾ ਬਣ ਜਾਤਾ ਹੈ ਪੈਸਾ....?"

"ਸ਼ੁਕਰ ਹੈ ਅੱਲਾ ਕਾ...."

"ਘਰ ਵੀ ਭੇਜਤਾ ਹੈਂ, ਕੁਝ....?"

"ਪਹਿਲੇ ਭੇਜਤਾ ਥਾ, ਅਬ ਬਰਫ਼ ਪੜ ਗਿਆ ਹੈ, ਸਭ ਰਾਸਤੇ ਬੰਦ। ਗਰਮੀਓਂ ਮੇਂ ਜਾਏਗਾ ਅਪਨੇ ਘਰ, ਪੈਸਾ ਲੇ ਕਰ।"

"ਬੀਵੀ ਬੱਚਾ ਹੈ....?"

"ਸਭ ਹੈ...."

"ਉਹ ਉੱਥੇ, ਤੂੰ ਏਥੇ..."

"ਹਾਂ...."

"ਉਧਰ ਕਾਮ ਕਮਤੀ ਹੋਗਾ?"

"ਖੇਤ ਹੈਂ ਉਧਰ, ਭਾਈ ਖੇਤੀ ਕਰ ਲੇਤੇ ਹੈਂ, ਮੈਂ ਇਧਰ ਮਜੂਰੀ ਕਰ ਲੇਤਾ ਹੂੰ।"

ਗੱਲ ਤਾਂ, ਬੰਤਿਆ, ਮਜ਼ਦੂਰੀ ਕਰਨ ਦੀ ਐ, ਕਿਸੇ ਉੱਥੇ ਕਰ ਲਈ, ਕਿਸੇ ਏਥੇ ਕਰ ਲਈ। ਆਪਣਾ ਸਾਲ਼ਾ ਗਿਆ ਹੋਇਐ ਨਾ ਮਜ਼ਦੂਰੀ ਕਰਨ, ਵਲੈਤ। ਸੌਖਾ ਐ, ਉਹ ਉੱਥੇ। ਕੰਮ ਤਾਂ, ਦੱਸਦੇ ਐ, ਬਹੁਤਾ ਕਰਨਾ ਪੈਂਦੈ ਉੱਥੇ, ਪਰ ਪੈਸੇ ਵਾਹਵਾ ਮਿਲ਼ ਜਾਂਦੇ ਐ। ਪੈਸੇ ਮਿਲਣੇ ਚਾਹੀਦੇ ਐ, ਬੰਦਾ ਕੰਮ ਕਰਦਿਆਂ ਨਹੀਂ ਥੱਕਦਾ। ਉਂਜ, ਬੰਤਿਆ, ਆਪਣੇ ਘਰ ਵਰਗਾ ਸੁੱਖ ਨਹੀਂ ਕਿਤੇ ਵੀ, ਬੰਦੇ ਨੂੰ। ਠੀਕ ਐ ਤੇਰੀ ਗੱਲ, ਪਰ ਰੋਟੀ ਤਾਂ ਮਿਲਣੀ ਚਾਹੀਦੀ ਐ ਨਾ, ਕਿਵੇਂ ਨਾ ਕਿਵੇਂ। ਇਹ ਤਾਂ ਨਹੀਂ ਨਾ ਕਿ ਬੰਦਾ ਘਰ ਬੈਠਾ ਈ ਭੁੱਖਾ ਮਰ ਜਾਏ। ਭੁੱਖੇ ਮਰਨ ਵਾਲ਼ੀ ਗੱਲ ਈ ਐ, ਹੋਰ ਕੀ? ਹੋਰ ਭੁੱਖੇ ਮਰਨ ਵਿੱਚ ਕੀ ਕਸਰ ਐ? ਕਮਾਈਦਾ ਐ, ਇਹ ਤਾਂ ਨਹੀਂ ਪਈ ਨਹੀਂ



Downloaded from https:// www.studiestoday.com

Downloaded from https:// www.studiestoday.com

ਕਮਾਈਦਾ, ਪਰ ਬਣਦਾ ਈ ਕੁਝ ਨਹੀਂ। 'ਆਇਆ ਤਲੀ ਮੇਂ, ਗਿਆ ਗਲੀ ਮੇਂ' ਵਾਲ਼ੀ ਗੱਲ ਐ ਸਾਡੇ ਨਾਲ਼ ਤਾਂ। ਚੱਲ, ਆਪਾਂ ਕਿਸੇ ਕੋਲ਼ ਮੰਗਣ ਤਾਂ ਨਹੀਂ ਜਾਂਦੇ, ਆਪਣਾ ਕਮਾਉਂਦੇ ਆਂ, ਆਪਣਾ ਖਾਂਦੇ ਆਂ।

ਚੱਲ ਬੰਤਿਆ, ਹੁਣ ਚੱਲੀਏ। ਦੁਕਾਨਾਂ ਬੰਦ ਹੋ ਰਹੀਆਂ ਈ, ਖ਼ਬਰੇ ਕੋਈ ਸਵਾਰੀ ਮਿਲ਼ ਈ ਜਾਏ, ਛੇਤੀ। ਲੈ ਉਹ ਕਰ ਰਿਹਾ ਈ ਇੱਕ ਜਣਾ ਦੁਕਾਨ ਬੰਦ, ਦੂਸਰਾ ਜਣਾ ਥੜ੍ਹੇ ਤੋਂ ਥੱਲੇ ਖਲੋਤਾ ਈ....

"ਗਰੀਨ ਐਵੇਨਿਊ—ਕਿੰਨੇ ਪੈਸੇ, ਇੱਕ ਗੱਲ ਕਰੀਂ।"

"ਡੇੜ੍ਹ ਰੁਪਇਆ..."

"ਨਹੀਂ....ਇੱਕ ਦੇਵਾਂਗੇ।"

"ਇੱਕ ਥੋੜ੍ਹੈ...."

"ਚੱਲ, ਸਵਾ ਲੈ ਲਈਂ..."

ਉਹ ਦੋਵੇਂ ਜਣੇ ਬੈਠ ਗਏ....ਪਿਓ-ਪੁੱਤਰ ਲੱਗਦੇ ਸੀ। ਪਿਓ ਨੇ ਇੱਕ ਮੋਟਾ ਸਾਰਾ ਬੈਗ ਚੁੱਕਿਆ ਹੋਇਆ ਸੀ। ਲੱਗਦਾ ਸੀ ਜਿਵੇਂ ਨੋਟਾਂ ਦਾ ਭਰਿਆ ਹੋਇਆ ਹੋਵੇ। ਐਨੇ ਸਾਰੇ ਨੋਟ ਜੇ ਬੰਦੇ ਕੋਲ਼ ਹੋਣ ਤਾਂ ਵਾਰੇ-ਨਿਆਰੇ ਈ ਨਾ ਹੋ ਜਾਣ। ਆਉਂਦੇ ਕਿਵੇਂ ਐ ਐਨੇ ਸਾਰੇ ਨੋਟ ਬੰਦੇ ਕੋਲ਼? —

"ਕਾਕਾ, ਇਹ ਬੈਗ ਤੂੰ ਫੜ ਲੈ, ਮੈਂ ਕੰਬਲ਼ ਦੀ ਬੁੱਕਲ਼ ਮਾਰ ਲਵਾਂ।"

"ਲਿਆਓ—ਸਵੇਰੇ ਟੈਕਸ ਵਾਲ਼ੇ ਵੱਲ ਵੀ ਜਾਣਾ ਏ।"

"ਤੂੰ ਹੋ ਆਈਂ, ਮੈਂ ਸਾਰੀ ਗੱਲ ਕਰ ਲਈ ਏ, ਪੂਰੀ ਮਦਦ ਕਰੇਗਾ, ਉਹ ਸਾਡੀ।"

"ਲੋਕ ਲਾਲਚੀ ਬੜੇ ਹੋ ਗਏ ਨੇ, ਜਿਥੇ ਅੱਗੇ ਦਸ ਨਾਲ਼ ਕੰਮ ਚੱਲ ਜਾਂਦਾ ਸੀ, ਹੁਣ ਸੌ ਚਾਹੀਦੇ ਐ।"

"ਦੇਸ ਦਾ ਤਾਂ ਕੋਈ ਸੋਚਦਾ ਈ ਨਹੀਂ, ਹਰ ਕੋਈ ਕਹਿੰਦੈ, ਮੈਂ ਆਪਣਾ ਢਿੱਡ ਭਰ ਲਵਾਂ।"

"ਇਹਨਾਂ ਨੂੰ ਪੁੱਛਣ ਵਾਲ਼ਾ ਕੋਈ ਨਹੀਂ, ਚਾਚਾ?"

"ਕੀ ਗੱਲ ਕਰਦੈਂ, ਜਿਨ੍ਹਾਂ ਪੁੱਛਣੈਂ, ਉਹ ਕਿਹੜੇ ਘੱਟ ਨੇ।"

"ਬਿਜ਼ਨਸਮੈਨ ਦੀ ਈ ਸੰਘੀ ਘੁੱਟੀ ਜਾਂਦੇ ਨੇ, ਸਾਰੇ।"

"ਅੱਛਾ, ਮੈਨੂੰ ਯਾਦ ਆਈ ਗੱਲ—ਗੁਦਾਮ ਵਾਲ਼ਾ ਮਾਲ ਹਾਲੀਂ ਨਹੀਂ ਲਿਆਉਣਾ ਦੁਕਾਨ 'ਤੇ, ਨਵੀਂਆਂ ਕੀਮਤਾਂ ਆਉਣ ਵਾਲ਼ੀਆਂ ਨੇ ਛੇਤੀ ਈ।"

ਤੂੰ ਐਵੇਂ ਸੋਚਦਾ ਐਂ, ਬੰਤਿਆ, ਕਿ ਨੋਟ ਕਿਵੇਂ ਆਉਂਦੇ ਐ ਲੋਕਾਂ ਕੋਲ਼? ਤੇਰਾ ਨਹੀਂ ਕੰਮ ਇਹ ਸੋਚਣਾ, ਤੂੰ ਕਰੀ ਜਾ ਆਪਣਾ ਕੰਮ ਚੁੱਪ ਕਰ ਕੇ। ਉਂਜ ਤੂੰ ਕੀ ਕਰੇਂ ਜੇ ਨੋਟ ਆ ਜਾਣ ਤੇਰੇ ਕੋਲ਼ ਵੀ? ਕਿੰਨੇ ਕੁ ਭਲਾ? ਕਿੰਨੇ ਵੀ ਹੋਣ—ਚੱਲ ਜਿੰਨੇ ਐਸ ਬੈਗ ਵਿੱਚ ਐ, ਉੱਨੇ। ਛੱਤ ਲਵਾਂਗੇ ਦੋ ਕਮਰੇ ਥੋੜ੍ਹੀ ਜਿਹੀ ਥਾਂ ਲੈ ਕੇ। ਹੋਰ....? ਹੋਰ ਕੀ, ਕੱਪੜਾ-ਲੱਤਾ ਬਣ ਜਾਏਗਾ ਬੱਚਿਆਂ ਦਾ।



Downloaded from https:// www.studiestoday.com

Downloaded from https:// www.studiestoday.com

ਹੋਰ...? ਹੋਰ ਕੀ, ਇੱਕ-ਦੋ ਟੂੰਮਾਂ ਬਣ ਜਾਣਗੀਆਂ ਭਲੀ ਲੋਕ ਦੀਆਂ। ਹੋਰ.....? ਹੋਰ ਕੀ, ਡੰਮਣ ਨੂੰ ਨਵੀਆਂ-ਨਵੀਆਂ ਕਿਤਾਬਾਂ-ਕਾਪੀਆਂ ਲੈ ਦਿਆਂਗੇ ਪੜ੍ਹਨ ਲਈ। ਹੋਰ....? ਚੱਲ ਹੁਣ ਚੁੱਪ ਵੀ ਕਰ, ਐਵੇਂ ਨਾ ਖਾਈ ਜਾ ਸਿਰ। ਜਿਹੜੀ ਚੀਜ਼ ਹੱਥ ਵਿੱਚ ਈ ਨਹੀਂ, ਉਹਦੇ ਬਾਰੇ ਕੀ ਐਵੇਂ ਸੋਚੀ ਜਾਣਾ ਹੋਇਆ। ਉਂਜ ਬੰਤਿਆ, ਕਿੰਨਾ ਕੁ ਖਾ ਸਕਦਾ ਐ, ਬੰਦਾ ਭਲਾ? ਕਈ ਤਾਂ ਬੱਸ ਖਾਈ ਈ ਜਾਂਦੇ ਐ, ਖਾਈ ਈ ਜਾਂਦੇ ਐ। ਕਿਸੇ ਵੇਲ਼ੇ ਵੀ ਮੂੰਹ ਬੰਦ ਨਹੀਂ ਕਰਦੇ। ਬੰਤਿਆ, ਤੂੰ ਐਵੇਂ ਕੁੜ੍ਹੀ ਜਾਨੈਂ, ਜਿਨ੍ਹਾਂ ਨੂੰ ਦਿੱਤਾ ਐ ਰੱਬ ਨੇ, ਉਹ ਕਿਉਂ ਨਾ ਖਾਣ ਆਪਣੀ ਮਨ-ਮਰਜ਼ੀ ਦਾ। ਕਿਸੇ ਨੂੰ ਖਾਂਦਿਆਂ ਵੇਖ ਕੇ ਨਹੀਂ ਸੜਨਾ ਚਾਹੀਦਾ। ਆਪਾਂ ਵੀ ਖਾਨੇ ਆਂ ਰੋਟੀ, ਸਵੇਰੇ-ਸ਼ਾਮ, ਵਿੱਚ-ਵਿੱਚ ਚਾਹ ਵੀ ਪੀ ਲਈਦੀ ਐ। ਹੋਰ ਕੀ ਐ, ਖਾਣ ਜੋਗਾ? ਮਤਲਬ ਤਾਂ ਢਿੱਡ ਭਰਨ ਨਾਲ਼ ਐ, ਖਾ ਭਾਵੇਂ ਬੰਦਾ ਕੁਝ ਵੀ ਲਵੇ—

"ਕਾਕਾ, ਇੱਕ ਚੀਜ਼ ਅਸੀਂ ਭੁੱਲ ਈ ਆਏ ਦੁਕਾਨ 'ਤੇ।"

"ਕੀ, ਚਾਚਾ.....?"

"ਵੈਦ ਹੋਰਾਂ ਕੋਲ਼ੋਂ ਦਵਾਈ ਬਣਾਈ ਸੀ ਸ਼ੀਸ਼ੀ ਵਿੱਚ, ਭੱਸ-ਡਕਾਰ ਈ ਨਹੀਂ ਹਟਦੇ ਕਈ ਦਿਨਾਂ ਤੋਂ।"

"ਡਾਕਟਰ ਵਾਲ਼ੀਆਂ ਗੋਲ਼ੀਆਂ ਵੀ ਪਈਆਂ ਹੋਣੀਆਂ ਨੇ ਘਰ।"

"ਉਹਨਾਂ ਕੋਈ ਫ਼ੈਦਾ ਨਹੀਂ ਕੀਤਾ, ਸਗੋਂ ਕਬਜ਼ ਹੋ ਗਈ ਉਹਨਾਂ ਨਾਲ਼।"

"ਦੁਸ਼ਾਂਦਾ ਪੀ ਲਿਆ ਕਰੋ ਨਾ ਤੁਸੀਂ, ਕਦੀ-ਕਦੀ...."

"ਕੁਝ ਨਹੀਂ ਬਣਦਾ ਹੁਣ ਦੁਸ਼ਾਂਦਿਆਂ ਨਾਲ਼। ਦਿੱਲੀ ਜਾ ਕੇ ਵਖਾਵਾਂਗਾ, ਅਗਲੇ ਮਹੀਨੇ।"

"ਏਥੇ ਵੀ ਵੱਡੇ ਤੋਂ ਵੱਡਾ ਡਾਕਟਰ ਏ, ਦਿੱਲੀ ਕੀ ਫ਼ੈਦਾ ਜਾਣ ਦਾ?"

"ਉੱਥੇ ਇੱਕ ਡਾਕਟਰ ਦੀ ਦੱਸ ਪਈ ਏ, ਉਹ ਸਿਰਫ਼ ਗੈਸ ਦਾ ਈ ਇਲਾਜ ਕਰਦੈ। ਕਈ ਵਾਰ ਤਾਂ ਗੋਲ਼ਾ ਜਿਹਾ ਬਣ ਜਾਂਦੈ, ਢਿੱਡ ਵਿੱਚ।"

ਮੈਂ ਰਿਕਸ਼ਾ ਚਲਾਂਦਾ ਜਾ ਰਿਹਾ ਸੀ। ਵੱਡੇ ਡਾਕਖ਼ਾਨੇ ਵਾਲ਼ਾ ਚੌਕ ਆ ਗਿਆ। ਚੱਕਰ ਕੱਟ ਕੇ ਮੈਂ ਇਨਕਮ-ਟੈੱਕਸ ਦੇ ਦਫ਼ਤਰ ਵਾਲ਼ੀ ਸੜਕ ਉੱਤੇ ਪੈ ਗਿਆ। ਬੜੀ ਸਾਫ-ਸੁਥਰੀ ਸੜਕ ਸੀ ਉਹ। ਮੇਰੇ ਕੋਲ਼ੋਂ ਰਿਕਸ਼ਾ ਤਾਂ ਕੋਈ ਘੱਟ ਈ ਲੰਘਿਆ, ਨਾ ਸਾਮ੍ਹਣਿਓਂ, ਨਾ ਪਿੱਛੋਂ; ਪਰ ਕਾਰਾਂ ਅਤੇ ਸਕੂਟਰ ਕਾਫ਼ੀ ਲੰਘ ਰਹੇ ਸਨ। ਇਹ ਜਿਹੜੇ ਤਿੰਨ ਪਹੀਆਂ ਵਾਲ਼ੇ ਸਕੂਟਰ ਚੱਲ ਪਏ ਸਨ ਨਾ, ਥੋੜ੍ਹੇ ਦਿਨਾਂ ਤੋਂ, ਇਹਨਾਂ ਨੇ ਸਾਡਾ ਕੰਮ ਹੋਰ ਮੰਦਾ ਕਰ ਦਿੱਤਾ ਸੀ। ਸ਼ੁਕਰ ਇਹ ਵੇ ਕਿ ਸ਼ਹਿਰ ਦੇ ਗਲ਼ੀਆਂ-ਬਜ਼ਾਰ ਤੰਗ ਹੋਣ ਕਰਕੇ ਇਹ ਸਕੂਟਰ ਉੱਧਰ ਘੱਟ ਈ ਜਾਂਦੇ ਸੀ, ਪਰ ਬਾਹਰ ਦੀ ਅਬਾਦੀ ਵਿੱਚ ਤਾਂ ਇੰਜ ਭੱਜੇ ਫਿਰਦੇ ਸੀ ਜਿਵੇਂ ਵਿਆਹ ਵਾਲ਼ੇ ਘਰ ਵਿੱਚ ਨੈਣ....

"ਬੜੀ ਹੌਲ਼ੀ ਚਲਾਂਦਾ ਪਿਆ ਏ, ਰਿਕਸ਼ਾ...."

"ਆ ਈ ਗਏ ਆਂ, ਹੁਣ।"

"ਟੈਲੀਵੀਜ਼ਨ ਉੱਤੇ ਪਿਕਚਰ ਆਣੀ ਏ, ਅੱਜ।"



Downloaded from https:// www.studiestoday.com

Downloaded from https:// www.studiestoday.com

"ਕਿਹੜੀ ਏ....?"

" 'ਉਚੇ ਲੋਗ'....।"

"ਅੱਛਾ, ਹਾਲੀ ਤਾਂ ਨਹੀਂ ਸ਼ੁਰੂ ਹੋਈ ਹੋਣੀ?"

"ਸ਼ੁਰੂ ਤਾਂ ਹੋ ਚੁੱਕੀ ਏ। ਮੁਕੇਰੀਆਂ ਵਾਲ਼ੀ ਅਸਾਮੀ ਬੜੀ ਲੇਟ ਆਈ, ਉਹਨੇ ਈ ਦੇਰ ਕਰਾਈ ਏਨੀ, ਨਹੀਂ ਤੇ ਅਸੀਂ ਵਕਤ ਸਿਰ ਘਰ ਪਹੁੰਚ ਜਾਣਾ ਸੀ।"

"ਇਹ ਵਿਚਾਰਾ ਵੀ ਕੀ ਕਰੇ, ਠੰਢ ਵਿੱਚ ਚਲਾਂਦਾ ਪਿਆ ਏ, ਰਿਕਸ਼ਾ। ਹਵਾ ਵੀ ਸਾਹਮਣੀ ਏ...."

"ਜਦੋਂ ਦਾ ਐਕਸੀਡੈਂਟ ਹੋਇਆ ਏ, ਤੁਸੀਂ ਮੈਨੂੰ ਸਕੂਟਰ ਵੀ ਨਹੀਂ ਚਲਾਣ ਦਿੰਦੇ—ਨਹੀਂ ਤੇ ਪੰਜਾਂ ਮਿੰਟਾਂ ਵਿੱਚ ਘਰ ਪਹੁੰਚ ਜਾਈਦਾ ਸੀ।"

"ਸਕੂਟਰ ਨਹੀਂ ਮੈਂ ਤੈਨੂੰ ਚਲਾਣ ਦੇਣਾ ਕਦੀ ਵੀ, ਅੱਗੇ ਈ ਮਸਾਂ-ਮਸਾਂ ਜਾਨ ਬਚੀ ਏ...."

"ਚਾਚਾ, ਹੁਣ ਤਾਂ ਸਾਡੀ ਕਾਰ ਦੀ ਵਾਰੀ ਵੀ ਆਉਣ ਵਾਲ਼ੀ ਏ...."

"ਹੁਣ ਕਾਰ ਆਣ ਲੱਗੀ ਏ ਤਾਂ ਪਟਰੋਲ ਐਨਾ ਮਹਿੰਗਾ ਹੋ ਗਿਆ ਏ...."

"ਮਹਿੰਗੇ ਦਾ ਕੋਈ ਨਹੀਂ, ਪਰ ਮਿਲ਼ਦਾ ਰਵ੍ਹੇ...."

"ਮਹਿੰਗੇ ਦਾ ਕਿਉਂ ਨਹੀਂ, ਕਾਕਾ? ਜਿੱਥੇ ਦਸ ਲੱਗਦੇ ਸੀ, ਉੱਥੇ ਹੁਣ ਪੰਦਰਾਂ ਲੱਗਣਗੇ।"

"ਲੱਗ ਜਾਣ ਫੇਰ, ਕਮਾਈਦਾ ਕਾਹਦੇ ਲਈ ਐ?"

ਸੁਣ ਲੈ, ਬੰਤਿਆ, ਤੂੰ ਐਵੇਂ ਘਬਰਾਂਦਾ ਰਹਿਨਾਂ ਐਂ, ਖ਼ਰਚ ਕਰਨ ਲੱਗਿਆਂ। ਕਮਾਉਂਦਾ ਕਾਹਦੇ ਲਈ ਐਂ, ਜੇ ਤੂੰ ਖ਼ਰਚ ਨਹੀਂ ਕਰ ਸਕਦਾ ? ਰੱਜ ਕੇ ਖ਼ਰਚਿਆ ਕਰ ਪੈਸੇ। ਸਿਰਫ਼ ਰੋਟੀ ਉੱਤੇ ਈ ਨਾ ਖ਼ਰਚਿਆ ਕਰ, ਉਹ ਤਾਂ ਉਹ ਦੇਵੇਗਾ ਹੀ ਜਿਨ੍ਹੇ ਪੈਦਾ ਕੀਤਾ ਐ, ਹੋਰ ਵੀ ਕਿਸੇ ਚੀਜ਼ ਉੱਤੇ ਖ਼ਰਚਿਆ ਕਰ। ਘਰ ਦਾ ਵੀ ਕੁਝ ਬਣਾ ਲੈ। ਸਭ ਤੋਂ ਪਹਿਲਾਂ ਤਾਂ ਮੰਜੀ ਲੈ ਆ ਇੱਕ ਹੋਰ। ਇੱਕ ਉੱਤੇ ਭਲੀ ਲੋਕ ਸੌਂ ਜਾਂਦੀ ਐ ਦੋਵੇਂ ਕੁੜੀਆਂ ਲੈ ਕੇ, ਇੱਕ ਖੱਬੇ—ਇੱਕ ਸੱਜੇ। ਦੂਜੀ ਉੱਤੇ ਙੂਮਣ ਸੌਂ ਜਾਂਦਾ ਐ, ਤੇਰੇ ਨਾਲ਼। ਹੋਰ ਵੀ ਚਾਹੀਦੀ ਐ ਨਾ ਇੱਕ? ਬੰਦਾ ਖੁੱਲ੍ਹਾ ਹੋ ਕੇ ਤਾਂ ਸੌਂ ਸਕੇ। ਬੱਚੇ ਈ ਘੁਸੜੇ ਰਹਿੰਦੇ ਐ ਵਿੱਚ। ਪਾਸਾ ਵੀ ਨਹੀਂ ਮੋੜਿਆ ਜਾਂਦਾ, ਚੰਗੀ ਤਰ੍ਹਾਂ। ਚੰਗਾ, ਮੰਜੀ ਤਾਂ ਤੂੰ ਸਮਝ ਲੈ ਆ ਗਈ, ਹੋਰ ਦੱਸ? ਹੋਰ ਕੀ ਦੱਸਾਂ? ਤੈਨੂੰ ਨਹੀਂ ਜਿਵੇਂ ਪਤਾ। ਉਏ ਲੇਫ਼ ਨਹੀਂ ਚੰਗਾ, ਸਾਰੀ ਰਾਤ ਨਿੱਘ ਈ ਨਹੀਂ ਆਉਂਦਾ। ਛੱਡ ਪਰ੍ਹਾਂ, ਯਾਰ, ਕੀ ਗੱਲਾਂ ਪਿਆ ਕਰਦੈਂ, ਕੋਈ ਕੰਮ ਦੀ ਗੱਲ ਕਰ। ਇਹ ਭਲਾ ਕੀ, ਕਿ ਮੰਜੀ ਨਹੀਂ ਚੰਗੀ ਹੈਗੀ, ਲੇਫ਼ ਨਹੀਂ ਚੰਗਾ। ਕੋਈ ਚੰਗੀ ਚੀਜ਼ ਮੰਗ, ਬੰਤਿਆ, ਚੰਗੀ ਚੀਜ਼? ਉਹ ਕਿਹੜੀ ਹੁੰਦੀ ਐ? ਤੈਨੂੰ ਨਹੀਂ ਦੀਂਹਦੀ ਕੋਈ ਵੀ ਚੰਗੀ ਚੀਜ਼? ਠੀਕ ਐ, ਠੀਕ ਐ....ਬੜੀਆਂ ਚੀਜ਼ਾਂ ਨੇ ਚੰਗੀਆਂ, ਇੱਕ ਐ ਕੋਈ ਚੰਗੀ ਚੀਜ਼, ਬੜੀਆਂ ਸਾਰੀਆਂ ਐਂ.....ਪਰ ਗੱਲ ਸੁਣ, ਆਪਾਂ ਰੱਖਾਂਗੇ ਕਿੱਥੇ, ਇਹਨਾਂ ਚੰਗੀਆਂ ਚੀਜ਼ਾਂ ਨੂੰ? ਇਹ ਵੀ ਤਾਂ ਸੋਚ? ਕੀ ਸੋਚਾਂ?....ਕੀ ਸੋਚਾਂ?....ਕੀ ਸੋਚਾਂ?-

"ਬੱਸ, ਬੱਸ....ਰੋਕ ਦੇ ਏਥੇ ਈ।"



Downloaded from https:// www.studiestoday.com

Downloaded from https:// www.studiestoday.com

"ਅਹਿ ਲੈ ਫੜ ਪੈਸੇ, ਠੀਕ ਨੇ...?"

"ਠੀਕ ਆ, ਜੀ।"

"ਘਰ ਜਾ ਏਨੀ ਠੰਢ ਵਿੱਚ ...।"

"ਚੰਗਾ...."

ਗਰੀਨ ਐਵੇਨਿਊ ਵਿੱਚ ਧੁੰਦ ਬਹੁਤ ਗਾੜ੍ਹੀ ਸੀ। ਬਿਲਕੁਲ ਸਾਮ੍ਹਣੇ ਖੜ੍ਹਾ ਬੰਦਾ ਵੀ ਵਿਖਾਈ ਨਹੀਂ ਸੀ ਦੇਂਦਾ। ਏਥੇ ਤਾਂ ਹਵਾ ਵੀ ਕਾਫ਼ੀ ਤੇਜ਼ ਸੀ। ਉਂਜ ਲੀੜੇ ਤਾਂ ਮੈਂ ਵੀ ਵਾਹਵਾ ਪਾਏ ਹੋਏ ਸਨ, ਪਰ ਹਵਾ ਫੇਰ ਵੀ ਵੜਦੀ ਜਾਂਦੀ ਸੀ, ਹੱਡਾਂ ਵਿੱਚ। ਥੱਲਿਓਂ ਫ਼ਤੂਹੀ, ਉਸ ਦੇ ਉੱਪਰ ਕੁੜਤਾ, ਉੱਪਰੋਂ ਸਵੈਟਰ ਤੇ ਸਭ ਤੋਂ ਉੱਪਰ ਕੋਟ। ਬੱਸ ਐਨਾ ਸੀ ਕਿ ਸਵੈਟਰ ਦੋ-ਤਿੰਨ ਥਾਂਵਾਂ ਤੋਂ ਫਟ ਗਿਆ ਸੀ ਤੇ ਉਸ ਵਿੱਚ ਵੱਡੇ-ਵੱਡੇ ਮਘੋਰੇ ਹੋ ਗਏ ਸਨ। ਕੋਟ ਉਂਜ ਤਾਂ ਚੰਗਾ ਸੀ, ਪਰ ਅਰਕਾਂ ਤੋਂ ਫਟਿਆ ਹੋਇਆ ਸੀ। ਤਿੰਨ ਜਾਂ ਸ਼ੌਰੇ ਚਾਰ ਸਾਲ ਹੋ ਗਏ ਸਨ ਇਹਨੂੰ ਲੀਤਿਆਂ। ਹਾਲ ਬਜ਼ਾਰ ਵਿੱਚ ਬੜਾ ਵੱਡਾ ਢੇਰ ਲੱਗਾ ਹੋਇਆ ਸੀ, ਕੋਟਾਂ ਦਾ। ਕਈ ਮੇਰੇ ਵਰਗੇ ਵੇਖ ਰਹੇ ਸੀ ਕੋਟਾਂ ਨੂੰ, ਉਲਟਾ-ਪੁਲਟਾ ਕੇ। ਇੱਕ ਮੈਨੂੰ ਵੀ ਚੰਗਾ ਲੱਗ ਗਿਆ। ਮੰਗਦਾ ਤਾਂ ਉਹ ਬਹੁਤੇ ਸੀ, ਪਰ ਪੰਜਾਂ ਵਿੱਚ ਈ ਸੌਦਾ ਹੋ ਗਿਆ। ਤਿੰਨ-ਚਾਰ ਸਾਲ ਕਢਾ ਦਿੱਤੇ ਆ ਇਹਨੇ। ਹੁਣ ਰੱਬ ਸੁੱਖ ਰੱਖੇ, ਅਗਲੇ ਵਰ੍ਹੇ ਲਵਾਂਗੇ ਇੱਕ ਹੋਰ। ਥੋੜ੍ਹਾ ਮਹਿੰਗਾ ਲਵਾਂਗੇ, ਪੰਜ-ਸੱਤ ਸਾਲ ਤਾਂ ਚੰਗੇ ਨਿਕਲ਼ ਜਾਣ। ਇਹ ਤਾਂ ਛੇਤੀ ਹੀ ਫਟ ਗਿਆ ਐ। ਮੈਂ ਇਹਨੂੰ ਹੰਢਾਇਆ ਵੀ ਤਾਂ ਬਹੁਤ ਐ। ਰਾਤੀਂ ਸੌਣ ਲੱਗਿਆਂ ਵੀ ਨਹੀਂ ਲਾਹੁੰਦਾ ਕਈ ਵਾਰ। ਠੰਢ ਵੀ ਤਾਂ ਆਖ਼ਰਾਂ ਦੀ ਪੈ ਰਹੀ ਐ, ਕੋਟ ਲਾਹ ਦਿਓ ਤਾਂ ਨਿੱਘ ਕਿਵੇਂ ਆਏ? ਇਹਨੂੰ ਹਾਲੀ ਸੁੱਟਣਾ ਨਹੀਂ, ਇਹਦੇ ਵਿੱਚੋਂ ਛੁੰਮਣ ਜੋਗਾ ਨਿਕਲ਼ ਆਏਗਾ ਛੋਟਾ ਕੋਟ। ਉਹ ਵੀ ਜ਼ਿਦਾਂ ਕਰਨ ਲੱਗ ਪਿਆ ਐ। ਇਸ ਕੋਟ ਦਾ ਹਾਲੀ ਗਿਆ ਤੇ ਕੁਝ ਨਹੀਂ, ਬੱਸ ਅਰਕਾਂ ਈ ਪਾਟੀਆਂ ਐ। ਇੱਕ ਵਾਰ ਲਵਾਈਆਂ ਸੀ ਟਾਕੀਆਂ, ਫੇਰ ਛੇਤੀ ਹੀ ਪਤਾ ਨਹੀਂ ਉਹ ਕਿਵੇਂ ਘਸ ਗਈਆਂ....।

"ਰੋਕੀਂ ਜ਼ਰਾ..."

"ਕਿੱਥੇ ਜਾਣਾ ਜੇ....?"

"ਕੰਪਨੀ ਬਾਗ਼..."

"ਕਿੱਥੇ ਕਰਕੇ...."

"ਰਣਜੀਤ ਸਿੰਘ ਹਾਲ....।"

"ਬੈਠੋ ਜੀ...."

"ਕਿੰਨੇ ਪੈਸੇ....?"

"ਜਿੰਨੇ ਮਰਜ਼ੀ ਐ ਦੇ ਦੇਣਾ...."

"ਅੱਠ ਆਨੇ....."

"ਥੋੜ੍ਹੇ ਐ, ਜੀ...."



Downloaded from https:// www.studiestoday.com

Downloaded from https:// www.studiestoday.com

"ਥੋੜ੍ਹੇ ਕਿੱਥੇ ਐ, ਬਈ....? ਅਹਿ ਨਾਲ ਹੀ ਤਾਂ ਹੈ।"

"ਚੰਗਾ, ਬੈਠੋ...."

ਉਹ ਦੋਵੇਂ ਬੈਠ ਗਏ, ਖੁੱਲ੍ਹੇ ਕੁੜਤੇ-ਪਜਾਮੇ ਵਾਲ਼ੇ। ਉੱਪਰੋਂ ਉਹਨਾਂ ਵਾਸਕਟਾਂ ਪਾਈਆਂ ਹੋਈਆਂ ਸਨ। ਲੰਮੇ-ਲੰਮੇ ਵਾਲ਼ ਸਨ ਉਨ੍ਹਾਂ ਦੇ ਤੇ ਹੱਥਾਂ ਵਿੱਚ ਬੈਗ ਫੜੇ ਹੋਏ ਸਨ। ਪਾਨ ਚਬਾ ਰਹੇ ਸਨ ਇਹ ਦੋਵੇਂ, ਤੇ ਇੱਕ ਜਣਾ ਸਿਗਰਟ ਵੀ ਪੀ ਰਿਹਾ ਸੀ। ਇਨਕਮ-ਟੈੱਕਸ ਦਫ਼ਤਰ ਦੇ ਚੌਕ ਤੋਂ ਮਾਲ ਰੋਡ ਵੱਲ ਮੁੜਨ ਲੱਗਿਆਂ ਉਹ ਚਾਹ ਦੇ ਖੋਖੇ ਦੇ ਪਿੱਛੋਂ ਇਕਦਮ ਈ ਨਿਕਲ਼ ਆਏ ਸੀ ਬਾਹਰ। ਇੱਕ ਜਣੇ ਨੇ ਜਦੋਂ 'ਵਾਜ ਮਾਰੀ ਤਾਂ ਦੂਜਾ ਜਣਾ ਲੜਖੜਾਂਦੇ ਹੋਏ ਪੈਰਾਂ ਨਾਲ਼ ਚਲਿਆ ਆ ਰਿਹਾ ਸੀ, ਥੋੜ੍ਹਾ ਜਿਹਾ ਪਿੱਛੇ। ਬਹੁਤਾ ਦੂਰ ਨਹੀਂ ਸੀ ਜਾਣਾ, ਉਹਨਾਂ ਨੇ। ਮਾਲ ਰੋਡ ਲੰਘ ਕੇ ਕੰਪਨੀ ਬਾਗ਼ ਦੇ ਵਿਚਕਾਰ, ਰਣਜੀਤ ਸਿੰਘ ਹਾਲ। ਥੋੜ੍ਹਾ ਚਿਰ ਇਹ ਦੋਵੇਂ ਚੁੱਪ ਬੈਠੇ ਰਹੇ ਤੇ ਫਿਰ ਇੱਕ ਜਣੇ ਨੇ ਚੁਟਕੀ ਮਾਰ ਕੇ ਸਿਗਰਟ ਝਾੜੀ ਤੇ ਦੂਜੇ ਨੂੰ ਕਹਿਣ ਲੱਗਾ—

"ਹੁਣ ਤਾਂ ਮੁਸ਼ਾਇਰੇ ਦਾ ਦੂਸਰਾ ਦੌਰ ਸ਼ੁਰੂ ਹੋ ਗਿਆ ਹੋਏਗਾ !"

"ਹਾਂ.....ਉਥੇ ਪਹੁੰਚਣ ਤੱਕ ਸਾਡੀ ਵਾਰੀ ਵੀ ਆ ਜਾਏਗੀ।"

"ਪਹਿਲੇ ਦੌਰ ਵਿੱਚ ਤੁਹਾਡੀ ਗ਼ਜ਼ਲ ਖ਼ੂਬ ਜੰਮੀ...."

"ਅਨਾਇਤ ਹੈ ਤੁਹਾਡੀ, ਨਹੀਂ ਤੇ ਮੈਂ ਕਿਸ ਕਾਬਲ ਹਾਂ....ਉਂਜ ਜੋ ਗੱਲ ਤੁਹਾਡੇ ਕਲਾਮ ਵਿੱਚ ਹੈ, ਉਹ ਬਹੁਤ ਘੱਟ ਸ਼ਾਇਰਾਂ ਨੂੰ ਨਸੀਬ ਹੋਈ ਹੈ।"

"ਸ਼ੁਕਰੀਆ...."

"ਤੁਸੀਂ ਤਾਂ ਪਿਛਲੇ ਸਾਲ ਵੀ ਆਏ ਹੋਵੋਗੇ, ਨਵੇਂ ਸਾਲ ਦੇ ਇਸ ਮੁਸ਼ਾਇਰੇ ਉੱਤੇ....?"

"ਹਾਂ ਸਾਹਿਬ....ਇਸੇ ਹਾਲ ਵਿੱਚ ਹੁੰਦਾ ਏ ਹਰ ਸਾਲ, ਪਹਿਲੀ ਜਨਵਰੀ ਨੂੰ।"

"ਉਹ ਤਾਂ ਪਤਾ ਹੈ ਮੈਨੂੰ, ਮੈਂ ਤਿੰਨ-ਚਾਰ ਵਾਰ ਹਾਜ਼ਰ ਹੋ ਚੁੱਕਾ ਹਾਂ, ਬੱਸ ਪਿਛਲੇ ਸਾਲ ਮੈਂ ਕਾਨਪੁਰ ਗਿਆ ਹੋਇਆ ਸੀ, ਇਹਨੀਂ ਦਿਨੀਂ.....ਆਲ ਇੰਡੀਆ ਮੁਸ਼ਾਇਰੇ ਵਿੱਚ ਹਿੱਸਾ ਲੈਣ।"

"ਤੁਸੀਂ ਤਾਂ ਬੜੀ-ਬੜੀ ਦੂਰ ਹੋ ਆਉਂਦੇ ਓ, ਪਰ ਮੈਂ ਬਹੁਤਾ ਬਾਹਰ ਨਹੀਂ ਜਾਂਦਾ..."

"ਕਿਉਂ....?"

"ਕੁਝ ਸਿਹਤ ਇਜਾਜ਼ਤ ਨਹੀਂ ਦਿੰਦੀ, ਕੁਝ ਵਿਹਲ ਨਹੀਂ ਮਿਲ਼ਦਾ।"

"ਤੁਹਾਡਾ ਬਹੁਤਾ ਵਕਤ ਤਾਂ ਤੁਹਾਡਾ ਪਰਚਾ 'ਦਿਲਗੀਰ' ਹੀ ਖਾ ਜਾਂਦੈ....।"

"ਹਾਂ....ਉੱਚਾ ਪੱਧਰ ਰੱਖਣ ਲਈ ਮਿਹਨਤ ਤਾਂ ਕਰਨੀ ਹੀ ਪੈਂਦੀ ਹੈ।"

"ਕੁਝ ਸੇਲ ਵਧੀ ਹੈ ਕਿ ਨਹੀਂ....?"

"ਤੁਹਾਨੂੰ ਪਤਾ ਹੀ ਹੈ, ਉਰਦੂ ਦਾ ਕੀ ਹਾਲ ਹੋ ਰਿਹਾ ਹੈ, ਹੁਣ। ਹੌਲ਼ੀ-ਹੌਲ਼ੀ ਇਹ ਸ਼ਾਹੀ ਜ਼ੁਬਾਨ ਖ਼ਤਮ ਹੁੰਦੀ ਜਾ ਰਹੀ ਹੈ।"

"ਉਹ ਵੀ ਵਕਤ ਸੀ ਜਦੋਂ ਇਸ ਜ਼ੁਬਾਨ ਦਾ ਬੋਲ-ਬਾਲਾ ਸੀ...."

"ਜੀ ਹਾਂ....ਲਦ ਗਏ ਉਹ ਜ਼ਮਾਨੇ।"



Downloaded from https:// www.studiestoday.com

Downloaded from https:// www.studiestoday.com

"ਫੇਰ ਨਹੀਂ ਕਦੀ ਆਏਗਾ, ਉਹ ਜ਼ਮਾਨਾ, ਅਸ਼ਕ ਸਾਹਿਬ?"

"ਹੁਣ ਕਿੱਥੇ, ਪਰਵੇਜ਼ ਸਾਹਿਬ.....ਭੁੱਲ ਜਾਓ, ਹੁਣ ਉਹ ਗੱਲਾਂ।"

ਫੇਰ ਉਹ ਚੁੱਪ ਕਰ ਗਏ। ਮੈਂ ਰਿਕਸ਼ਾ ਚਲਾਂਦਾ ਰਿਹਾ, ਆਪਣੇ ਧਿਆਨ। ਲਾਰੰਸ ਰੋਡ ਦਾ ਚੌਂਕ ਲੰਘ ਕੇ ਮੈਂ ਰਿਕਸ਼ਾ ਕੰਪਨੀ ਬਾਗ਼ ਵੱਲ ਮੋੜ ਲਿਆ। ਬੜੀ ਧੁੰਦ ਸੀ ਚਾਰੇ ਪਾਸੇ, ਨਾਲ਼ੇ ਹਨੇਰਾ ਵੀ ਬਹੁਤ ਸੀ। ਬਲਬਾਂ ਦੀ ਲੋਅ ਤਾਂ ਜਿਵੇਂ ਭੋਇੰ ਉੱਤੇ ਪੈਂਦੀ ਈ ਨਹੀਂ ਸੀ, ਬੱਸ ਹਵਾ ਵਿੱਚ ਈ ਲਟਕ ਰਹੀ ਸੀ। ਹਵਾ ਤਾਂ ਨਹੀਂ ਸੀ ਚੱਲ ਰਹੀ ਪਰ ਠੰਢ ਹੱਡਾਂ ਵਿੱਚ ਵੜਦੀ ਜਾ ਰਹੀ ਸੀ। ਮੈਨੂੰ ਇੱਕ ਪਲ ਲਈ ਕੰਬਣੀ ਆਈ ਤੇ ਫਿਰ....

"ਅਸ਼ਕ ਸਾਹਿਬ, ਤੁਸੀਂ ਕਦੀ ਕਿਸੇ ਮਜ਼ਦੂਰ ਉੱਤੇ ਕਵਿਤਾ ਲਿਖੀ ਹੈ....?"

"ਨਹੀਂ ਸਾਹਿਬ, ਮੈਂ ਤਾਂ ਹਮੇਸ਼ਾਂ ਗ਼ਜ਼ਲ ਹੀ ਲਿਖਦਾ ਹਾਂ।"

"ਗ਼ਜ਼ਲ ਆਪਣੀ ਜਗ੍ਹਾ ਠੀਕ ਹੈ, ਪਰ ਸਾਨੂੰ ਸ਼ਾਇਰਾਂ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਬਾਰੇ ਵੀ ਲਿਖਣਾ ਚਾਹੀਦਾ ਹੈ।"

"ਤੁਸੀਂ ਠੀਕ ਕਹਿੰਦੇ ਓ, ਪਰਵੇਜ਼ ਸਾਹਿਬ...ਅੱਜ ਰਾਤ ਨੂੰ ਮੈਂ ਇਸ ਰਿਕਸ਼ਾ ਵਾਲ਼ੇ ਬਾਰੇ ਇੱਕ ਕਵਿਤਾ ਲਿਖਾਂਗਾ, ਐਨੀ ਠੰਢ ਵਿੱਚ ਰਿਕਸ਼ਾ ਚਲਾ ਰਿਹਾ ਹੈ।"

"ਇਹ ਮਿਹਨਤੀ ਲੋਕ ਨਾ ਹੋਣ ਤਾਂ ਜ਼ਿੰਦਗੀ ਦੇ ਸਾਰੇ ਕੰਮ ਰੁਕ ਜਾਣ...."

"ਹਾਂ...ਹੁਣ ਜੇ ਇਹ ਸਾਨੂੰ ਨਾ ਮਿਲ਼ਦਾ ਉਸ ਮੋੜ 'ਤੇ, ਤਾਂ ਅਸੀਂ ਮੁਸ਼ਾਇਰੇ ਦੇ ਦੂਸਰੇ ਦੌਰ ਵਿੱਚ ਭਾਗ ਨਹੀਂ ਸੀ ਲੈ ਸਕਣਾ।"

"ਵੈਸੇ ਸਾਨੂੰ ਮੁਸ਼ਾਇਰਾ ਵਿੱਚੇ ਛੱਡ ਕੇ ਨਹੀਂ ਸੀ ਆਉਣਾ ਚਾਹੀਦਾ.....ਕੰਵਰ ਸਾਹਿਬ ਕੀ ਕਹਿੰਦੇ ਹੋਣਗੇ।"

"ਬੜੇ ਮਿਹਰਬਾਨ ਨੇ ਕੰਵਰ ਸਾਹਿਬ ਸਾਡੇ ਉੱਤੇ, ਉਹ ਨਹੀਂ ਬੁਰਾ ਮਨਾਉਂਦੇ.... ਉਹਨਾਂ ਦਾ ਕੋਈ ਜਵਾਬ ਨਹੀਂ।"

"ਮੈਂ ਵੀ ਉਹਨਾਂ ਦਾ ਦਾਸ ਹਾਂ, ਜਦੋਂ ਕਦੀ ਵੀ ਉਹਨਾਂ ਨੂੰ ਮਿਲਣ ਜਾਈਦਾ ਹੈ, ਭਾਵੇਂ ਦਫ਼ਤਰ ਹੋਵੇ ਭਾਵੇਂ ਘਰ, ਬੜੇ ਤਪਾਕ ਨਾਲ਼ ਮਿਲ਼ਦੇ ਹਨ...."

"ਹਾਂ, ਮੈਨੂੰ ਵੀ ਉਹ ਹਮੇਸ਼ਾਂ ਚਾਹ ਪਿਆ ਕੇ ਹੀ ਆਉਣ ਦਿੰਦੇ ਹਨ।"

"ਏਸ ਤਰ੍ਹਾਂ ਦੇ ਸਰਪ੍ਰਸਤ ਨਾ ਹੁੰਦੇ ਤਾਂ ਅਸੀਂ ਤਾਂ ਚਿਰੋਕਣੇ ਖ਼ਤਮ ਹੋ ਚੁੱਕੇ ਹੁੰਦੇ।"

"ਸ਼ਿਅਰ ਵੀ ਚੰਗੇ ਕਹਿ ਲੈਂਦੇ ਨੇ, ਕੰਵਰ ਸਾਹਿਬ।"

"ਚੰਗਾ ਪੜ੍ਹ ਜ਼ਰੂਰ ਲੈਂਦੇ ਹਨ।"

ਐਨੀ ਗੱਲ ਕਹਿ ਕੇ ਉਹ ਦੋਵੇਂ ਹੱਸ ਪਏ। ਮੈਂ ਉਹਨਾਂ ਦੀਆਂ ਗੱਲਾਂ ਸੁਣ ਤਾਂ ਜ਼ਰੂਰ ਰਿਹਾ ਸੀ ਪਰ ਉਹਨਾਂ ਦੀ ਮੈਨੂੰ ਚੰਗੀ ਤਰ੍ਹਾਂ ਸਮਝ ਨਹੀਂ ਸੀ ਪੈ ਰਹੀ। ਜਿਸ ਗੱਲ ਉੱਤੇ ਉਹ ਹੱਸੇ ਸਨ, ਉਸ ਦੀ ਤਾਂ ਬਿਲਕੁਲ ਹੀ ਮੈਨੂੰ ਸਮਝ ਨਹੀਂ ਸੀ ਲੱਗੀ।



Downloaded from https:// www.studiestoday.com

Downloaded from https:// www.studiestoday.com

ਲੋੜ ਵੀ ਕੀ ਸੀ ਮੈਨੂੰ ਸਮਝਣ ਦੀ? ਬੰਦਾ ਆਪਣਾ ਕੰਮ ਕਰਦਾ ਜਾਏ ਚੁੱਪ ਕਰਕੇ। ਕੀ ਲੈਣੈਂ ਅਸਾਂ ਇਸ ਸਭ ਕਾਸੇ 'ਚੋਂ? ਹਰ ਕਿਸੇ ਨੂੰ ਆਪਣਾ ਈ ਫ਼ਿਕਰ ਐ, ਇਸ ਜੱਗ ਉੱਤੇ। ਕਿਸੇ ਕੋਲ਼ ਵਿਹਲ ਨਹੀਂ ਕਿਸੇ ਹੋਰ ਦੀ ਸੁਣਨ ਦੀ—

"ਰਿਕਸ਼ੇ ਵਾਲ਼ੇ, ਤੂੰ ਬਿਲਕੁਲ ਫ਼ਿਕਰ ਨਾ ਕਰ, ਮੈਂ ਤੇਰੇ ਬਾਰੇ ਅੱਜ ਰਾਤ ਨੂੰ ਸੌਣ ਤੋਂ ਪਹਿਲਾਂ ਹੀ ਇੱਕ ਜ਼ੋਰਦਾਰ ਕਵਿਤਾ ਲਿਖਾਂਗਾ...."

"ਪਰ ਮੈਨੂੰ ਕੀ ਫ਼ੈਦਾ ਹੋਊ ਇਹਦਾ....?"

"ਤੂੰ ਤੇ ਮੂਰਖ ਏਂ, ਹਰ ਚੀਜ਼ ਦਾ ਫ਼ਾਇਦਾ ਨਹੀਂ ਹੁੰਦਾ....ਕੁਝ ਚੀਜ਼ਾਂ ਮਨ ਨੂੰ ਖ਼ੁਸ਼ ਕਰਨ ਲਈ ਵੀ ਹੁੰਦੀਆਂ ਨੇ।"

"ਉਹ ਤਾਂ ਠੀਕ ਹੈ, ਕਈ ਚੀਜ਼ਾਂ ਮਨ-ਪਰਚਾਵੇ ਲਈ ਹੁੰਦੀਆਂ ਨੇ ਪਰ ਜਦੋਂ ਢਿੱਡ ਭੁੱਖਾ ਹੋਵੇ ਤਾਂ ਇਹ ਗੱਲਾਂ...."

"ਪੇਟ ਦੀ ਗੱਲ ਛੱਡ, ਮਨ ਦੀ ਕਰ....ਹੁਣ ਸਾਡੇ ਵੱਲ ਦੇਖ, ਅਸੀਂ ਜਦੋਂ ਬਹੁਤੇ ਦੁਖੀ ਹੁੰਦੇ ਹਾਂ, ਬਹੁਤ ਹੀ ਵਧੀਆ ਕਵਿਤਾ ਲਿਖ ਲੈਂਦੇ ਹਾਂ।"

"ਫੇਰ ਤੁਹਾਡੇ ਢਿੱਡ ਦੀ ਭੁੱਖ ਮਿਟ ਜਾਂਦੀ ਹੋਊ।"

"ਮਿਟਦੀ ਤਾਂ ਨਹੀਂ, ਪਰ ਟਲ਼ ਜ਼ਰੂਰ ਜਾਂਦੀ ਹੈ।"

ਬੰਤਿਆ, ਇਹ ਕੀ ਗੱਲ ਹੋਈ? ਮਿਟਦੀ ਨਹੀਂ, ਪਰ ਟਲ਼ ਜਾਂਦੀ ਐ। ਭੁੱਖ ਜਾਂ ਮੁੱਕਦੀ ਐ, ਜਾਂ ਨਹੀਂ ਮੁੱਕਦੀ....ਇਹ 'ਟਲ਼' ਕੀ ਹੋਈ? ਮੈਨੂੰ ਤਾਂ ਸਮਝ ਨਹੀਂ ਆ ਰਹੀ, ਇਸ ਗੱਲ ਦੀ। ਚੱਲ ਛੱਡ, ਅਹੁ ਨਜ਼ਰ ਆ ਰਿਹਾ ਈ ਰਣਜੀਤ ਸਿੰਘ ਹਾਲ। ਮਹਾਰਾਜਾ ਰਣਜੀਤ ਸਿੰਘ ਨੇ ਵੀ ਕਿੱਥੇ ਜਾ ਕੇ ਬਣਾਇਆ ਹੈ, ਹਾਲ। ਨਵੇਕਲ਼ੀ ਥਾਂ 'ਤੇ। ਜਣਾ-ਖਣਾ ਨਹੀਂ ਅੰਦਰ ਜਾ ਸਕਦਾ। ਵੇਖ, ਕਿੰਨੀਆਂ ਕਾਰਾਂ ਖੜ੍ਹੀਆਂ ਐਂ, ਬਾਹਰ—

"ਪਰਵੇਜ਼ ਸਾਹਿਬ, ਟੁੱਟੇ ਹੋਏ ਚਾਰ ਆਨੇ ਕੱਢਣਾ ਜ਼ਰਾ....ਮੇਰੇ ਕੋਲ਼ ਤਾਂ ਟੁੱਟੇ ਸਿਰਫ਼ ਚਾਰ ਹੀ ਆਨੇ ਹਨ।"

"ਕੋਈ ਗੱਲ ਨਹੀਂ, ਅਸ਼ਕ ਸਾਹਿਬ....ਮੈਂ ਦੇ ਦਿੰਦਾ ਹਾਂ ਸਾਰੇ ਪੈਸੇ।"

"ਨਹੀਂ, ਨਹੀਂ....ਮੈਂ ਤੁਹਾਨੂੰ ਏਨੀ ਤਕਲੀਫ਼ ਨਹੀਂ ਦੇਣੀ ਚਾਹੁੰਦਾ। ਅੱਗੇ ਹੀ ਤੁਸੀਂ...."

"ਉਹਦੀ ਕੋਈ ਗੱਲ ਨਹੀਂ, ਮੁਸ਼ਾਇਰੇ ਤੋਂ ਪਿੱਛੋਂ ਵੀਹ-ਵੀਹ, ਪੰਝੀ-ਪੰਝੀ ਰੁਪਏ ਤਾਂ ਮਿਲ਼ ਹੀ ਜਾਣਗੇ।"

"ਸ਼ਾਇਦ ਕੰਵਰ ਸਾਹਿਬ ਕੁਝ ਜ਼ਿਆਦਾ ਈ ਦਿਵਾ ਦੇਣ।"

"ਹਾਂ....ਉਹ ਮੇਰੇ ਉੱਤੇ ਵੀ ਬੜੇ ਮਿਹਰਬਾਨ ਹਨ।"

ਹਰ ਕੋਈ ਕਿਸੇ ਨਾ ਕਿਸੇ ਉੱਤੇ ਮਿਹਰਬਾਨ ਐ, ਬੰਤਿਆ। ਸਾਡੇ ਉੱਤੇ ਵੀ ਕਦੀ ਕੋਈ ਮਿਹਰਬਾਨ ਹੋਊਗਾ ਈ। ਕਿਉਂ ਹੋਏਗਾ ਤੇਰੇ ਉੱਤੇ ਮਿਹਰਬਾਨ ਕੋਈ? ਕੀ ਖ਼ਾਸ ਗੱਲ ਐ, ਤੇਰੇ ਵਿੱਚ? ਨਾ ਸਹੀ ਕੋਈ ਗੱਲ, ਪਰ ਜਿਨ੍ਹੇ ਮਿਹਰਬਾਨ ਹੋਣਾ ਐ, ਉਹਦੇ ਵਿੱਚ ਤਾਂ ਹੋਊਗੀ ਈ ਕੋਈ



Downloaded from https:// www.studiestoday.com

Downloaded from https:// www.studiestoday.com

ਖ਼ਾਸ ਗੱਲ। ਅੱਛਾ ਹੁਣ ਇਹ ਦੱਸ, ਚੱਲਣਾ ਕਿੱਧਰ ਨੂੰ ਐ? ਪਹਿਲਾਂ ਇਹ ਦੋ ਚਵਾਨੀਆਂ ਤਾਂ ਪਾ ਬੋਝੇ ਵਿੱਚ, ਭਾਨ ਦਾ ਅੱਗੇ ਈ ਤੋੜਾ ਐ। ਚੱਲੀਏ ਹੁਣ ਹਸਪਤਾਲ ਵੱਲ। ਨਹੀਂ, ਉੱਥੇ ਨਹੀਂ ਮਿਲਣੀ ਕੋਈ ਸਵਾਰੀ ਐਸ ਵੇਲ਼ੇ। ਫੇਰ....? ਚੱਲ ਫੇਰ ਚੱਲੀਏ, ਲਾਰੰਸ ਰੋਡ ਵੱਲ। ਉੱਥੋਂ ਮਿਲ਼ ਜਾਊ ਕੋਈ ਨਾ ਕੋਈ ਸਵਾਰੀ। ਜਿਉਂ-ਜਿਉਂ ਰਾਤ ਪੈਂਦੀ ਜਾਂਦੀ ਐ, ਉਸ ਪਾਸੇ ਰੌਣਕ ਵਧਦੀ ਜਾਂਦੀ ਐ।

ਬਾਜ਼ੇ-ਬਾਜ਼ੇ ਬੰਦੇ ਵੀ ਹੱਦ ਕਰ ਦਿੰਦੇ ਐ। ਇਹਨਾਂ ਕਵੀਆਂ ਵਰਗਾ ਈ ਇੱਕ ਬੰਦਾ ਮਿਲ਼ਿਆ, ਥੋੜ੍ਹੇ ਈ ਦਿਨ ਹੋਏ। ਕਹਿਣ ਲੱਗਾ, "ਮੈਂ ਮੋਟਰਾਂ ਦੇ ਅੱਡੇ ਜਾਣੈਂ।" ਮੈਂ ਕਿਹਾ—"ਬਹਿ ਜਾ ਬਈ, ਲੈ ਚੱਲਨੇ ਆਂ।" ਬਹਿ ਗਿਆ ਉਹ, ਤੇ ਫਿਰ ਝੱਟ ਈ ਕਹਿਣ ਲੱਗਾ—

"ਕਹਾਣੀ ਸੁਣੇਂਗਾ....?"

"ਸਾਡੇ ਕੋਲ਼ ਵਿਹਲ ਕਿੱਥੇ ਬਾਤਾਂ ਸੁਣਨ ਦੀ, ਛੋਟੇ ਹੁੰਦਿਆਂ ਸੁਣਦੇ ਹੁੰਦੇ ਸੀ, ਬੇਬੇ ਕੋਲ਼ੋਂ।"

"ਬਾਤਾਂ ਨਹੀਂ, ਕਹਾਣੀ....ਤੇਰੇ ਵਰਗੇ ਈ ਇੱਕ ਰਿਕਸ਼ਾ-ਚਾਲਕ ਦੀ ਕਹਾਣੀ।"

"ਤੁਸੀਂ ਕਦੀ ਚਲਾਇਆ ਐ, ਰਿਕਸ਼ਾ....?"

"ਨਹੀਂ, ਮੈਂ ਤਾਂ ਨਹੀਂ ਚਲਾਇਆ, ਪਰ ਮੈਂ ਕਹਾਣੀਕਾਰ ਹਾਂ, ਸਭ ਕੁਝ ਜਾਣਦਾ ਹਾਂ।"

"ਸਭ ਕੁਝ ਜਾਣਦੇ ਹੋਵੋਗੇ, ਤੁਸੀਂ.....ਪਰ ਰਿਕਸ਼ਾ ਚਲਾਣਾ ਤਾਂ ਨਹੀਂ ਨਾ ਜਾਣਦੇ...?"

"ਨਹੀਂ....."

"ਤਾਂ ਫਿਰ.....?"

"ਤੂੰ ਗੱਲ ਨਹੀਂ ਸਮਝਦਾ.....ਅਸੀਂ ਹਰ ਚੀਜ਼ ਦੀ ਕਲਪਨਾ ਕਰ ਲੈਂਦੇ ਹਾਂ।"

"ਸਾਰੀ ਗੱਲ ਤਾਂ ਕਲਪਣ ਦੀ ਐ....."

"ਕਲਪਣ ਨਹੀਂ, ਕਲਪਨਾ...."

"ਚੰਗਾ, ਕਲਪਨਾ ਈ ਸਹੀ.....ਪਰ ਤੁਹਾਡੀ ਕਹਾਣੀ....."

"ਕਹਾਣੀ ਤਾਂ ਮੈਂ ਲਿਖ ਚੁੱਕਿਆ ਹਾਂ, ਇਹ ਇੱਕ ਸਰਕਾਰੀ ਰਿਸਾਲੇ ਵਿੱਚ ਛਪੀ ਸੀ ਅਤੇ ਇਸ ਦੇ ਤੀਹ ਰੁਪਏ ਵੀ ਆ ਗਏ ਸਨ...."

"ਤੀਹ ਰੁਪਏ, ਰਿਕਸ਼ਾ-ਚਾਲਕ ਬਾਰੇ ਕਹਾਣੀ ਦੇ....?"

"ਹਾਂ, ਹੁਣ ਮੈਂ ਤੇਰੇ ਵਰਗੇ ਲੋਕਾਂ ਬਾਰੇ ਇੱਕ ਨਾਵਲ ਲਿਖ ਰਿਹਾ ਹਾਂ।"

"ਉਹ ਕੀ ਹੁੰਦੈ...?"

"ਨਾਵਲ, ਨਹੀਂ ਸਮਝਦਾ? ਨਾਵਲ ਹੁੰਦੈ, ਤੂੰ ਸਮਝ ਲੈ, ਨਾਵਲ ਹੁੰਦੈ ਇੱਕ ਲੰਮੀ ਕਹਾਣੀ।"

"ਕਿੰਨੀ ਕੁ ਲੰਮੀ....?"

"ਕਈਆਂ ਕਹਾਣੀਆਂ ਜਿੰਨੀ ਲੰਮੀ...."



Downloaded from https:// www.studiestoday.com

Downloaded from https:// www.studiestoday.com

"ਜਿਸ ਤਰਾਂ ਰੋਜ਼ ਰਾਤ ਨੂੰ ਕੋਈ ਜਣਾ ਬਾਤ ਸੁਣਾਏ ਤੇ ਮਹੀਨੇ ਦੋ ਮਹੀਨੇ ਬਾਅਦ ਉਹ ਬਾਤਾਂ ਨਾਵਲ ਬਣ ਜਾਣ...?"

"ਤੇਰੀ ਗੱਲ ਠੀਕ ਹੈ, ਪਰ ਬਿਲਕੁਲ ਠੀਕ ਨਹੀਂ।"

ਮੈਂ ਉਹਨੂੰ ਪੁੱਛਣ ਈ ਲੱਗਾ ਸੀ ਕਿ ਬਿਲਕੁਲ ਠੀਕ ਕੀ ਹੈ ਫੇਰ, ਪਰ ਉਹਦਾ ਟਿਕਾਣਾ ਆ ਗਿਆ ਤੇ ਉਹ ਉੱਤਰ ਗਿਆ।

ਪਤਾ ਨਹੀਂ ਉਹਨੇ ਕਿਸੇ ਰਿਕਸ਼ਾ ਚਲਾਉਣ ਵਾਲ਼ੇ ਬਾਰੇ ਨਾਵਲ ਲਿਖਿਆ ਵੀ ਹੈ ਕਿ ਨਹੀਂ? ਜ਼ਰੂਰ ਲਿਖਿਆ ਹੋਵੇਗਾ। ਜੇਕਰ ਇੱਕ ਕਹਾਣੀ ਦੇ ਤੀਹ ਰੁਪਏ ਮਿਲ਼ ਸਕਦੇ ਐ ਤਾਂ ਕਈਆਂ ਕਹਾਣੀਆਂ ਦੇ ਕਈ ਤੀਹ ਰੁਪਏ ਨਹੀਂ ਮਿਲ਼ ਸਕਦੇ? ਕਿੰਨਾ ਸੁਆਦ ਆਉਂਦਾ ਹੁੰਦਾ ਸੀ, ਬਾਤਾਂ ਸੁਣਨ ਦਾ ਛੋਟੇ ਹੁੰਦਿਆਂ। ਹੁਣ ਤਾਂ ਵਿਹਲ ਹੀ ਨਹੀਂ, ਬਾਤਾਂ ਸੁਣਨ ਦੀ। ਜਿਨ੍ਹਾਂ ਕੋਲ਼ ਹੋਊ ਵਿਹਲ, ਉਹ ਸੁਣਦੇ ਹੋਣਗੇ ਬਾਤਾਂ।

ਚੱਲਣਾ ਕਿੱਧਰ ਐ, ਤੂੰ ਹੁਣ ਬੰਤਿਆ? ਚੌਕ ਤਾਂ ਆ ਗਿਆ ਈ ਲਾਰੰਸ ਰੋਡ ਦਾ। ਅੱਜ ਤਾਂ ਕੋਈ ਖ਼ਾਸ ਰੌਣਕ ਨਹੀਂ, ਐਥੇ। ਵਕਤ ਵੀ ਕਿੰਨਾ ਹੋ ਗਿਐ। ਨਾਲ਼ੇ ਠੰਢ ਵੀ ਆਖ਼ਰਾਂ ਦੀ ਐ। ਹੋਰ ਕੋਈ ਰਿਕਸ਼ਾ ਵੀ ਘੱਟ ਹੀ ਵਿਖਾਈ ਦੇ ਰਿਹਾ ਐ, ਐਸ ਵੇਲ਼ੇ। ਕਿੱਥੇ ਗਏ ਸਾਰੇ ਰਿਕਸ਼ੇ ਵਾਲ਼ੇ। ਉਹ ਤਾਂ ਠੰਢ ਕੋਲ਼ੋਂ ਨਹੀਂ ਡਰਦੇ। ਉਹ ਤਾਂ ਸਿਰਫ਼ ਭੁੱਖ ਤੋਂ ਡਰਦੇ ਐ, ਹੋਰ ਕਿਸੇ ਚੀਜ਼ ਤੋਂ ਨਹੀਂ। ਪਰ ਬੰਤਿਆ,ਇਹ ਵੀ ਸੋਚ, ਜੇਕਰ ਲੋਕ ਈ ਨਾ ਹੋਣਗੇ ਸੜਕਾਂ ਉੱਤੇ ਤਾਂ ਰਿਕਸ਼ੇ ਵਾਲ਼ਿਆਂ ਨੂੰ ਕੀ ਲੱਭੂ? ਚੱਲ ਫੇਰ, ਤੂੰ ਵੀ ਘਰ ਨੂੰ। ਮੋੜ ਰਿਕਸ਼ਾ ਗਾਂਧੀ ਗਰੌਂਡ ਵੱਲ। ਲੈ, ਐਥੇ ਤਾਂ ਬਿਲਕੁਲ ਈ ਦੀਵਾ ਗੁੱਲ ਐ। ਭੋਰਾ ਜਿੰਨਾ ਵੀ ਚਾਨਣ ਨਹੀਂ। ਐਸ ਹੈਂਡਲ ਨਾਲ਼ ਬੱਝੀ ਹੋਈ ਲੈਂਪੀ ਦਾ ਵੀ ਜੇਕਰ ਚਾਨਣ ਨਾ ਹੋਵੇ ਤਾਂ ਦੱਸ ਕਿੰਨੀ ਮੁਸ਼ਕਲ ਹੋਵੇ। ਅੱਜ ਤਾਂ ਇਹਦਾ ਚਾਨਣ ਵੀ ਮੱਧਮ ਐ। ਤਾਂ ਕੀ ਹੋਇਆ ਮੱਧਮ ਐ ਤੇ? ਹੈ ਤਾਂ ਸਈ....ਬੰਤਿਆ—

"ਰੋਕੀਂ....ਰੋਕੀਂ, ਏਧਰ ਆਵੀਂ ਜ਼ਰਾ।"

ਮੈਂ ਰਿਕਸ਼ਾ ਰੋਕ ਲਿਆ ਤੇ ਉੱਤਰ ਕੇ ਉਹਦੇ ਕੋਲ਼ ਚਲਿਆ ਗਿਆ। ਇੱਕ ਜੈਂਟਲਮੈਨ ਖੜ੍ਹਾ ਸੀ ਸਕੂਟਰ ਕੋਲ਼ੇ। ਉਹਦੇ ਲਾਗੇ ਈ ਇੱਕ ਤੀਵੀਂ ਖੜ੍ਹੀ ਸੀ, ਲੰਮਾ ਕੋਟ ਪਾਈ। ਮੈਂ ਝੱਟ ਸਮਝ ਗਿਆ ਸਾਰੀ ਗੱਲ। ਸਕੂਟਰ ਖ਼ਰਾਬ ਹੋ ਗਿਆ ਸੀ, ਉਹਦਾ। ਉਹ ਹਾਲੀ ਵੀ ਕਿੱਕਾਂ ਮਾਰ ਰਿਹਾ ਸੀ ਪਰ ਉਹ ਸਟਾਰਟ ਈ ਨਹੀਂ ਸੀ ਹੋ ਰਿਹਾ। ਅਖੀਰ ਉਸ ਆਦਮੀ ਨੇ ਸਾਹਮਣੀ ਕੋਠੀ ਦੀ ਘੰਟੀ ਵਜਾਈ। ਇੱਕ ਨੌਕਰ ਬਾਹਰ ਆਇਆ। ਦੋ-ਚਾਰ ਗੱਲਾਂ ਕਰ ਕੇ ਨੌਕਰ ਅੰਦਰ ਚਲਾ ਗਿਆ। ਫੇਰ ਇੱਕ ਬੰਦਾ ਆਇਆ, ਅੰਦਰੋਂ। ਦੋਹਾਂ ਦੀ ਗੱਲ-ਬਾਤ ਹੋਈ। ਸਕੂਟਰ ਨੂੰ ਧੱਕ ਕੇ ਕੋਠੀ ਦੇ ਅੰਦਰ ਰੱਖ ਦਿੱਤਾ ਗਿਆ। ਫੇਰ ਉਹ ਤੀਵੀਂ-ਮਰਦ ਮੇਰੇ ਰਿਕਸ਼ੇ ਵਿੱਚ ਬੈਠ ਗਏ—

"ਛਾਉਣੀ...."

"ਛਾਉਣੀ ਜੀ...?"

"ਹਾਂ....ਰਸਤਾ ਨਹੀਂ ਆਉਂਦਾ?"



Downloaded from https:// www.studiestoday.com

Downloaded from https:// www.studiestoday.com

"ਰਸਤਾ ਤਾਂ ਆਉਂਦਾ ਐ ਪਰ ਹੈ ਬੜੀ ਦੂਰ।"

"ਜਿੰਨੇ ਪੈਸੇ ਕਹੇਂਗਾ, ਦੇ ਦਿਆਂਗੇ।"

"ਕੋਈ ਨਹੀਂ ਜੀ, ਪੈਸਿਆਂ ਦਾ ਕੋਈ ਨਹੀਂ।"

ਦੂਰ ਜਾਣਾ ਸੀ ਠੰਢ ਵਿੱਚ। ਚੱਲ ਪਏ ਜਦੋਂ ਇੱਕ ਵਾਰ ਤਾਂ ਫਿਰ ਸੋਚਣਾ ਕਾਹਦਾ? ਉਹ ਦੋਵੇਂ ਪਿੱਛੇ ਬੈਠੇ ਸਨ, ਲੰਮੇ ਕੋਟ ਵਾਲ਼ੀ ਤੀਵੀਂ ਤੇ ਉਹ ਜੈਂਟਲਮੈਨ। ਟੱਪ ਲੱਗਾ ਹੋਇਆ ਸੀ। ਉਹ ਹੌਲ਼ੀ-ਹੌਲ਼ੀ ਗੱਲਾਂ ਕਰ ਰਹੇ ਸਨ। ਤੀਵੀਂ ਕਹਿ ਰਹੀ ਸੀ, ਜੇਕਰ ਸਕੂਟਰ ਖ਼ਰਾਬ ਨਾ ਹੁੰਦਾ ਤਾਂ ਹੁਣ ਤੀਕ ਉਹਨਾਂ ਨੇ ਪਹੁੰਚ ਜਾਣਾ ਸੀ। ਉਹ ਇਹ ਵੀ ਕਹਿ ਰਹੀ ਸੀ ਕਿ ਪਾਰਟੀ ਸ਼ੁਰੂ ਹੋ ਗਈ ਹੋਏਗੀ, ਹੁਣ ਤੀਕ।

ਇੱਕ ਵਾਰ ਫਿਰ ਯਾਦ ਆ ਗਿਆ ਮੈਨੂੰ ਕਿ ਨਵਾਂ ਸਾਲ ਚੜ੍ਹਿਆ ਸੀ, ਅੱਜ। ਲੋਕ ਬੜੀਆਂ ਖ਼ੁਸ਼ੀਆਂ ਮਨਾ ਰਹੇ ਸਨ। ਮੈਨੂੰ ਵੀ ਕੋਈ ਘੱਟ ਖ਼ੁਸ਼ੀ ਨਹੀਂ ਸੀ। ਮੇਰੇ ਵੀ ਚੰਗੇ ਪੈਸੇ ਬਣ ਗਏ ਸਨ। ਪੈਸੇ ਤਾਂ ਹੁਣ ਰੋਜ਼ ਈ ਚੰਗੇ ਬਣ ਜਾਂਦੇ ਐ, ਪਰ ਬਣਦਾ ਕੁਝ ਨਹੀਂ। ਏਧਰੋਂ ਆਏ, ਉੱਧਰ ਗਏ।

ਪਿਛਲੇ ਪਾਸੇ ਬੈਠੀ ਤੀਵੀਂ ਹੱਸ ਰਹੀ ਸੀ, ਹੌਲ਼ੀ-ਹੌਲ਼ੀ। ਮੇਰਾ ਮਨ ਖਿੜ ਗਿਆ। ਹੱਸਣਾ ਈ ਚਾਹੀਦਾ ਐ, ਹਮੇਸ਼ਾਂ ਮਨੁੱਖ ਨੂੰ। ਖਿੜ-ਖਿੜਾ ਕੇ ਕਿਉਂ ਨਾ ਹੱਸੇ ਭਲਾ? ਸਾਡੀ ਤਾਰੋ ਤਾਂ ਜਿਵੇਂ ਹੱਸਣਾ ਈ ਭੁੱਲ ਗਈ ਐ। ਕਦੀ ਹੱਸਦੀ ਹੁੰਦੀ ਸੀ, ਉਹ ਵੀ। ਡੁੰਮਣ ਦੇ ਜੰਮਣ ਪਿੱਛੋਂ ਤੀਕ ਹੱਸਦੀ ਰਹੀ ਸੀ, ਉਹ। ਫੇਰ ਪਤਾ ਨਹੀਂ ਕਿਉਂ, ਉਹਦਾ ਹਾਸਾ ਕਿਤੇ ਉੱਡ-ਪੁੱਡ ਗਿਆ। ਕਦੀ ਵੀ ਨਹੀਂ ਸੀ ਹੱਸਦੀ ਉਹ ਹੁਣ। ਹੱਸੇ ਵੀ ਕਿਉਂ, ਬੰਤਿਆ, ਕੋਈ ਹੱਸਣ ਵਾਲ਼ੀ ਗੱਲ ਵੀ ਹੋਵੇ? ਐਵੇਂ ਵੀ ਕੀ ਹੱਸਦਾ ਰਵ੍ਹੇ ਬੰਦਾ? ਕਈਆਂ ਨੂੰ ਤਾਂ ਆਦਤ ਹੁੰਦੀ ਐ, ਹੱਸਣ ਦੀ—

"ਸੱਚੀਂ, ਤੁਸੀਂ ਮੰਨਣਾ ਨਹੀਂ, ਉਹ ਜਦੋਂ ਡਾਂਸ ਕਰਦਾ ਏ ਤਾਂ ਮੇਰਾ ਹਾਸਾ ਈ ਬੰਦ ਨਹੀਂ ਹੁੰਦਾ।"

"ਦੇਖ ਸੁਸ਼ਮਾ, ਤੂੰ ਇੰਜ ਨਾ ਕਰਿਆ ਕਰ—ਉਹ ਮੇਰਾ ਬਾਸ ਏ, ਤੈਨੂੰ ਹੱਸਣਾ ਨਹੀਂ ਚਾਹੀਦਾ ਇਸ ਤਰ੍ਹਾਂ। ਜੇ ਉਹ ਬੁਰਾ ਮਨਾ ਗਿਆ, ਤਾਂ?"

"ਮੈਨੂੰ ਆਪਣੇ ਉੱਤੇ ਕੰਟ੍ਰੋਲ ਈ ਨਹੀਂ ਰਹਿੰਦਾ, ਉਹ ਵੀ ਤਾਂ ਬੁਰਾ ਨਹੀਂ ਮਨਾਂਦਾ—ਕਦੋਂ ਮਨਾਂਦਾ ਏ ਬੁਰਾ?"

"ਮੈਂ ਨਹੀਂ ਕਹਿੰਦਾ ਕਿ ਉਹ ਬੁਰਾ ਮਨਾਂਦਾ ਏ, ਪਰ ਕਿਸੇ ਵੇਲ਼ੇ ਵੀ ਮਨਾ ਸਕਦਾ ਏ—ਕੀ ਪਤਾ ਹੁੰਦਾ ਏ ਅਫ਼ਸਰਾਂ ਦਾ? ਫੇਰ ਉਹ ਕੋਈ ਮਾਮੂਲੀ ਅਫ਼ਸਰ ਨਹੀਂ, ਬਹੁਤ ਵੱਡਾ....।"

"ਅਫ਼ਸਰ ਹੋਏਗਾ ਤੁਹਾਡਾ, ਮੈਂ ਨਹੀਂ ਡਰਦੀ ਕਿਸੇ ਕੋਲ਼ੋਂ।"



Downloaded from https:// www.studiestoday.com

Downloaded from https:// www.studiestoday.com

'ਅੱਛਾ—ਗੱਲ ਸੁਣੋ। ਉਸ ਦਿਨ ਵਾਂਗ ਨਾ ਕਰਨਾ, ਰਾਤੀਂ ਘਰ ਈ ਨਹੀਂ ਸਾਂ ਜਾ ਸਕੇ।"

"ਅੱਜ ਵੀ ਨਹੀਂ ਜਾਇਆ ਜਾਣਾ, ਸਕੂਟਰ ਜੋ ਨਹੀਂ ਆਪਣੇ ਕੋਲ਼।"

"ਉਦੋਂ ਤਾਂ ਮਿਸਿਜ਼ ਰੋਸ਼ਾ ਏਥੇ ਹੀ ਸਨ, ਹੁਣ ਤਾਂ ਗੱਲ ਈ ਹੋਰ ਏ....।"

"ਹੁਣ ਤਾਂ ਸੁਸ਼ਮਾ, ਇਹਨਾਂ ਦਾ ਤਲਾਕ ਹੋਇਆ ਈ ਸਮਝ....।"

"ਬੜੀ ਚੰਗੀ ਏ ਉਹ ਤਾਂ, ਫੇਰ ਪਤਾ ਨਹੀਂ ਕਿਉਂ ਇਹਨਾਂ ਦੀ....।"

"ਕੀ ਪਤਾ ਏ ਅਸਲ ਗੱਲ ਦਾ, ਬੰਦਾ ਤਾਂ ਇਹ ਵੀ ਮਾੜਾ ਨਹੀਂ....।"

ਬੰਦਾ ਤਾਂ ਕੋਈ ਵੀ ਨਹੀਂ ਮਾੜਾ ਹੁੰਦਾ, ਬੰਤਿਆ, ਮਾੜੇ ਤਾਂ ਉਹਦੇ ਨਸੀਬ ਹੁੰਦੇ ਐ। ਬੱਸ, ਨਸੀਬ ਨਾ ਮਾੜੇ ਹੋਣ ਕਿਸੇ ਦੇ। ਇਹ ਕੀ ਨਸੀਬ-ਨਸੀਬ ਕਰਦਾ ਰਹਿੰਦਾ ਐਂ, ਹਰ ਵਾਰੀ? ਸਿੱਧੀ ਗੱਲ ਕਰਿਆ ਕਰ ਮੇਰੇ ਨਾਲ਼। ਨਸੀਬ ਕੀ ਹੁੰਦੇ ਐ, ਦੱਸ ਖਾਂ ਮੈਨੂੰ ਇੱਕ ਵਾਰੀ? ਆਪਾਂ ਕੀ ਰੱਬ ਦੇ ਮਾਂਹ ਮਾਰੇ ਹੋਏ ਐ? ਸਾਡੇ ਕਿਉਂ ਨਹੀਂ ਭਲਾ, ਚੰਗੇ ਨਸੀਬ? ਮਿਹਨਤ ਕਰਦੇ ਆਂ, ਕੋਈ ਹੇਰਾ-ਫੇਰੀ ਨਹੀਂ ਕਰਦੇ, ਕਿਸੇ ਨੂੰ ਦੁੱਖ-ਤਕਲੀਫ਼ ਨਹੀਂ ਦਿੰਦੇ। ਫੇਰ ਵੀ ਪਤਾ ਨਹੀਂ ਕਿਉਂ ਜਾਣੀ ਸਵਾਦ ਜਿਹਾ ਨਹੀਂ ਜਿਊਣ ਦਾ। ਮੱਚ ਈ ਮਰ ਗਿਆ ਏ, ਹੁਣ ਤਾਂ। ਚੰਗਾ ਈ ਨਹੀਂ ਲੱਗਦਾ ਕੁਝ ਵੀ, ਮਸ਼ੀਨ ਈ ਬਣ ਗਏ ਆਂ, ਹੁਣ। ਥੋੜ੍ਹਾ ਜਿਹਾ ਪਟਰੋਲ ਪਾ ਲਈਏ ਤਾਂ ਚੱਲਦੀ ਰਹਿੰਦੀ ਐ ਗੱਡੀ, ਜਦੋਂ ਮੁੱਕ ਜਾਏ ਤਾਂ ਖੜੋ ਜਾਂਦੀ ਐ, ਕਈ ਵੇਰਾਂ ਪਟਰੋਲ ਦੇ ਹੁੰਦਿਆਂ-ਸੁੰਦਿਆਂ ਵੀ ਨਹੀਂ ਚੱਲਦੀ। ਖੜੋ ਈ ਗਿਆ ਐ ਨਾ, ਇਹਨਾਂ ਦਾ ਸਕੂਟਰ। ਏਵੇਂ ਈ ਇੱਕ ਦਿਨ ਖੜੋ ਜਾਣੀ ਐ, ਇਹ ਮਸ਼ੀਨ। ਹਾਲੀ ਨਹੀਂ—ਹਾਲੀ ਤਾਂ ਨਿਆਣੇ ਬਹੁਤ ਛੋਟੇ ਐ। ਕਿਸੇ ਨਹੀਂ ਪੁੱਛਣਾ ਨਿਆਣਿਆਂ ਨੂੰ। ਜਦੋਂ ਖੜੋਣ ਲੱਗੀ, ਬੱਸ ਖੜੋ ਈ ਜਾਣੀ ਐ।

ਇਹ ਸਵਾਰੀ ਤਾਂ ਬਹੁਤ ਮਾੜੀ ਏ। ਫ਼ਾਲਤੂ ਗੱਲਾਂ ਈ ਕਰੀ ਜਾਂਦੇ ਨੇ, ਉੱਚੀ-ਉੱਚੀ।

ਬਾਜ਼ੇ-ਬਾਜ਼ੇ ਲੋਕ ਤਾਂ ਸਾਨੂੰ ਮਨੁੱਖ ਈ ਨਹੀਂ ਸਮਝਦੇ, ਹੱਦ ਹੋ ਗਈ। ਕੁਝ ਤਾਂ ਸੋਚਣਾ ਚਾਹੀਦਾ ਐ, ਬੰਦੇ ਨੂੰ। ਐਸ ਢਿੱਡ ਦੀ ਖ਼ਾਤਰ ਭੱਜੇ ਫਿਰਦੇ ਆਂ, ਨਹੀਂ ਤੇ ਸਾਨੂੰ ਕੀ ਵਖਤ ਪਿਆ ਐ। ਮੇਰਾ ਤਾਂ ਜੀਅ ਕਰਦੈ ਮੈਂ ਪਿੱਛੇ ਬੈਠ ਜਾਵਾਂ ਤੇ ਉਹਨੂੰ ਕਵ੍ਹਾਂ, ਮਾਈ ਦੇ ਲਾਲ ਨੂੰ, ਕਿ ਚਲਾ ਹੁਣ ਰਿਕਸ਼ਾ। ਫੇਰ ਵੇਖਾਂ ਕਿਵੇਂ ਗੱਲਾਂ ਅਹੁੜਦੀਆਂ ਨੇ ਟਕੇ-ਟਕੇ ਦੀਆਂ। ਇਹਦੀ ਉਹ ਜਿਹੜੀ ਬੈਠੀ ਐ ਨਾ ਪਿੱਛੇ, ਉਹਦਾ ਹਾਸਾ ਈ ਨਹੀਂ ਬੰਦ ਹੁੰਦਾ। ਕਿਵੇਂ ਬੰਦ ਹੋ ਸਕਦਾ ਐ ਹਾਸਾ, ਜਦੋਂ ਲੰਮਾ ਕੋਟ ਪਾਇਆ ਹੋਵੇ ਤੇ ਜਾ ਰਹੀ ਹੋਵੇ ਨਵਾਂ ਸਾਲ ਮਨਾਉਣ—

"ਖੱਬੇ ਹੱਥ ਨੂੰ ਮੋੜ ਲੈ।"

"ਹੁਣ ਤਾਂ ਬੱਸ ਆ ਈ ਗਏ ਆਂ।"

"ਬੱਸ, ਅਗਲਾ ਮੋੜ ਮੁੜ ਕੇ ਨਾਲ਼ ਈ ਏ...।"



Downloaded from https:// www.studiestoday.com

Downloaded from https:// www.studiestoday.com

"ਕੋਠੀ ਬੜੀ ਵੱਡੀ ਏ...।"

"ਫ਼ਰਨਿਸ਼ ਵੀ ਬਹੁਤ ਵਧੀਆ ਕੀਤੀ ਹੋਈ ਏ।"

"ਕਿਸੇ-ਕਿਸੇ ਨੂੰ ਹੁੰਦਾ ਏ ਸ਼ੌਕ...।"

"ਪੈਸੇ ਹੋਣ ਕੋਲ਼ ਤਾਂ ਸ਼ੌਕ ਪੈਦਾ ਹੋ ਈ ਜਾਂਦਾ ਏ।"

"ਕਈਆਂ ਨੂੰ ਫੇਰ ਵੀ ਨਹੀਂ ਹੁੰਦਾ।"

ਮੈਂ ਅਗਲਾ ਮੋੜ ਮੁੜ ਗਿਆ, ਤੀਸਰੀ ਕੋਠੀ ਅੱਗੇ ਉਹਨਾਂ ਨੇ ਰਿਕਸ਼ਾ ਰੁਕਵਾ ਦਿੱਤਾ। ਦੋ ਕਾਰਾਂ ਤੇ ਤਿੰਨ-ਚਾਰ ਸਕੂਟਰ ਖੜ੍ਹੇ ਸਨ, ਅੰਦਰ। ਵਰਦੀ ਵਾਲ਼ਾ ਇਕ ਬੰਦਾ ਅੱਗੇ ਹੋਇਆ ਤੇ ਦਰਵਾਜ਼ਾ ਖੋਲ੍ਹ ਦਿੱਤਾ ਉਹਨੇ। ਮੈਨੂੰ ਉਹਨਾਂ ਨੇ ਪੈਸੇ ਫੜਾਏ ਤੇ ਅੱਗੇ ਵਧ ਗਏ, ਅੱਗੇ-ਅੱਗੇ ਤੀਵੀਂ ਤੇ ਪਿੱਛੇ-ਪਿੱਛੇ ਉਹ। ਵਰਦੀ ਵਾਲ਼ਾ ਉਹ ਬੰਦਾ ਦੌੜ ਕੇ ਉਹਨਾਂ ਅੱਗੇ ਹੋ ਗਿਆ ਤੇ ਬਰਾਂਡੇ ਦੀਆਂ ਪੌੜੀਆਂ ਚੜ੍ਹ ਕੇ ਉਸ ਨੇ ਕਮਰੇ ਦਾ ਦਰਵਾਜ਼ਾ ਖੋਲ੍ਹ ਦਿੱਤਾ। ਉਹ ਦੋਵੇਂ ਅੱਗੇ-ਪਿੱਛੇ ਕਮਰੇ ਵਿੱਚ ਚਲੇ ਗਏ। ਅੰਦਰੋਂ ਧੀਮੀ-ਧੀਮੀ ਅਵਾਜ਼ ਆ ਰਹੀ ਸੀ, ਕਿਸੇ ਸਾਜ਼ ਦੀ। ਉਹਨਾਂ ਦੇ ਅੰਦਰ ਵੜਦਿਆਂ ਈ ਉੱਚੀ-ਉੱਚੀ ਗੱਲਾਂ ਹੋਈਆਂ, ਜਿਵੇਂ ਕਈ ਲੋਕ ਅੱਭੜਵਾਹੇ ਈ ਬੋਲ ਪਏ ਹੋਣ। ਉਸ ਵਰਦੀ ਵਾਲ਼ੇ ਆਦਮੀ ਨੇ ਦਰਵਾਜ਼ਾ ਬੰਦ ਕਰ ਦਿੱਤਾ ਤੇ ਆਪ ਫੇਰ ਬਾਹਰ ਲੋਹੇ ਦੇ ਗੇਟ ਕੋਲ਼ ਆ ਖੜ੍ਹਾ ਹੋਇਆ-

"ਜਾਣਾ ਤਾਂ ਨਹੀਂ ਕਿਸੇ ਨੇ....?"

"ਅਭੀ ਕਹਾਂ—ਅਭੀ ਤੋ ਆ ਰਹੇ ਹੈਂ, ਸਾਹਿਬ ਲੋਕ।"

"ਵਾਪਸ ਕਦੋਂ ਜਾਣਾ ਹੋਊ?"

"ਕਿਆ ਪਤਾ? ਪੀਛੇ ਕਰ ਰਿਕਸ਼ਾ, ਕਾਰ ਆ ਰਹੀ ਹੈ।"

ਕਾਰ ਆ ਕੇ ਰੁਕ ਗਈ। ਉਸ ਵਰਦੀ ਵਾਲ਼ੇ ਨੇ ਛੇਤੀ ਨਾਲ਼ ਦਰਵਾਜ਼ਾ ਖੋਲ੍ਹਿਆ, ਕਾਰ ਅੰਦਰ ਚਲੀ ਗਈ, ਉਹ ਵੀ ਪਿੱਛੇ ਦੌੜਦਾ ਗਿਆ। ਉਹਨਾਂ ਤੋਂ ਪਹਿਲਾਂ ਉਹ ਬਰਾਂਡੇ ਵਿੱਚ ਜਾ ਖੜ੍ਹਾ ਹੋਇਆ। ਜਦੋਂ ਉਹ ਤਿੰਨ ਜਣੇ—ਇੱਕ ਮਰਦ, ਇੱਕ ਤੀਵੀਂ ਤੇ ਇੱਕ ਕੁੜੀ ਬਰਾਂਡੇ ਦੀਆਂ ਪੌੜੀਆਂ ਚੜ੍ਹਨ ਲੱਗੇ ਤਾਂ ਉਸ ਨੇ ਕਮਰੇ ਦਾ ਦਰਵਾਜ਼ਾ ਖੋਲ੍ਹ ਦਿੱਤਾ। ਅੰਦਰੋਂ ਸਾਜ਼ ਦੀ ਧੀਮੀ-ਧੀਮੀ ਅਵਾਜ਼ ਫੇਰ ਸੁਣਾਈ ਦਿੱਤੀ ਤੇ ਥੋੜ੍ਹੇ ਚਿਰ ਪਿੱਛੋਂ ਉਹੀ ਰੌਲ਼ਾ—ਜਿਵੇਂ ਕਿੰਨੇ ਈ ਮਰਦ-ਔਰਤਾਂ ਅੱਭੜਵਾਹੇ ਬੋਲ ਪਏ ਹੋਣ। ਉਹ ਵਰਦੀ ਵਾਲ਼ਾ ਫੇਰ ਉੱਥੇ ਈ ਆ ਗਿਆ, ਬਾਹਰ ਵਾਲ਼ੇ ਗੇਟ ਕੋਲ਼—

"ਕਿੰਨੀ ਕੁ ਤਨਖ਼ਾਹ ਮਿਲ਼ ਜਾਂਦੀ ਐ, ਤੈਨੂੰ?"

"ਮਿਲ ਹੀ ਜਾਤੀ ਹੈ ਕੁਛ, ਜਾਓ ਤੁਮ ਅਬ, ਕਿਸੀ ਨੇ ਨਹੀਂ ਜਾਨਾ, ਅਭੀ। ਵੈਸੇ ਭੀ ਸਭ ਕੇ ਪਾਸ ਅਪਨੀ-ਅਪਨੀ ਗਾੜੀ ਹੈ।"

"ਜਿਨ੍ਹਾਂ ਨੂੰ ਮੈਂ ਲਿਆਇਆ ਹਾਂ, ਉਹ ਨਹੀਂ ਜਾਣਗੇ?"



Downloaded from https:// www.studiestoday.com

Downloaded from https:// www.studiestoday.com

"ਜਾਏਂਗੇ ਤੋ ਸਹੀ, ਪਰ ਅਭੀ ਨਹੀਂ, ਬਹੁਤ ਦੇਰ ਬਾਅਦ, ਸਾਹਿਬ ਕੀ ਗਾੜੀ ਛੋੜ ਆਏਗੀ ਉਨ੍ਹੇਂ।"

"ਕੀ ਪਤਾ ਰਾਤ ਏਥੇ ਈ ਰਹਿ ਪੈਣ..."

"ਕਿਆ ਪਤਾ?....ਜਾਓ ਤੁਮ ਅਬ।"

ਕਿਸੇ ਨੂੰ ਕੁਝ ਨਹੀਂ ਪਤਾ, ਬੰਤਿਆ, ਚੱਲ ਹੁਣ ਚੱਲੀਏ ਘਰ। ਭੁੱਖ ਨੇ ਤਾਂ ਜਾਨ ਈ ਕੱਢ ਲਈ ਐ। ਕੀ ਪਤਾ ਸੀ ਐਨੀ ਦੂਰ ਦੀ ਸਵਾਰੀ ਮਿਲ਼ੇਗੀ। ਮੌਤ ਦਾ ਤੇ ਸਵਾਰੀ ਦਾ ਕੋਈ ਪਤਾ ਨਹੀਂ, ਕਦੋਂ ਆ ਜਾਏ। ਹੁਣ ਕੋਈ ਉੱਧਰ ਦੀ ਸਵਾਰੀ ਮਿਲ਼ ਜਾਏ ਤਾਂ ਮੌਜਾਂ ਹੋ ਜਾਣ। ਘਰ ਤਾਂ ਜਾਣਾ ਈ ਐ, ਥੋੜ੍ਹੇ ਪੈਸੇ ਹੋਰ ਬਣ ਜਾਣਗੇ। ਪੈਸਿਆਂ ਬਾਰੇ ਈ ਸੋਚਦਾ ਰਿਹਾ ਕਰ, ਬੰਤਿਆ, ਆਪਣਾ ਕੁਝ ਨਾ ਸੋਚੀਂ। ਕਮਲ਼ਿਆ, ਜੇ ਕਿਤੇ ਠੰਡ ਖਾ ਗਿਉਂ ਤਾਂ ਅਗਲੀ-ਪਿਛਲੀ ਸਾਰੀ ਕਸਰ ਨਿਕਲ਼ ਜਾਊ। ਫੇਰ ਪਛਤਾਈਂ ਬੈਠ ਕੇ। ਯਾਦ ਈ ਨਾ ਪਿਛਲੇ ਵਰ੍ਹੇ ਜਦੋਂ ਬਿਮਾਰ ਪੈ ਗਿਆ ਸੀ ਅੱਠ-ਦਸ ਦਿਨ, ਕਿੰਨੀ ਬੁਰੀ ਹਾਲਤ ਹੋਈ ਸੀ, ਘਰ ਦੀ। ਦਵਾਈ ਤਾਂ ਆ ਜਾਂਦੀ ਸੀ ਸਰਕਾਰੀ ਹਸਪਤਾਲੋਂ, ਪਰ ਰੋਟੀ ਤਾਂ ਕਿਤੋਂ ਨਹੀਂ ਸੀ ਆਉਂਦੀ ? ਹਾਂ, ਤਾਰੋ ਨੇ ਬੜੀ ਸੇਵਾ ਕੀਤੀ ਸੀ ਮੇਰੀ। ਬਈ ਭੁੱਲਦਾ ਨਹੀਂ ਉਹਦਾ 'ਹਸਾਨ। ਇਹ ਕੀ ਗੱਲ, ਬੰਤਿਆ, 'ਹਸਾਨ ਕਾਹਦਾ? ਬੰਦੇ ਦਾ ਬੰਦਾ ਈ ਦਾਰੂ ਐ, ਆਪਾਂ ਵੀ ਕਦੀ ਕਸਰ ਨਹੀਂ ਛੱਡੀ, ਉਸ ਦੀ ਸੇਵਾ ਕਰਨ ਵਿੱਚ। ਦੂਸਰੀ ਗੁੱਡੀ ਵੇਲ਼ੇ ਜਦੋਂ ਵਿਅੱਮ ਪਿਆ ਸੀ, ਤਾਂ ਕਿੰਨੀ ਬਿਮਾਰ ਹੋ ਗਈ ਸੀ। ਬੱਸ, ਮਰਦੀ-ਮਰਦੀ ਈ ਬਚੀ, ਪੂਰੀ ਵਾਹ ਲਾ ਦਿੱਤੀ ਸੀ ਅਸੀਂ ਵੀ। ਠੀਕ ਤਾਂ ਹੋ ਗਈ ਪਰ ਪਹਿਲਾਂ ਅਰਗੀ ਨਹੀਂ ਹੋਈ ਮੁੜ। ਕਿੱਦਾਂ ਦਾ ਮੂੰਹ ਨਿਕਲ਼ ਆਇਆ ਸੀ ਉਦੋਂ। ਹੁਣ ਤਾਂ ਕੁਝ ਠੀਕ ਐ। ਠੀਕ ਵੀ ਕਾਹਦੀ ਐ। ਰੰਗ ਤਾਂ ਉਵੇਂ ਈ ਏ ਬੱਗਾ-ਬੱਗਾ। ਲਾਲੀ ਤਾਂ ਭੋਰਾ ਵੀ ਨਹੀਂ। ਹੱਡ ਈ ਨਿਕਲ਼ ਆਏ ਐ। ਮਾਸ ਤਾਂ ਜਿਵੇਂ ਹੈ ਈ ਨਹੀਂ। ਕਿੰਨੀ ਵਾਰ ਕਿਹਾ ਐ, ਕੁਝ ਖਾਇਆ-ਪੀਇਆ ਕਰ, ਬੱਸ ਹੱਸ ਛੱਡਦੀ ਐ। ਆਪਾਂ ਤਾਂ ਬਾਹਰ ਕੁਝ ਖਾ-ਪੀ ਲੈਨੇ ਆਂ, ਨਾ ਖਾਈਏ ਤਾਂ ਕੰਮ ਕਿਵੇਂ ਚੱਲੇ? ਬਾਕੀ ਦੇ ਸਾਰੇ ਪੈਸੇ ਉਹਨੂੰ ਜਾ ਫੜਾਈਦੇ ਆ, ਜਿੱਥੇ ਜੀਅ ਕਰੇ ਖ਼ਰਚੇ। ਕਦੀ ਪੁੱਛੀਦਾ ਨਹੀਂ। ਹੁਣ ਜੇ ਉਹ ਆਪ ਈ ਨਾ ਕੁਝ ਖਾਵੇ-ਪੀਵੇ ਤਾਂ ਸਿਹਤ ਕਿਵੇਂ ਬਣੇ—

"ਭਈਆ, ....ਚਾਹ ਵੀ ਬਣਾਉਂਦਾ ਏਂ?"

"ਪੀਓਗੇ ਚਾਏ?"

"ਚੱਲ ਬਣਾ ਦੇ ਇੱਕ ਕੱਪ, ਠੰਢ ਨੇ ਤਾਂ ਮੱਤ ਮਾਰ ਲਈ ਐ। ਖਾਣ ਨੂੰ ਵੀ ਰੱਖਿਆ ਐ, ਕੁਝ...?"

"ਬਿਸਕੁਟ ਹੈਂ....ਲੋਗੇ?"

"ਲਿਆ ਫੜਾ ਦੇ ਦੋ ਕੁ, ਖੋਹ ਜਿਹੀ ਪਈ ਜਾਂਦੀ ਐ।"

"ਕਹਾਂ ਸੇ ਲਾਏ ਸਵਾਰੀ....?"



Downloaded from https:// www.studiestoday.com

Downloaded from https:// www.studiestoday.com

"ਕੁਝ ਨਾ ਪੁੱਛ, ਦੂਰ ਦੀ ਗੱਲ ਨਹੀਂ, ਆਪਾਂ ਨਹੀਂ ਥੱਕਦੇ ਥੋੜ੍ਹੀ ਕੀਤੇ, ਪਰ ਇਹ ਸੀਤ ਹੱਡਾਂ ਵਿੱਚ ਹੀ ਧੱਸਦੀ ਜਾਂਦੀ ਐ।"

"ਪਿਛਲੇ ਤੀਸ ਬਰਸ ਮੇਂ ਇਤਨੀ ਸਰਦੀ ਨਹੀਂ ਪੜੀ।"

"ਕੀ ਪਤਾ ਕਿੰਨੇ ਸਾਲਾਂ ਵਿੱਚ ਨਹੀਂ ਪਈ, ਆਪਾਂ ਕਿਹੜਾ 'ਹਸਾਬ ਰੱਖਿਆ ਹੋਇਐ।"

ਚਾਹ ਹਾਲੀ ਬਣ ਈ ਰਹੀ ਸੀ ਕਿ ਇਕ ਬੰਦਾ ਸਾਈਕਲ ਉੱਤੇ ਉੱਥੇ ਆਇਆ ਤੇ ਆਉਂਦਿਆਂ ਈ ਕਹਿਣ ਲੱਗਾ—

"ਭਈਆ, ਛੇ ਬੋਤਲਾਂ ਸੋਢੇ ਦੀਆਂ ਫੜਾ ਦੇ ਛੇਤੀ ਨਾਲ਼।"

"ਤੀਨ ਤੋ ਵਹਾਂ ਸੇ ਉਠਾ ਲੋ, ਤੀਨ ਮੈਂ ਅੰਦਰ ਸੇ ਲਾਤਾ ਹੂੰ।"

ਬੋਤਲਾਂ ਲੈ ਕੇ ਉਹ ਬੰਦਾ ਚਲਿਆ ਗਿਆ, ਸੀਟੀ ਵਜਾਂਦਾ ਹੋਇਆ। ਭਈਏ ਨੇ ਉੱਬਲ਼ਦੇ ਹੋਏ ਪਾਣੀ ਵਿੱਚ ਚਾਹ ਦੀ ਪੱਤੀ ਪਾ ਦਿੱਤੀ—

"ਸਾਹਬ ਲੋਕ ਈ ਰਹਿੰਦੇ ਆ ਐਥੇ?"

"ਬੜੇ-ਬੜੇ ਸਾਹਬ ਲੋਕ... ਛਾਉਨੀ ਹੁਈ ਨਾ!"

"ਇਹਨੇ ਕੀ ਕਰਨੀਆਂ ਨੇ ਐਨੀਆਂ ਬੋਤਲਾਂ?"

"ਪਾਰਟੀ ਹੋਗੀ ਉਨ ਕੇ ਘਰ।"

"ਕਿਉਂ ਨਾ ਹੋਵੇ, ਭਈਆ, ਅੱਜ ਨਵਾਂ ਸਾਲ ਚੜ੍ਹਿਆ ਐ।"

"ਯਹਾਂ ਤੋ ਰੋਜ਼ ਹੀ ਹੋਵਤ ਹੈਂ ਪਾਰਟੀਆਂ।"

"ਰੋਜ਼ ਈ ਹੁੰਦਾ ਐ, ਏਸ ਤਰ੍ਹਾਂ...?"

"ਔਰ ਕਾ... ਮੌਜ ਉੜਾਵਤ ਹੈਂ ਸਾਹਬ ਲੋਕ।"

"ਤੂੰ ਵੀ ਤਾਂ ਮੌਜਾਂ ਕਰਦਾ ਐਂ, ਭਈਆ।"

"ਕਾਹੇ ਕੋ ਕਰਤ ਹੋ ਮਜ਼ਾਕ— ਬੱਸ ਦਾਲ-ਭਾਤ ਮਿਲ ਜਾਵਤ ਹੈ, ਔਰ ਕਾ?"

"ਕਦੀ ਘੁੱਟ ਵੀ ਲਾ ਲੈਂਦਾ ਹੋਵੇਂਗਾ?"

"ਰਾਮ, ਰਾਮ— ਕਿਤਨੀ ਬੁਰੀ ਬਾਸ ਹੋਵਤ ਹੈ ਇਸ ਮੈਂ— ਛੀ, ਛੀ।"

"ਤੂੰ ਤਾਂ ਕਦੀ ਪੀਤੀ ਈ ਨਹੀਂ, ਤੈਨੂੰ ਕੀ ਪਤਾ?"

"ਪਾਨ-ਸਿਗਰਟ ਲੇਨੇ ਆਵਤ ਹੈਂ ਨਾ ਜਬ, ਬਹੁਤ ਬੁਰੀ ਬਾਸ ਆਵਤ ਹੈ ਉਨ ਸੇ।"

ਐਵੇਂ ਤੂੰ ਨਾ ਅਬਾ-ਤਬਾ ਬੋਲੀ ਜਾ। ਪੀ ਚਾਹ ਚੁੱਪ ਕਰ ਕੇ। ਕਰ ਲੈ ਐਸ਼ ਤੂੰ ਵੀ। ਹੋਰ ਕੀ ਹੁੰਦੀ ਐ ਐਸ਼? ਐਵੇਂ ਸੋਚਦਾ ਰਹਿੰਦਾ ਐਂ, ਫ਼ਜ਼ੂਲ ਗੱਲਾਂ। ਸਿੱਧੀ ਤਰ੍ਹਾਂ ਆਪਣਾ ਕੰਮ ਕਰਿਆ ਕਰ ਤੇ ਘਰ ਜਾਇਆ ਕਰ। ਕੋਈ ਕੁਝ ਕਰਦਾ ਫਿਰੇ, ਤੈਨੂੰ ਕੀ? ਤੂੰ ਆਪਣਾ ਡੰਗ ਟਪਾ। ਵੇਖ, ਭਈਆ ਵੀ ਤਾਂ ਬੈਠਾ ਹੋਇਐ, ਠੰਢ ਵਿੱਚ। ਕੌਣ ਵਿਹਲਾ ਬੈਠਾ ਹੋਇਐ, ਦੱਸ ਖਾਂ? ਸਾਹਿਬ ਲੋਕ ਵੀ ਕੁਝ ਨਾ ਕੁਝ ਕਰੀ ਈ ਜਾਂਦੇ ਐ, ਨਿਚੱਲੇ ਤਾਂ ਉਹ ਵੀ ਨਹੀਂ ਬੈਠਦੇ।



Downloaded from https:// www.studiestoday.com

Downloaded from https:// www.studiestoday.com

ਕਿੰਨੀ ਲੰਮੀ ਐ, ਇਹ ਸੜਕ ! ਦੋਵੇਂ ਪਾਸੇ ਰੁੱਖ ਕਿਵੇਂ ਖੜੋਤੇ ਹੋਏ ਐ, ਕਤਾਰ ਬੰਨ੍ਹੀ। ਕੋਈ ਟੋਇਆ-ਟਿੱਬਾ ਵੀ ਨਹੀਂ ਕਿਤੇ, ਬਿਲਕੁਲ ਈ ਪੱਧਰੀ ਐ ਸੜਕ। ਹਨੇਰਾ-ਹਨੇਰਾ ਜਿਹਾ ਐ ਚਾਰੇ ਪਾਸੇ। ਖੰਭੇ ਵੀ ਦੂਰ-ਦੂਰ ਲੱਗੇ ਹੋਏ ਐ। ਉਂਜ ਸੁਆਦ ਬੜਾ ਆ ਰਿਹੈ, ਰਿਕਸ਼ਾ ਚਲਾਣ ਦਾ। ਘਰ ਪਹੁੰਚਦੇ ਆਂ ਹੁਣੇ। ਉਹ ਵੀ ਫ਼ਿਕਰ ਕਰਦੀ ਹੋਊ। ਇੱਕ ਵਾਰ ਟੱਕਰ ਹੋ ਗਈ ਸੀ ਕਾਰ ਨਾਲ਼। ਬੇਹੋਸ਼ ਪਿਆ ਰਿਹਾ ਸਾਂ ਮੈਂ ਸੜਕ ਉੱਤੇ, ਕਿੰਨੀ ਈ ਦੇਰ। ਫੇਰ ਪਤਾ ਨਹੀਂ ਕੀਹਦੇ ਮਨ ਵਿੱਚ ਮਿਹਰ ਪਈ, ਉਹ ਮੈਨੂੰ ਹਸਪਤਾਲ ਛੱਡ ਆਇਆ। ਤੜਕਸਾਰ ਮੈਨੂੰ ਹੋਸ਼ ਆਈ। ਘਰ ਕਿਸੇ ਨੂੰ ਪਤਾ ਈ ਨਹੀਂ ਸੀ ਏਸ ਗੱਲ ਦਾ। ਭਲੀ ਲੋਕ ਸਾਰੀ ਰਾਤ ਜਾਗਦੀ ਰਹੀ। ਸਵੇਰੇ ਬੱਚੇ ਵੀ ਰੋਣ ਲੱਗ ਪਏ। ਸ਼ਾਮ ਨੂੰ ਜਾ ਕੇ ਉਹਨੂੰ ਪਤਾ ਲੱਗਾ, ਰੋਂਦੀ ਹੋਈ ਆ ਗਈ ਉਹ, ਕੁੱਛੜ ਵਾਲ਼ੀ ਕੁੜੀ ਨੂੰ ਨਾਲ਼ ਲੈ ਕੇ। ਮੈਂ ਕਿਹਾ,—'ਘਬਰਾ ਨਾ, ਚੰਗੀ ਕਿਸਮਤ ਨੂੰ ਮੈਂ ਬਚ ਗਿਆ।' ਬੜੀ ਤੇਜ਼ ਕਾਰ ਆ ਰਹੀ ਸੀ, ਮੋੜ ਉੱਤੇ। ਮੋੜ ਤੋਂ ਜ਼ਰਾ ਉਰ੍ਹੇ ਕਾਰ ਇਕਦਮ ਮੇਰੇ ਸਾਮ੍ਹਣੇ ਆ ਗਈ। ਮੈਂ ਬੜਾ ਮੋੜਿਆ ਰਿਕਸ਼ੇ ਨੂੰ ਖੱਬੇ ਪਾਸੇ, ਪਰ ਉਹ ਕਾਰ ਤਾਂ ਹੋਣੀ ਬਣ ਕੇ ਆ ਗਈ ਅੱਗੇ। ਮਾਰ ਧੱਕਾ, ਅਹੁ ਸੁੱਟਿਆ ਮੈਨੂੰ। ਡਿਗਦੇ ਦਾ ਤਾਂ ਪਤਾ ਐ ਮੈਨੂੰ, ਫੇਰ ਨਹੀਂ ਪਤਾ ਕਿ ਕੀ ਹੋਇਆ। ਸਵੇਰੇ ਹਸਪਤਾਲ ਵਿੱਚ ਈ ਅੱਖ ਖੁਲ੍ਹੀ। ਗੁੱਝੀਆਂ ਸੱਟਾਂ ਲੱਗੀਆਂ ਸਨ। ਸਿਰ ਪਰਨੇ ਡਿਗਣ ਕਰਕੇ ਬੇਹੋਸ਼ ਹੋ ਗਿਆ ਸਾਂ ਮੈਂ। ਸ਼ੁਕਰ ਐ ਰੱਬ ਦਾ ਕਿ ਬਚ ਗਿਆ, ਨਹੀਂ ਤੇ ਰੁਲ਼ ਜਾਣੇ ਸੀ ਬੀਵੀ-ਬੱਚੇ। ਕਿਨ੍ਹੇ ਪੁੱਛਣਾ ਸੀ ਇਹਨਾਂ ਨੂੰ? ਥਾਂ-ਥਾਂ ਭਟਕਦੇ ਫਿਰਨਾ ਸੀ ਇਹਨਾਂ। ਉਦੋਂ ਦਾ ਉਹਦਾ ਦਿਲ ਬਹੁਤ ਹੀ ਛੋਟਾ ਹੋ ਗਿਆ ਐ। ਬਹੁਤੀ ਦੇਰ ਹੋ ਜਾਏ ਤਾਂ ਘਬਰਾ ਜਾਂਦੀ ਐ। ਰੋਣ ਲੱਗ ਪੈਂਦੀ ਐ, ਐਵੇਂ ਈ। ਕੋਈ ਪੁੱਛੇ, 'ਭਲਾ ਤੂੰ ਘਬਰਾਂਦੀ ਕਿਉਂ ਐਂ?'

ਕੁਝ ਨਹੀਂ ਹੁੰਦਾ ਮੈਨੂੰ। ਐਨੀ ਛੇਤੀ ਨਹੀਂ ਮਰਨ ਲੱਗਾ ਕਿਤੇ। ਹਾਲੀ ਹੱਡ-ਪੈਰ ਕੰਮ ਕਰਦੇ ਐ। ਟੱਕਰਾਂ ਕੋਈ ਰੋਜ਼ ਥੋੜ੍ਹੀ ਲੱਗਦੀਆਂ ਐ। ਚਾਨਸ ਦੀ ਗੱਲ ਐ। ਉਦੋਂ ਪਰ ਦੁਖੀ ਬੜੇ ਹੋਏ ਆਪਾਂ। ਕੋਈ ਨਾ ਬਹੁੜਿਆ ਮਦਦ ਨੂੰ। ਕਿਸੇ ਨੇ ਨਾ ਪੁੱਛੀ ਬਾਤ। ਚੱਲ ਕੀ ਹੋਇਆ ਫੇਰ, ਲੰਘ ਗਈ ਔਖੀ ਘੜੀ। ਕੀ ਕਰਨਾ ਹੋਇਆ ਹਿਰਖ ਕਿਸੇ ਉੱਤੇ? ਸਾਰਿਆਂ ਨੂੰ ਆਪਣੀ-ਆਪਣੀ ਪਈ ਹੋਈ ਐ। ਆਪਾਂ ਵੀ ਕਿਹੜਾ ਸਵਾਰਦੇ ਆਂ, ਕਿਸੇ ਦਾ ਕੁਝ। ਠੀਕ ਐ ਤੇਰੀ ਗੱਲ, ਪਰ ਲੋੜ ਪੈ ਜਾਏ ਤਾਂ ਆਪਾਂ ਪਿੱਛੇ ਵੀ ਤਾਂ ਨਹੀਂ ਹਟਦੇ।

ਯਾਦ ਈ ਨਾ ਉਦੋਂ ਦੀ ਗੱਲ? ਹੋਣਾ ਕੀ ਸੀ। ਮੈਂ ਇੱਕ ਵਾਰ ਜ਼ਨਾਨਾ ਹਸਪਤਾਲ ਦੇ ਬਾਹਰ ਖੜ੍ਹਾ ਸੀ। ਇੱਕ ਜ਼ਨਾਨੀ ਨੂੰ ਲਿਆਏ ਸਟ੍ਰੈੱਚਰ ਉੱਤੇ ਪਾ ਕੇ। ਉਹਦੇ ਨਾਲ਼ ਪੰਜ-ਸੱਤ ਬੰਦੇ ਸਨ ਤੇ ਦੋ-ਤਿੰਨ ਤੀਵੀਂਆਂ। ਉਸ ਜ਼ਨਾਨੀ ਦਾ ਵੱਡਾ ਉਪਰੇਸ਼ਨ ਕਰਨਾ ਪੈਣਾ ਸੀ। ਡਾਕਟਰਾਂ ਨੇ ਖ਼ੂਨ ਲਈ ਕਿਹਾ। ਉਹਨਾਂ ਬੰਦਿਆਂ 'ਚੋਂ ਕੋਈ ਨਾ ਅੱਗੇ ਆਇਆ। ਬੱਸ ਏਹੋ ਕਹੀ ਜਾਣ—'ਪੈਸੇ ਜਿੰਨੇ ਮਰਜ਼ੀ ਐ ਲੈ ਲਵੋ, ਖ਼ੂਨ ਨਹੀਂ ਅਸੀਂ ਦੇਣ ਜੋਗੇ।' ਚੰਗੇ ਹੱਟੇ-ਕੱਟੇ ਸਨ ਸਾਰੇ ਈ। ਨੋਟਾਂ ਦੀ ਥੱਬੀ ਹੱਥਾਂ ਵਿੱਚ ਫੜੀ ਖੜ੍ਹਾ ਸੀ, ਇੱਕ ਜਣਾ। ਡਾਕਟਰਾਂ ਨੇ ਸਿਰ ਹਿਲਾ ਦਿੱਤਾ। ਖ਼ੂਨ ਦੀ ਲੋੜ ਏ,



Downloaded from https:// www.studiestoday.com

Downloaded from https:// www.studiestoday.com

ਪੈਸੇ ਨਹੀਂ ਚਾਹੀਦੇ। ਫੇਰ ਦੋ-ਤਿੰਨ ਬੰਦੇ ਏਧਰ ਨੂੰ ਆਏ, ਜਿੱਥੇ ਦੋ-ਤਿੰਨ ਰਿਕਸ਼ੇ ਖੜ੍ਹੇ ਸਨ। ਇੱਕ ਜਣਾ ਤਾਂ ਖ਼ੂਨ ਦੇਣ ਦਾ ਨਾਂ ਸੁਣ ਕੇ ਈ ਖਿਸਕ ਗਿਆ। ਦੂਸਰਾ ਜਣਾ ਬੁੱਢਾ ਸੀ, ਬਹੁਤਾ ਈ। ਮੈਨੂੰ ਉਹ ਸੌ ਰੁਪਏ ਦਾ ਨੋਟ ਫੜਾਈ ਜਾਣ। ਮੈਂ ਕਿਹਾ, 'ਇਹ ਕੰਮ ਨਹੀਂ ਜੇ ਹੋਣਾ। ਖ਼ੂਨ ਵੇਚਣਾ ਨਹੀਂ ਮੈਂ। ਉਂਜ ਜੇ ਕਵ੍ਹੋਂ ਤਾਂ ਮੈਂ ਦੇ ਦੇਂਦਾ ਆਂ, ਜਿੰਨਾ ਚਾਹੋ। ਬੰਦਾ, ਬੰਦੇ ਦਾ ਦਾਰੂ ਨਾ ਹੋਊ ਤਾਂ ਹੋਰ ਕੌਣ ਹੋਊ।' ਉਸ ਜ਼ਨਾਨੀ ਦੀਆਂ ਚੀਕਾਂ ਨਹੀਂ ਸਨ ਸੁਣੀਆਂ ਜਾਂਦੀਆਂ, ਮੇਰੇ ਤੋਂ। ਉਹਨੂੰ ਜਦੋਂ ਅੰਦਰ ਲਿਜਾ ਰਹੇ ਸਨ, ਤਾਂ ਉਸ ਦੀਆਂ ਅੱਖਾਂ ਵਿੱਚ ਕਿੰਨਾ ਦੁੱਖ ਸੀ। ਮੇਰੇ ਅੰਦਰ ਪਤਾ ਨਹੀਂ ਕੀ ਹੋਇਆ। ਅੱਗੇ ਹੋ ਕੇ ਮੈਂ ਕਿਹਾ— 'ਟੈੱਸਟ ਕਰਵਾ ਲਓ ਮੇਰਾ ਖ਼ੂਨ।' ਪਰ ਟੈੱਸਟ ਕਰਨ ਦੀ ਲੋੜ ਨਹੀਂ ਸੀ। ਖ਼ੂਨ ਤਾਂ ਉਹਨਾਂ ਡਾਕਟਰਾਂ ਨੇ ਆਪਣੇ ਕੋਲ਼ੋਂ ਈ ਲਾਉਣਾ ਸੀ ਪਰ ਖ਼ੂਨ ਦੇ ਬਦਲੇ ਖ਼ੂਨ ਮੰਗਦੇ ਸਨ ਉਹ, ਪੈਸੇ ਨਹੀਂ ਸਨ ਲੈਂਦੇ।

ਮੈਨੂੰ ਲੈ ਗਏ ਉਹ ਇੱਕ ਕਮਰੇ ਵਿੱਚ ਤੇ ਲਿਟਾ ਦਿੱਤਾ ਇੱਕ ਤਖ਼ਤੇ ਉੱਤੇ। ਮੇਰੀ ਬਾਂਹ ਉੱਤੇ ਕੁਝ ਬੰਨ੍ਹ ਕੇ ਸੂਈ ਖੁਭੋ ਦਿੱਤੀ। ਨਾਲ਼ੀ ਵਿੱਚੋਂ ਲਾਲ-ਲਾਲ ਖ਼ੂਨ ਪਰੇ ਪਈ ਹੋਈ ਬੋਤਲ ਵਿੱਚ ਜਾਣ ਲੱਗ ਪਿਆ। ਮੈਂ ਅੱਖਾਂ ਬੰਦ ਕਰ ਲਈਆਂ। ਕੁਝ ਚਿਰ ਪਿੱਛੋਂ ਮੇਰੀ ਬਾਂਹ ਵਿੱਚੋਂ ਸੂਈ ਕੱਢ ਦਿੱਤੀ ਉਹਨਾਂ ਤੇ ਪੱਟੀ ਖੋਲ੍ਹ ਦਿੱਤੀ। ਫੇਰ ਮੈਂ ਉੱਠ ਕੇ ਬੈਠ ਗਿਆ। ਉਹਨਾਂ ਵਿੱਚੋਂ ਇੱਕ ਬੰਦਾ ਦੁੱਧ ਦਾ ਵੱਡਾ ਗਲਾਸ ਲਈ ਖੜ੍ਹਾ ਸੀ। ਦੁੱਧ ਮੈਂ ਹੌਲ਼ੀ-ਹੌਲ਼ੀ ਪੀਣ ਲੱਗ ਪਿਆ। ਉੱਥੇ ਲੇਟੇ-ਲੇਟੇ ਮੈਨੂੰ ਖ਼ਿਆਲ ਆਇਆ ਕਿ ਹੁਣ ਮੈਂ ਤਿੰਨ-ਚਾਰ ਦਿਨ ਕੰਮ ਨਹੀਂ ਕਰ ਸਕਾਂਗਾ। ਘਰ ਦਾ ਕੰਮ ਕਿਵੇਂ ਚੱਲੇਗਾ? ਰੁਪਏ ਲੈ ਲੈਣੇ ਈ ਠੀਕ ਸਨ। ਫੇਰ ਮੈਨੂੰ ਖ਼ਿਆਲ ਆਇਆ ਕਿ ਜੇ ਰੁਪਏ ਲੈ ਲਏ ਤਾਂ ਸੇਵਾ ਕਾਹਦੀ? ਬੰਦੇ ਦਾ ਬੰਦਾ ਦਾਰੂ ਹੁੰਦਾ ਐ। ਪਰ ਘਰ ਦਾ ਗੁਜ਼ਾਰਾ ਤਾਂ ਚੱਲਣਾ ਚਾਹੀਦਾ ਐ। ਚੰਗਾ, ਜੇ ਉਹ ਫੇਰ ਕਹਿਣਗੇ ਤਾਂ ਮੈਂ ਕਹਿ ਦਿਆਂਗਾ— 'ਥੋੜ੍ਹੇ ਦੇ ਦਿਓ, ਐਨੇ ਨਹੀਂ। ਆਪਾਂ ਕਮਾਈ ਨਹੀਂ ਕਰਨੀ, ਬੱਸ ਗੁਜ਼ਾਰੇ ਜੋਗੇ।'

ਦੁੱਧ ਪੀਣ ਤੋਂ ਪਿੱਛੋਂ ਮੈਂ ਤਖ਼ਤੇ ਤੋਂ ਥੱਲੇ ਉੱਤਰਿਆ, ਜੁੱਤੀ ਪਾਈ ਤੇ ਬਾਹਰ ਆ ਗਿਆ। ਉਹ ਸਾਰੇ ਜਣੇ ਉਪਰੇਸ਼ਨ ਵਾਲ਼ੇ ਕਮਰੇ ਕੋਲ਼ ਖੜ੍ਹੇ ਸਨ। ਮੈਂ ਉਹਨਾਂ ਨੂੰ ਵੇਖ ਲਿਆ ਸੀ ਪਰ ਉਹ ਮੇਰੇ ਵੱਲ ਨਹੀਂ ਸਨ ਵੇਖ ਰਹੇ। ਮੈਂ ਪੱਜੀਂ-ਪੱਜੀਂ ਉਹਨਾਂ ਦੇ ਕੋਲ਼ ਚਲਿਆ ਗਿਆ। ਓਨੇ ਚਿਰ ਵਿੱਚ ਇੱਕ ਨਰਸ ਅੰਦਰੋਂ ਨਿਕਲ਼ੀ ਤੇ ਕਹਿਣ ਲੱਗੀ— 'ਮੁਬਾਰਕਾਂ, ਲੜਕਾ ਹੋਇਆ ਐ।' ਉਹ ਸਾਰੇ ਖ਼ੁਸ਼ ਹੋ ਗਏ, ਮੈਂ ਵੀ ਖ਼ੁਸ਼ ਹੋ ਗਿਆ। 'ਚੰਗਾ ਜੀ, ਮੇਰੇ ਵੱਲੋਂ ਵੀ ਵਧਾਈ ਤੁਹਾਨੂੰ'— ਮੈਂ ਹੱਥ ਜੋੜਦੇ ਹੋਏ ਕਿਹਾ। ਉਹਨਾਂ ਵਿੱਚੋਂ ਇੱਕ ਜਣਾ ਮੂੰਹ ਵਿੱਚ ਕੁਝ ਬੋਲਿਆ, ਬਾਕੀ ਦੇ ਏਧਰ-ਉੱਧਰ ਝਾਕਣ ਲੱਗ ਪਏ। ਮੈਂ ਉੱਥੋਂ ਮੁੜ ਆਇਆ। ਅੰਦਰੋਂ ਮੈਂ ਖ਼ੁਸ਼ ਸਾਂ ਕਿ ਮੈਂ ਕਿਸੇ ਦੀ ਸੇਵਾ ਕਰ ਸਕਿਆ ਸਾਂ। ਰਿਕਸ਼ੇ ਦੇ ਕੋਲ਼ ਆ ਕੇ ਮੈਨੂੰ ਚੱਕਰ ਜਿਹਾ ਆ ਗਿਆ। ਮੈਂ ਪਿਛਲੀ ਸੀਟ ਉੱਤੇ ਬੈਠ ਗਿਆ। ਕਈ ਜਣੇ ਪੁੱਛਣ ਆਏ ਚੱਲਣ ਲਈ, ਪਰ ਮੈਂ ਸਿਰ ਹਿਲਾ ਕੇ ਸਭ ਨੂੰ ਜਵਾਬ ਦੇ ਦਿੱਤਾ।



Downloaded from https:// www.studiestoday.com

Downloaded from https:// www.studiestoday.com

ਅਖੀਰ ਮੈਂ ਚੱਲ ਪਿਆ ਘਰ ਨੂੰ, ਹੌਲ਼ੀ-ਹੌਲ਼ੀ। ਘਰ ਪਹੁੰਚਿਆ ਤਾਂ ਮੈਨੂੰ ਵੇਖ ਕੇ ਤਾਰੋ ਬਹੁਤ ਘਬਰਾ ਗਈ। ਮੈਂ ਉਸ ਨੂੰ ਹੌਸਲਾ ਦਿੱਤਾ। ਰੋਟੀ ਖਾ ਕੇ ਮੈਂ ਸੌਂ ਗਿਆ। ਫੇਰ ਉੱਠ, ਚਾਹ ਪੀ ਕੇ ਮੈਂ ਕੁਝ ਦੇਰ ਗੱਲਾਂ ਕਰਦਾ ਰਿਹਾ। ਜਦੋਂ ਮੈਂ ਸਾਰੀ ਗੱਲ ਦੱਸੀ ਤਾਰੋ ਨੂੰ, ਤਾਂ ਉਹ ਕਹਿਣ ਲੱਗੀ— 'ਦਿੱਤਾ ਕੀ ਐ, ਉਹਨਾਂ?' ਮੈਂ ਦੱਸ ਦਿੱਤਾ ਕਿ ਮੈਂ ਕੁਝ ਨਹੀਂ ਲੀਤਾ, ਉਹਨਾਂ ਕੋਲ਼ੋਂ। ਪਹਿਲਾਂ ਤਾਂ ਉਹ ਮੇਰੇ ਵੱਲ ਤੱਕਦੀ ਰਹੀ, ਜਿਵੇਂ ਮੇਰੀ ਗੱਲ ਉੱਤੇ ਯਕੀਨ ਨਾ ਆ ਰਿਹਾ ਹੋਵੇ, ਉਸ ਨੂੰ। ਫੇਰ ਉਹ ਚੁੰਨੀ ਵਿੱਚ ਮੂੰਹ ਦੇ ਕੇ ਰੋਣ ਲੱਗ ਪਈ। ਮੇਰੇ ਅੰਦਰ ਜਿਵੇਂ ਭੱਠੀ ਬਲ਼ ਰਹੀ ਹੋਵੇ। ਮੇਰੀਆਂ ਪੁੜਪੁੜੀਆਂ ਭਖਣ ਲੱਗ ਪਈਆਂ। ਹੱਥਾਂ-ਪੈਰਾਂ ਵਿੱਚੋਂ ਸੇਕ ਨਿਕਲਣ ਲੱਗ ਪਿਆ। ਉਹ ਮੈਨੂੰ ਭਾਵੇਂ ਜੋ ਮਰਜ਼ੀ ਐ, ਕਹਿ ਲੈਂਦੀ ਪਰ ਰੋਣ ਦਾ ਕੀ ਕੰਮ? ਮੇਰਾ ਅੰਦਰ ਸੜ ਗਿਆ। ਉਸ ਦਿਨ ਤਾਂ ਮੈਂ ਘਰ ਈ ਰਿਹਾ ਪਰ ਅਗਲੇ ਦਿਨ ਸਵੇਰੇ ਛੇ ਵਜੇ ਮੈਂ ਸਟੇਸ਼ਨ ਉੱਤੇ ਪੁੱਜ ਗਿਆ, ਰੋਜ਼ ਵਾਂਗੂੰ। ਉਸ ਦਿਨ ਮੈਨੂੰ ਸਵਾਰੀ ਵੀ ਮਿਲ਼ੀ ਦੂਰ ਦੀ, ਤੇ ਬਹੁਤੇ ਸਮਾਨ ਵਾਲ਼ੀ। ਰਿੜ੍ਹ ਪਿਆ ਕੰਮ ਦੁਬਾਰਾ। ਆ ਗਈ ਹੌਲ਼ੀ-ਹੌਲ਼ੀ ਤਾਕਤ। ਆਪਾਂ ਨਹੀਂ ਕਦੇ ਕੀਤਾ ਹਿਰਖ ਏਸ ਗੱਲ ਦਾ। ਤਾਰੋ ਕਦੀ-ਕਦੀ ਛੇੜਨ ਲੱਗ ਪੈਂਦੀ ਐ— 'ਹੁਣ ਨਹੀਂ ਕਦੇ ਖ਼ੂਨ ਦੇਣਾ ਕਿਸੇ ਸ਼ਹਿਰਨ ਨੂੰ?'

ਛੱਡ, ਬੰਤਿਆ, ਪੁਰਾਣੀਆਂ ਗੱਲਾਂ। ਕੀ ਪਿਐ ਇਹਨਾਂ ਗੱਲਾਂ ਵਿੱਚ। ਹੁਣ ਤੂੰ ਚੱਲ ਐਧਰ ਦੀ। ਸਿੱਧੀ ਘਰ ਨੂੰ ਜਾਂਦੀ ਐ, ਇਹ ਸੜਕ। ਸਿੱਧੀ ਤਾਂ ਨਹੀਂ, ਦੋ-ਤਿੰਨ ਮੋੜ ਕੱਟਣੇ ਈ ਪੈਂਦੇ ਐ, ਪਰ ਪੈਂਦੀ ਏਹੀ ਹੈ ਨੇੜੇ। ਇਹ ਕੌਣ ਖੜ੍ਹਾ ਐ, ਸੜਕ ਵਿੱਚ? ਇਹਦੇ ਹੱਥ ਵਿੱਚ ਤਾਂ ਬੋਤਲ ਫੜੀ ਹੋਈ ਐ, ਸ਼ਰਾਬ ਦੀ। ਚੁੱਪ ਕਰ ਕੇ ਲੰਘ ਇਹਦੇ ਕੋਲ਼ ਦੀ। ਐਹੋ-ਜਿਹੇ ਬੰਦੇ ਜੇ ਗਲ਼ ਪੈ ਜਾਣ ਤਾਂ ਖਹਿੜਾ ਈ ਨਹੀਂ ਛੱਡਦੇ, ਥੋੜ੍ਹੇ ਕੀਤਿਆਂ। ਇਹਨਾਂ ਕੋਲ਼ੋਂ ਦੂਰ ਰਹਿਣਾ ਈ ਚੰਗਾ। ਕਿਵੇਂ ਵੇਖ ਰਿਹਾ ਐ, ਘੂਰ-ਘੂਰ ਕੇ? ਤੂੰ ਆਪ ਵੀ ਤਾਂ ਹੌਲ਼ੀ ਕਰ ਲਈ ਐ, ਰਿਕਸ਼ਾ—

"ਗੱਲ ਸੁਣ ਉਏ, ਏਧਰ ਆ।"

"ਦੱਸੋ ਜੀ, ਕੀ ਗੱਲ ਐ?"

"ਤੂੰ ਸਾਨੂੰ ਗੱਲ ਪੁੱਛਦੈਂ, ਤੂੰ ਜਾਣਦਾ ਨਹੀਂ ਅਸੀਂ ਕੌਣ ਆਂ?"

"ਵੱਡੇ ਆਦਮੀ ਓ ਜੀ, ਤੁਸੀਂ."।

"ਮੈਂ ਕੋਈ ਮਾਮੂਲੀ ਆਦਮੀ ਨਹੀਂ, ਇੰਸਪੈਕਟਰ ਆਂ ਵੱਡਾ।"

"ਚੰਗਾ ਜੀ...!"

"ਤੇ ਮੈਨੂੰ ਬਿਠਾਲ਼ ਰਿਕਸ਼ਾ ਵਿੱਚ।"

"ਬੈਠ ਜਾਓ ਜੀ..."

" 'ਬੈਠ ਜਾਓ' ਦਿਆ ਪੁੱਤਰਾ— ਬਾਂਹ ਫੜ ਕੇ ਬਿਠਾਲ਼।"

"ਲਓ ਬੈਠ ਜਾਓ, ਗੁੱਸੇ ਕਿਉਂ ਹੁੰਦੇ ਓ, ਐਵੇਂ?"



Downloaded from https:// www.studiestoday.com

Downloaded from https:// www.studiestoday.com

"ਬਹੁਤਾ ਚਬੜ-ਚਬੜ ਨਾ ਕਰ, ਸਿੱਧੀ ਤਰ੍ਹਾਂ ਚਲਾ ਰਿਕਸ਼ਾ।"

"ਜਾਣਾ ਕਿੱਥੇ ਐ?"

"ਕਿਤੇ ਵੀ ਜਾਣਾ ਹੋਏ, ਤੂੰ ਚਲਾ ਰਿਕਸ਼ਾ।"

ਅਜੀਬ ਬੰਦਾ ਐ, ਇਹ ਵੀ। ਮੈਂ ਸੋਚਿਆ, ਕੀ ਬਹੁਤਾ ਖਹਿਬੜਨਾ ਹੈ, ਇਸ ਨਾਲ਼। ਮੈਂ ਚੱਲ ਪਿਆ ਹੌਲ਼ੀ-ਹੌਲ਼ੀ। ਅੱਗੇ ਰੇਲ ਦਾ ਪੁਲ਼ ਸੀ। ਮੈਂ ਉੱਤਰ ਕੇ ਰਿਕਸ਼ਾ ਖਿੱਚਣ ਲੱਗ ਪਿਆ। ਉਹ ਬੋਤਲ ਵਿੱਚੋਂ ਘੁੱਟ ਭਰ ਲੈਂਦਾ ਸੀ ਕਦੀ-ਕਦੀ। ਸ਼ਰਾਬ ਉਹਦੇ ਕੱਪੜਿਆਂ ਉੱਤੇ ਰੁੜ੍ਹ ਰਹੀ ਸੀ ਪਰ ਉਹਨੂੰ ਸੁਰਤ ਨਹੀਂ ਸੀ ਆਪਣੀ। ਉਹਦੀ ਪੱਗ ਵੀ ਢਿੱਲੀ ਹੋਈ-ਹੋਈ ਸੀ— ਹੁਣੇ ਲੱਥੀ ਕਿ ਲੱਥੀ। ਪੁਲ਼ ਉੱਤੇ ਪਹੁੰਚ ਕੇ ਮੈਂ ਰਿਕਸ਼ਾ 'ਤੇ ਚੜ੍ਹਨ ਲੱਗਾ ਈ ਸੀ ਕਿ ਉਹ ਚੀਕਣ ਲੱਗ ਪਿਆ...

"ਏਧਰ ਕਿੱਧਰ ਲੈ ਆਇਆ ਏਂ, ਤੂੰ?"

"ਤੁਸੀਂ ਆਪ ਈ ਤਾਂ ਕਿਹਾ ਸੀ— ਚੱਲਦਾ ਚੱਲ..."

"ਉਏ ਮੈਂ ਤਾਂ ਜਾਣਾ ਏ, ਮਾਡਲ ਟਾਊਨ।"

"ਤੁਸੀਂ ਪਹਿਲਾਂ ਈ ਕਹਿ ਦੇਂਦੇ..."

"ਚੁੱਪ ਕਰ ਜਾ, ਐਵੇਂ ਨਾ ਬੋਲੀ ਜਾ..."

ਮੈਂ ਚੁੱਪ ਕਰ ਗਿਆ। ਕੋਈ ਹੋਰ ਵੇਲ਼ਾ ਹੁੰਦਾ ਤਾਂ ਮੈਂ ਵੀ ਦੋ-ਚਾਰ ਸੁਣਾ ਦੇਣੀਆਂ ਸਨ। ਏਸ ਤਰ੍ਹਾਂ ਦੇ ਬੰਦੇ ਨੂੰ ਕੋਈ ਕਵ੍ਹੇ ਵੀ ਤਾਂ ਕੀ? ਆਪਣੀ ਤਾਂ ਹੋਸ਼ ਨਹੀਂ ਏਸ ਨੂੰ। ਪੱਗ ਲੱਥ ਕੇ ਗਲ਼ ਵਿੱਚ ਪੈਣ ਵਾਲੀ ਐ। ਅੱਖਾਂ ਕਿਵੇਂ ਬੰਦ ਕੀਤੀਆਂ ਹੋਈਆਂ ਸੂ। ਬ੍ਰੇਕਾਂ ਮਾਰਾਂ ਨਾ ਜ਼ਰਾ, ਤਾਂ ਅਹੁ ਪਵੇ ਜਾ ਕੇ ਮੂਧੜੇ-ਮੂੰਹ, ਵੱਡਾ ਇੰਸਪੈਕਟਰ ਬਣਦਾ ਫਿਰਦੈ। ਕਈ ਵੇਖੇ ਨੇ ਇਹੋ-ਜਿਹੇ—

"ਉਏ ਰੋਕ ਏਥੇ..."

"ਕੀ ਗੱਲ ਐ..."

"ਪੇਸ਼ਾਬ ਕਰਨਾ ਏ, ਹੋਰ ਕੀ ਗੱਲ ਐ?"

"ਲਓ, ਕਰ ਲਵੋ ਉੱਤਰ ਕੇ।"

"ਉਏ ਉਤਾਰ ਥੱਲੇ..."

"ਲਓ, ਐਥੇ ਕਰ ਲਵੋ..."

"ਤੂੰ ਕਿੱਥੇ ਚੱਲਿਆਂ ਏਂ?"

"ਐਥੇ ਖੜ੍ਹਾ ਵਾਂ ਮੈਂ, ਜਾਣਾ ਕਿੱਥੇ ਐ?"

"ਤੂੰ ਮੇਰੇ ਕੋਲ਼ ਖਲੋ..."

ਪਤਾ ਲੱਗ ਗਿਆ ਐ ਇੱਕ ਵਾਰ। ਕੀ ਵਾਰ-ਵਾਰ ਦੱਸੀ ਜਾਂਦਾ ਐ ਇੱਕੋ ਗੱਲ? ਬਾਜ਼ੇ ਬੰਦੇ ਵੀ ਲੇਂਝ ਹੁੰਦੇ ਐ। ਇੱਕ ਵਾਰ ਮਗਰ ਪੈ ਜਾਣ ਤਾਂ ਖਹਿੜਾ ਈ ਨਹੀਂ ਛੱਡਦੇ। 'ਤੂੰ ਕੌਣ?— ਮੈਂ



Downloaded from https:// www.studiestoday.com

Downloaded from https:// www.studiestoday.com

ਖ਼ਾਹ-ਮਖ਼ਾਹ'— ਹੋਰ ਕੀ? ਐਵੇਂ ਰੋਹਬ ਈ ਪਾਈ ਜਾਣਗੇ ਗੱਲ-ਗੱਲ 'ਤੇ-

"ਉਂਜ ਬੰਦਾ ਤੂੰ ਮਾੜਾ ਨਹੀਂ...।"

"ਨਹੀਂ ਜੀ..."

"ਉਸ ਨੇ ਮੈਨੂੰ ਧੋਖਾ ਦਿੱਤਾ ਏ।"

"ਕਿਨ੍ਹੇ ਜੀ...?"

"ਉਸੇ, ਕਾਰਖ਼ਾਨੇ ਵਾਲ਼ੇ ਨੇ..."

"ਕੀ ਗੱਲ ਹੋਈ ਐ, ਜੀ...?"

"ਪੰਜ ਸੌ ਕਹਿ ਕੇ ਤਿੰਨ ਸੌ ਦਿੱਤੇ ਐ।"

"ਇਹ ਤਾਂ ਬੜੀ ਮਾੜੀ ਗੱਲ ਐ...!"

"ਫ਼ਿਕਰ ਨਾ ਕਰ, ਮੈਂ ਸਿੱਧਾ ਕਰ ਦਿਆਂਗਾ।"

"ਊਂ ਤਾਂ ਤਿੰਨ ਸੌ ਈ ਬੜੇ ਐ...।"

"ਉਏ, ਤੂੰ ਕਿਉਂ ਪੁੱਛਦਾ ਏਂ, ਇਹ ਗੱਲਾਂ?"

"ਮੈਂ ਕਦੋਂ ਪੁੱਛਦਾ ਆਂ, ਜੀ..."

"ਚੁੱਪ ਕਰ ਕੇ ਚਲਾਈ ਜਾ ਰਿਕਸ਼ਾ..."

"ਚੰਗਾ ਜੀ।"

ਮੈਨੂੰ ਬਹੁਤ ਗੁੱਸਾ ਆ ਗਿਆ। ਮੈਂ ਕਦੀ ਕਿਸੇ ਦੀ ਈਨ ਨਹੀਂ ਮੰਨੀ। ਜੇ ਆਪਾਂ ਏਸ ਤਰ੍ਹਾਂ ਦੀਆਂ ਗੱਲਾਂ ਈ ਸੁਣਨੀਆਂ ਸਨ ਤਾਂ ਆਪਾਂ ਹੋਰ ਨਾ ਕੋਈ ਕੰਮ ਕਰ ਲੈਂਦੇ, ਗ਼ੁਲਾਮੀ ਵਾਲ਼ਾ? ਪਿੰਡ ਈ ਰਹੀ ਜਾਂਦੇ। ਕਦੀ-ਕਦੀ ਸਰਦਾਰਾਂ ਦੀਆਂ ਘੁਰਕੀਆਂ ਸਹਾਰ ਲੈਂਦੇ ਤੇ ਮੌਜਾਂ ਕਰੀ ਜਾਂਦੇ। ਮੌਜਾਂ ਤਾਂ ਕੀ ਕਰਨੀਆਂ ਸੀ, ਬੱਸ ਡੰਗ ਟਪਾਈ ਜਾਂਦੇ। ਏਸੇ ਪਿੱਛੇ ਤਾਂ ਆਪਣਾ ਕੰਮ ਕੀਤਾ ਐ ਕਿ ਕਿਸੇ ਦਾ ਦਬਾਅ ਨਹੀਂ ਝੱਲਣਾ। ਕਿਸੇ ਨੂੰ ਵਾਧੂ ਕੁਝ ਕਹਿਣਾ ਨਹੀਂ ਤੇ ਕਿਸੇ ਕੋਲ਼ੋਂ ਵਾਧੂ ਕੁਝ ਸੁਣਨਾ ਨਹੀਂ।

"ਉੱਤਰ ਜਾਵੋ ਜੀ, ਸਰਦਾਰ ਜੀ!"

"ਇਹ ਤਾਂ ਨਹੀ ਉਹ ਗਲ਼ੀ।"

"ਭਾਵੇਂ ਕੋਈ ਹੋਵੇ, ਤੁਸੀਂ ਉੱਤਰ ਜਾਓ, ਹੁਣ।"

"ਚਲ ਖਾਂ ਅੱਗੇ ਹੋਰ, ਥੋੜ੍ਹਾ ਜਿਹਾ..."

"ਨਹੀਂ, ਉੱਤਰ ਜਾਓ, ਮਖ..."

"ਵੀਰ ਮੇਰਿਆ, ਗੁੱਸਾ ਨਹੀਂ ਕਰੀਦਾ- ਅਹਿ ਲੈ ਫੜ, ਤੂੰ ਵੀ ਪੀ ਘੁੱਟ।"

"ਮੈਂ ਨਹੀਂ ਪੀਂਦਾ ਹੁੰਦਾ..."



Downloaded from https:// www.studiestoday.com

Downloaded from https:// www.studiestoday.com

"ਅੱਜ ਤਾਂ ਜ਼ਰੂਰ ਪੀ, ਅੱਜ ਨਵਾਂ ਸਾਲ ਚੜ੍ਹਿਆ ਏ।"

"ਚੜ੍ਹਿਆ ਹੋਏਗਾ, ਮੈਨੂੰ ਕੀ...?"

"ਉਏ ਸਾਰਿਆਂ ਲਈ ਚੜ੍ਹਿਆ ਏ—ਲੈ ਫੜ, ਪੀ ਲੈ ਡੀਕ ਲਾ ਕੇ।"

ਉਹਨੇ ਬਦੋ-ਬਦੀ ਮੇਰੇ ਮੂੰਹ ਨੂੰ ਲਾ ਦਿੱਤੀ। ਜਦੋਂ ਦਾ ਉਹਨੇ 'ਵੀਰ ਮੇਰਿਆ' ਕਿਹਾ ਸੀ, ਮੇਰਾ ਗੁੱਸਾ ਘਟ ਗਿਆ ਸੀ। ਪਹਿਲਾਂ ਕਦੀ-ਕਦੀ ਪੀ ਲਈਦੀ ਸੀ, ਪਰ ਹੁਣ ਤਾਂ ਚਿਰ ਹੋ ਗਿਆ ਐ, ਹੱਥ ਲਾਇਆਂ। ਆਪਣੇ ਸਾਲ਼ੇ ਦੇ ਮੁੰਡੇ ਦੇ ਮੰਗਣੇ 'ਤੇ ਪੀਤੀ ਸੀ, ਪਰੂੰ। ਫੇਰ ਨਹੀਂ ਪੀਤੀ। ਇੱਕ ਵਾਰੀ ਬਹੁਤ ਹੀ ਭਿੱਜ ਗਿਆ ਸੀ ਮੈਂ, ਮੀਂਹ ਵਿੱਚ। ਘਰ ਮੁੜਦਾ ਹੋਇਆ ਇੱਕ ਪਊਆ ਲੈ ਗਿਆ ਮੈਂ। ਵੇਖਦਿਆਂ ਸਾਰ ਹੀ ਤਾਰੋ ਚੀਕਣ ਲੱਗ ਪਈ- ਅਖੇ ਘਰ ਵਿੱਚ ਤਾਂ ਟੁੱਕਰ ਨਹੀਂ ਖਾਣ ਨੂੰ ਤੇ ਇਹ ਬੋਤਲਾਂ ਪੀਂਦਾ ਫਿਰਦਾ ਐ। ਚੁੱਪ ਕਰ ਕੇ ਰੱਖ ਦਿੱਤੀ ਮੈਂ, ਪਰੇ। ਸਵੇਰੇ ਉਹ ਪਊਆ ਮੈਂ ਉਸੇ ਦੁਕਾਨ ਉੱਤੇ ਵਾਪਸ ਕਰ ਦਿੱਤਾ। ਚਾਰ ਆਨੇ ਕੱਟ ਲਏ, ਉਸ ਨੇ। ਆਪਾਂ ਤਾਂ ਉਸ ਦੀ ਵਾਸ਼ਨਾ ਵੀ ਨਹੀਂ ਸੀ ਲੀਤੀ, ਤੇ ਉਸ ਨੇ ਚਾਰ ਆਨੇ ਕੱਟ ਲਏ ਸੀ। ਚੱਲ ਹੋਊ, ਉਹਦਾ ਬਣ ਜਾਏ ਕੁਝ—

"ਰੱਖ ਆਪਣੇ ਕੋਲ਼ ਈ ਸਾਰੀ।"

"ਇਹ ਤਾਂ ਦੋ-ਤਿੰਨ ਛਟਾਂਕਾਂ ਪਈ ਐ ਹਾਲੀ।"

"ਫੇਰ ਕੀ ਹੋਇਆ, ਰੱਖ ਲੈ ਆਪਣੇ ਕੋਲ਼।"

"ਨਹੀਂ ਜੀ— ਤੁਸੀਂ ਪੀ ਲਵੋ ਇਹ।"

"ਮੈਂ ਨਹੀਂ ਪੀਣੀ ਹੋਰ,... ਮੈਂ ਨਹੀਂ ਪੀਣੀ ਹੋਰ... ਸਜਨਵਾ, ਮੈਂ ਨਹੀਂ ਪੀਣੀ ਹੋਰ...।"

ਮੇਰਾ ਹਾਸਾ ਨਿਕਲ਼ ਗਿਆ। ਉਹ ਹੱਥ ਉਤਾਂਹ ਚੱਕ ਕੇ, ਦੂਸਰਾ ਲੱਕ ਉੱਤੇ ਰੱਖ ਕੇ ਨੱਚਣ ਲੱਗ ਪਿਆ। ਉਹ ਰਿਕਸ਼ਾ ਤੋਂ ਥੋੜ੍ਹੀ ਦੂਰ ਤੀਕ ਨੱਚਦਾ ਹੋਇਆ ਚਲਿਆ ਗਿਆ। ਮੈਂ ਉੱਥੇ ਈ ਬੈਠਾ ਉਸ ਵੱਲ ਵੇਖ ਕੇ ਹੱਸਦਾ ਰਿਹਾ। ਸ਼ਰਾਬ ਮੇਰੇ ਸਿਰ ਨੂੰ ਚੜ੍ਹਦੀ ਜਾ ਰਹੀ ਸੀ। ਮੇਰੀਆਂ ਆਂਦਰਾਂ ਵਿੱਚ ਅੱਗ ਜਿਹੀ ਲੱਗ ਗਈ ਸੀ। ਮੈਂ ਬੋਤਲ ਵਗਾਹ ਮਾਰੀ। ਫੇਰ ਮੈਨੂੰ ਅਫ਼ਸੋਸ ਹੋਣ ਲੱਗਾ, ਬੋਤਲ ਤੋੜਨ ਦਾ। ਕਿਸੇ ਕੰਮ ਈ ਆ ਜਾਂਦੀ। ਚੱਲ ਕਿਸ ਕੰਮ ਆਉਣੀ ਸੀ, ਮਿੱਟੀ ਦਾ ਤੇਲ ਤਾਂ ਉਂਜ ਹੀ ਨਹੀਂ ਮਿਲ਼ਦਾ। ਜੇ ਮਿਲ਼ੇ ਵੀ ਤੇ ਆਪਾਂ ਇੱਕ ਬੋਤਲ ਈ ਲਿਆਉਣੀ ਹੁੰਦੀ ਐ। ਉਹਦੇ ਲਈ ਤਾਂ ਅੱਗੇ ਈ ਲੱਗੀ ਹੋਈ ਐ ਇੱਕ ਬੋਤਲ। ਫੇਰ ਕੀ ਕਰਨੀ ਸੀ ਹੋਰ, ਚੰਗਾ ਹੋਇਆ ਜੋ ਟੁੱਟ ਗਈ—

"ਬੈਠੋ ਜੀ, ਸਰਦਾਰ ਜੀ, ਚੱਲੀਏ ਹੁਣ।"

"ਚੱਲੀਏ?"

"ਹਾਂ ਜੀ...।"

"ਚੱਲ ਫੇਰ ਮਾਡਲ ਟਾਊਨ...।"

"ਉਥੇ ਤਾਂ ਅੱਪੜ ਗਏ ਆਂ...।"



Downloaded from https:// www.studiestoday.com

Downloaded from https:// www.studiestoday.com

ਉਹ ਰਿਕਸ਼ੇ ਤੋਂ ਉੱਤਰਿਆ ਤੇ ਸਾਹਮਣੇ ਘਰ ਦਾ ਬਾਹਰਲਾ ਗੇਟ ਖੋਲ੍ਹ ਕੇ ਅੰਦਰ ਚਲਿਆ ਗਿਆ। ਅੰਦਰ ਜਾ ਕੇ ਉਸ ਨੇ ਟੱਲੀ ਵਜਾਈ। ਕਿਸੇ ਨੇ ਦਰਵਾਜ਼ਾ ਖੋਲ੍ਹਿਆ। ਉਹ ਕੁਝ ਬੁੜ-ਬੁੜ ਕਰਦਾ ਹੋਇਆ ਅੰਦਰ ਚਲਾ ਗਿਆ। ਮੈਂ ਉੱਥੇ ਖੜ੍ਹਾ ਉਡੀਕਦਾ ਰਿਹਾ, ਉਸ ਨੂੰ। ਉਹ ਛੇਤੀ ਨਾਲ਼ ਹੀ ਉੱਤਰ ਗਿਆ ਸੀ, ਰਿਕਸ਼ਾ ਵਿੱਚੋਂ। ਬਾਹਰ ਦਾ ਲੱਕੜ ਦਾ ਗੇਟ ਖੋਲ੍ਹ ਕੇ ਉਹ ਛੇਤੀ ਨਾਲ਼ ਅਗਾਂਹ ਹੋ ਗਿਆ ਸੀ ਤੇ ਫੇਰ ਅੰਦਰ ਦਾ ਦਰਵਾਜ਼ਾ ਖੁੱਲ੍ਹਦਿਆਂ ਹੀ ਉਹ ਲੋਪ ਹੋ ਗਿਆ। ਥੋੜ੍ਹੀ ਦੇਰ ਮੈਂ ਏਸ ਆਸ ਵਿੱਚ ਉਥੇ ਹੀ ਖੜ੍ਹਾ ਰਿਹਾ ਕਿ ਉਹ ਅੰਦਰੋਂ ਕਿਸੇ ਦੇ ਹੱਥ ਪੈਸੇ ਘੱਲੇਗਾ। ਮੈਂ ਅੱਗੇ ਵਧ ਕੇ ਬੂਹਾ ਖੜਕਾਣ ਬਾਰੇ ਸੋਚਿਆ। ਪੈਸੇ ਕਿਉਂ ਛੱਡੇ ਜਾਣ ਆਪਣੇ? ਮੈਂ ਦੋ-ਤਿੰਨ ਵਾਰ ਅੰਦਰਲਾ ਬੂਹਾ ਖੜਕਾਇਆ। ਕੋਈ ਅਵਾਜ਼ ਨਾ ਆਈ, ਕਿਸੇ ਪਾਸਿਓਂ। ਫੇਰ ਮੈਂ ਜ਼ੋਰ-ਜ਼ੋਰ ਦੀ ਦਰਵਾਜ਼ਾ ਭੰਨਿਆ। ਕੋਈ ਹਿਲ-ਜੁਲ ਨਾ ਹੋਈ। ਐਨੇ ਵਿੱਚ ਇੱਕ ਕੁੱਤਾ ਪਤਾ ਨਹੀਂ ਕਿੱਥੋਂ ਬਾਹਰ ਦੇ ਗੇਟ ਵਿੱਚੋਂ ਅੰਦਰ ਆਣ ਵੜਿਆ। ਉਹ ਭੌਂਕਦਾ ਹੋਇਆ ਮੇਰੇ ਵੱਲ ਆ ਰਿਹਾ ਸੀ। ਮੈਂ ਜੁੱਤੀ ਲਾਹ ਕੇ ਹੱਥ ਵਿੱਚ ਫੜ ਲਈ ਤੇ ਉਸ ਨੂੰ ਡਰਾਇਆ। ਉਹ ਭੌਂਕੀ ਗਿਆ। ਜੁੱਤੀ ਮੈਂ ਉਸ ਵੱਲ ਵਗਾਹ ਮਾਰੀ। ਉਹਨੂੰ ਵੱਜੀ ਤਾਂ ਨਾ, ਪਰ ਉਹ ਪਰੇ ਹਟ ਗਿਆ। ਮੈਂ ਛੇਤੀ ਨਾਲ਼ ਬਾਹਰ ਆ ਗਿਆ। ਜੁੱਤੀ ਈ ਨਾ ਲੱਭੀ ਕਿੰਨੀ ਦੇਰ। ਉਹ ਥੋੜ੍ਹੀ ਦੂਰ ਖੜ੍ਹਾ ਹੋ ਕੇ ਭੌਂਕਦਾ ਰਿਹਾ। ਆਖ਼ਰ ਲੱਭ ਪਈ ਜੁੱਤੀ। ਮੈਂ ਚੁੱਪ ਕਰ ਕੇ ਰਿਕਸ਼ੇ ਉੱਤੇ ਆ ਬੈਠਾ ਤੇ ਚੱਲ ਪਿਆ ਬਾਹਰਲੀ ਸੜਕ ਵੱਲ।

ਉਸ ਬੰਦੇ ਨੇ ਠੀਕ ਨਹੀਂ ਸੀ ਕੀਤਾ ਮੇਰੇ ਨਾਲ਼। ਐਨਾ ਵਕਤ ਵੀ ਬਰਬਾਦ ਹੋਇਆ, ਪਰ ਹੱਥ ਵੀ ਕੁਝ ਨਾ ਆਇਆ।

ਅੱਗੋਂ ਮੈਂ ਸੱਜੇ ਹੱਥ ਨੂੰ ਮੁੜ ਗਿਆ। ਖ਼ਾਲੀ ਸੀ ਉਹ ਸੜਕ। ਦਿਨ ਵੇਲੇ ਵੀ ਖ਼ਾਲੀ ਈ ਹੁੰਦੀ ਐ ਉਹ ਸੜਕ, ਰਾਤ ਨੂੰ ਕਿਨ੍ਹੇ ਆਉਣਾ ਸੀ ਉੱਧਰ? ਅੱਗੋਂ ਫਾਟਕ ਵੀ ਖੁੱਲ੍ਹਾ ਸੀ, ਚਿੱਟੀ ਬੱਤੀ ਲਿਸ਼ਕ ਰਹੀ ਸੀ ਦੋਹੀਂ ਪਾਸੀਂ। ਜਾ ਰਿਹਾ ਸੀ ਮੈਂ, ਅੱਗੇ ਈ ਅਗੇ। ਫਾਟਕ ਵੀ ਲੰਘ ਗਿਆ। ਅੱਗੋਂ ਮੇਰਾ ਰਿਕਸ਼ਾ ਡੱਕੇ-ਡੋਲੇ ਖਾਣ ਲੱਗ ਪਿਆ। ਟੁੱਟੀ ਹੋਈ ਸੀ ਸੜਕ ਥਾਂ-ਥਾਂ ਤੋਂ। ਪੱਥਰ ਈ ਪੱਥਰ ਖਿੱਲਰੇ ਹੋਏ ਸਨ, ਚਾਰੇ ਪਾਸੇ।

ਉਦੋਂ ਵੀ ਏਸੇ ਤਰ੍ਹਾਂ ਖਿੱਲਰੇ ਹੋਏ ਸਨ ਪੱਥਰ , ਜਦੋਂ ਅਸੀਂ ਲਾਹੌਰ ਦੇ ਪਾਰਲੇ ਪਿੰਡਾਂ ਵਿੱਚੋਂ ਆਏ ਸੀ, ਏਥੇ। ਕਿੰਨੇ ਈ ਮਹੀਨੇ ਰਹਿਣਾ ਪਿਆ ਸੀ, ਕੈਂਪ ਵਿੱਚ। ਕਿਲ੍ਹੇ ਦੇ ਬਾਹਰਵਾਰ ਈ ਲੱਗਾ ਹੋਇਆ ਸੀ, ਕੈਂਪਾਂ ਦਾ ਮੇਲਾ। ਆਪਾਂ ਵੀ ਚਲੇ ਗਏ ਇੱਕ ਵਿੱਚ। ਕੰਬਲ਼ ਅਤੇ ਰਜਾਈਆਂ ਮਿਲ਼ ਗਈਆਂ, ਰੋਟੀ ਮਿਲ਼ ਜਾਂਦੀ ਸੀ, ਪੱਕੀ-ਪਕਾਈ। ਛੋਟਾ ਈ ਸੀ ਮੈਂ ਉਦੋਂ। ਕਈ ਗੱਲਾਂ ਭੁੱਲ ਗਈਆਂ ਐਂ ਹੁਣ। ਫੇਰ ਸਾਡਾ ਬਾਪੂ ਉਸ ਪਿੰਡ ਜਾ ਵੱਸਿਆ। ਬੜਾ ਕੰਮ ਸੀ ਉੱਥੇ। ਰੱਜ ਕੇ ਰੋਟੀ ਮਿਲ਼ ਜਾਂਦੀ ਸੀ। ਕੁਝ ਵਰ੍ਹੇ ਚੰਗੇ ਬੀਤ ਗਏ। ਫੇਰ ਪਤਾ ਨਹੀਂ ਕੀ ਹੋਇਆ, ਜ਼ਮੀਨਾਂ ਵਾਲ਼ਿਆਂ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉੱਥੇ ਰਹਿਣਾ ਔਖਾ ਹੋ ਗਿਆ। ਅਖੀਰ ਬਾਪੂ ਦੀ ਜਾਨ ਲੈ ਲਈ ਉਹਨਾਂ। ਘੁਲ਼-ਘੁਲ਼ ਕੇ ਮਰ ਗਿਆ ਉਹ । ਮੈਂ ਵੀ ਮਰ ਜਾਣਾ ਸੀ ਉੱਥੇ ਈ, ਜੇ ਮੈਂ ਏਥੇ ਨਾ ਆ



Downloaded from https:// www.studiestoday.com

Downloaded from https:// www.studiestoday.com

ਜਾਂਦਾ। ਏਥੇ ਆ ਕੇ ਵੀ ਕਿਹੜਾ ਸੁੱਖ ਮਿਲ਼ਿਆ ਐ, ਬੰਤਿਆ? ਕਿੱਥੋਂ ਆ ਜਾਊ ਸੁੱਖ ਸਾਡੇ ਲਈ ? ਹੋਰ ਥੋੜ੍ਹੇ ਐ, ਸੁੱਖ ਭੋਗਣ ਨੂੰ? ਸਾਡਾ ਤਾਂ ਇਹੋ ਹਾਲ ਰਹਿਣਾ ਐ, ਭਾਵੇਂ ਹੋਵੇ ਪਿੰਡ ਤੇ ਭਾਵੇਂ ਹੋਵੇ ਸ਼ਹਿਰ। ਐਵੇਂ ਕਿਉਂ ਯਭਕੀਆਂ ਲੈਂਦਾ ਏਂ, ਬੰਤਿਆ? ਤੂੰ ਹੁਣ ਕਰ ਵੀ ਕੀ ਸਕਦਾ ਏਂ? ਹੁਣ ਤਾਂ ਇਹੋ ਕੁਝ ਰਹਿ ਗਿਆ ਐ, ਤੇਰੇ ਜੋਗਾ।

ਕੰਮ ਕੋਈ ਵੀ ਹੋਵੇ, ਬੰਤਿਆ, ਆਪਾਂ ਨਹੀਂ ਡਰਦੇ। ਪਰ ਢਿੱਡ ਭਰ ਕੇ ਰੋਟੀ ਤਾਂ ਮਿਲਣੀ ਚਾਹੀਦੀ ਐ। ਇਹ ਤਾਂ ਨਹੀਂ ਨਾ ਠੀਕ ਕਿ ਦਿਨ-ਰਾਤ ਹੱਡ ਵੀ ਭੰਨੀਏ ਤੇ ਫੇਰ ਵੀ ਹਉਕੇ ਭਰਦੇ ਰਹੀਏ, ਇਨਸਾਫ਼ ਤਾਂ ਨਹੀਂ ਨਾ, ਇਹ? ਆਪਾਂ ਰਾਜ ਤਾਂ ਨਹੀਂ ਮੰਗਦੇ, ਆਪਣਾ ਹੱਕ ਮੰਗਦੇ ਆਂ। ਉਹ ਵੀ ਨਹੀਂ ਮਿਲ਼ਦਾ ਏਸ ਦੁਨੀਆ ਵਿੱਚ। ਕੀ ਕਰੀਏ, ਕਿੱਥੇ ਜਾਈਏ— ਕਿਸ ਨੂੰ ਸੁਣਾਈਏ, ਆਪਣੀ ਬਿਪਤਾ? ਕੋਈ ਵੀ ਨਹੀਂ ਸੁਣਦਾ ਸਾਡੀ ਤਾਂ। ਲੈ, ਉਹ ਅੰਦਰ ਜਾ ਵੜਿਆ ਪੈਸੇ ਮਾਰ ਕੇ। ਬੂਹਾ ਖੜਕਾਇਆ ਤਾਂ ਕੁੱਤੇ ਭੌਂਕਣ ਲੱਗ ਪਏ। ਕੀ ਕਰੇ ਬੰਦਾ? ਕਿੱਥੇ ਜਾਵੇ? ਜਿੰਨਾ ਚਿਰ ਰੋਵੇ ਨਾ, ਮਾਂ ਵੀ ਦੁੱਧ ਨਹੀਂ ਪਿਆਉਂਦੀ ਬਾਲ ਨੂੰ । ਆਪਾਂ ਰੋਂਦੇ ਵੀ ਆਂ, ਤਦ ਵੀ ਕੋਈ ਨਹੀਂ ਵਰਾਉਂਦਾ ਸਾਨੂੰ। ਸਗੋਂ ਹੱਸਦੇ ਐ ਸਾਨੂੰ ਰੋਂਦਿਆਂ ਨੂੰ ਵੇਖ ਕੇ। ਚੰਗਾ ਭਾਈ, ਰਾਜ਼ੀ ਰਵ੍ਹੋ, ਹੱਸਦੇ-ਵੱਸਦੇ ਰਵ੍ਹੋ, ਗੁਰੂ ਦੀ ਨਗਰੀ ਅਬਾਦ ਰਹੇ— ਆਪੇ ਸੁਣੀ ਜਾਊ ਸਾਡੀ। ਨੀਲੀ ਛਤਰੀ ਵਾਲ਼ਾ ਤਾਂ ਵੇਖਦਾ ਈ ਐ ਨਾ, ਆਪਣੀਆਂ ਅੱਖਾਂ ਨਾਲ਼। ਉਹਨੂੰ ਤਾਂ ਸਭ ਕੁਝ ਦੀਂਹਦਾ ਐ। ਉਹਦੇ ਤਾਂ ਕੰਨ ਸਭ ਕੁਝ ਸੁਣਦੇ ਐ। ਕਿਹੜੀ ਗੱਲ ਲੁਕੀ ਹੋਈ ਐ ਉਸ ਤੋਂ? ਫੇਰ ਉਹੀ ਗੱਲ, ਬੰਤਿਆ? ਲੱਗ ਪਿਆਂ ਐਂ ਨਾ ਉਹੀ ਰੋਣਾ ਰੋਣ। ਕੱਢ ਆਪਣੀ ਤਕਦੀਰ ਨੂੰ ਦੋ-ਚਾਰ ਗਾਲ਼ਾਂ, ਲੈ ਨਾਂ ਰੱਬ ਦਾ, ਖਾਹ ਰੁੱਖੀ-ਮਿੱਸੀ ਤੇ ਪੀ ਠੰਢਾ ਪਾਣੀ।

ਪਰ ਅੱਗੇ ਪਹੁੰਚ ਕੇ ਰਿਕਸ਼ਾ ਆਪਣੇ-ਆਪ ਰੁਕ ਗਿਆ— ਜਿਵੇਂ ਉਹਨੂੰ ਪਤਾ ਲੱਗ ਗਿਆ ਹੋਵੇ ਕਿ ਘਰੇ ਅੱਪੜ ਗਏ ਆਂ। ਬਾਹਰਲਾ ਬੂਹਾ ਮੈਂ ਹੌਲ਼ੀ ਜਿਹੀ ਖੜਕਾਇਆ। ਭਲੀ ਲੋਕ ਆ ਗਈ, ਅੰਦਰੋਂ ਉੱਠ ਕੇ। ਪਹਿਲਾਂ ਉਸ ਨੇ ਬੂਹੇ ਦੀਆਂ ਝੀਤਾਂ ਵਿੱਚੋਂ ਬਾਹਰ ਵੇਖਿਆ। ਫੇਰ ਉਸ ਨੇ ਬੂਹਾ ਖੋਲ੍ਹ ਦਿੱਤਾ। ਰੋਜ਼ ਵਾਂਗੂੰ ਮੈਂ ਰਿਕਸ਼ੇ ਦਾ ਅਗਲਾ ਪਹੀਆ ਚੁੱਕ ਕੇ ਥੜ੍ਹੇ ਉੱਤੇ ਰੱਖ ਦਿੱਤਾ। ਤੇ ਆਪ ਰਿਕਸ਼ੇ ਦੇ ਪਿਛਲੇ ਪਾਸੇ ਚਲਿਆ ਗਿਆ। ਉਹਨੇ ਹੈਂਡਲ ਫੜ ਲਿਆ, ਮੈਂ ਰਿਕਸ਼ਾ ਉੱਪਰ ਚੁੱਕਿਆ ਤੇ ਉਹ ਰਿਕਸ਼ੇ ਨੂੰ ਰੇੜ੍ਹਦੀ ਹੋਈ ਅੱਗੇ ਨੂੰ ਲੈ ਗਈ। ਫੇਰ ਮੈਂ ਥੜ੍ਹਾ ਚੜ੍ਹ ਕੇ ਬੂਹਾ ਬੰਦ ਕਰ ਦਿੱਤਾ।

ਅੰਦਰ ਦੋਵੇਂ ਕੁੜੀਆਂ ਸੁੱਤੀਆਂ ਹੋਈਆਂ ਸਨ— ਪਰ ਛੁੰਮਣ ਜਾਗ ਰਿਹਾ ਸੀ। ਉਹ ਰਜਾਈ ਵਿੱਚੋਂ ਨਿਕਲ਼ ਕੇ ਮੰਜੀ ਤੋਂ ਥੱਲੇ ਉੱਤਰ ਆਇਆ। ਤਾਰੋ ਰੋਟੀ ਪਾਉਣ ਲੱਗ ਪਈ। ਮੈਂ ਬਾਹਰ ਵਿਹੜੇ ਵਿੱਚ ਪੰਪ ਉੱਤੇ ਹੱਥ-ਮੂੰਹ ਧੋਣ ਚਲਿਆ ਗਿਆ। ਉਸ ਹਵੇਲੀ ਵਰਗੇ ਪੁਰਾਣੇ ਮਕਾਨ ਵਿੱਚ ਤਿੰਨ ਹੋਰ ਜਣਿਆਂ ਦੇ ਟੱਬਰ ਰਹਿੰਦੇ ਸਨ। ਦੋ ਜਣੇ ਤਾਂ ਜਵਾਲਾ ਫ਼ਲੋਰ-ਮਿਲ ਵਿੱਚ ਕੰਮ ਕਰਦੇ ਸਨ ਤੇ ਇੱਕ ਜਣਾ ਲਾਗਲੇ ਸਕੂਲ ਵਿੱਚ ਚਪੜਾਸੀ ਸੀ। ਉਹ ਸਭ ਛੇਤੀ ਈ ਰੋਟੀ ਖਾ



Downloaded from https:// www.studiestoday.com

Downloaded from https:// www.studiestoday.com

ਕੇ ਅੰਦਰ ਵੜ ਜਾਂਦੇ ਸਨ। ਇੱਕ ਮੈਂ ਈ ਦੇਰ ਨਾਲ਼ ਆਉਂਦਾ ਸੀ ਘਰ, ਤੇ ਸਵੇਰੇ ਵੀ ਛੇਤੀ ਈ ਨਿਕਲ਼ ਜਾਂਦਾ ਸੀ। ਹੱਥ-ਮੂੰਹ ਧੋ ਕੇ ਮੈਂ ਕਮਰੇ ਵਿੱਚ ਆ ਗਿਆ ਤੇ ਤਾਰੋ ਦੇ ਹੱਥੋਂ ਥਾਲ਼ੀ ਫੜ ਲਈ। ਚਾਰ ਰੋਟੀਆਂ ਸਨ ਤੇ ਦਾਲ਼ ਸੀ, ਮਾਂਹ ਦੀ। ਥੋੜ੍ਹਾ ਜਿਹਾ ਅਚਾਰ ਵੀ ਪਿਆ ਸੀ, ਅੰਬ ਦਾ। ਉਹਨੂੰ ਪਤਾ ਸੀ ਕਿ ਮੈਂ ਮਾਂਹ ਦੀ ਦਾਲ਼ ਬੜੇ ਸੁਆਦ ਨਾਲ਼ ਖਾਂਦਾ ਆਂ। ਉਚੇਚ ਕੀਤਾ ਸੀ, ਉਸ ਨੇ। ਸਵੇਰ ਦਾ ਮੈਂ ਕੁਝ ਘੁਟਿਆ-ਘੁਟਿਆ ਸਾਂ। ਮੈਨੂੰ ਮਨਾਉਣ ਦੀ ਕੋਸ਼ਸ਼ ਕਰ ਰਹੀ ਸੀ। ਅਚਾਰ ਉਹ ਸ਼ੈਦ ਉਹਨਾਂ ਵੱਲੋਂ ਲੈ ਆਈ ਸੀ, ਜਿਨ੍ਹਾਂ ਦੇ ਘਰ ਕੰਮ ਕਰਨ ਜਾਂਦੀ ਸੀ। ਕਦੀ-ਕਦੀ ਕੋਈ ਦਾਲ਼-ਸਬਜ਼ੀ ਵੀ ਲੈ ਆਉਂਦੀ ਸੀ, ਉੱਥੋਂ—

"ਫੁੰਮਣਾ, ਤੂੰ ਕਿਉਂ ਠੰਢ ਵਿੱਚ ਫਿਰੀ ਜਾਨੈਂ, ਬੈਠ ਰਜਾਈ ਵਿੱਚ।"

"ਇਹਨੂੰ ਕਿੰਨੀ ਵਾਰੀ ਕਹਿ ਚੁੱਕੀ ਆਂ ਸੌਣ ਲਈ, ਪਰ ਇਹ ਸੌਂਦਾ ਈ ਨਹੀਂ, ਅੱਜ।"

"ਕਿਉਂ ਓਏ, ਸੌਂਦਾ ਕਿਉਂ ਨਹੀਂ ਤੂੰ?"

"ਮੈਂ ਅੱਜ ਤੇਰੇ ਕੋਲ਼ੋਂ ਬਾਤ ਸੁਣਨੀ ਐਂ।"

"ਓਏ, ਇਹ ਬਾਤਾਂ ਦਾ ਵੇਲ਼ਾ ਐ? ਯਾਰਾਂ ਵੱਜਣ ਲੱਗੇ ਐ।"

"ਮੈਂ ਉਹ ਬਾਤ ਸੁਣਨੀ ਐਂ— ਇੱਕ ਸੀ ਰਾਜੇ ਦਾ ਬੇਟਾ..."

"ਉਹ ਤਾਂ ਪੁਰਾਣੀ ਬਾਤ ਐ, ਹੁਣ ਨੀਂ ਹੁੰਦੇ ਰਾਜੇ ਦੇ ਬੇਟੇ।"

"ਕਿਉਂ ਨਹੀਂ ਹੁੰਦੇ, ਬਾਪੂ?"

"ਮੈਨੂੰ ਕੀ ਪਤਾ, ਕਿਉਂ ਨਹੀਂ ਹੁੰਦੇ...ਬੱਸ ਨਹੀਂ ਹੁੰਦੇ।"

"ਹੁੰਦੇ ਐ, ਤੂੰ ਝੂਠ ਆਹਨੈਂ। ਬੀਬੀ ਮੈਨੂੰ ਕਹਿੰਦੀ ਐ— 'ਰਾਜਾ ਬੇਟਾ'।"

"ਇਹ ਜਾਂਦੀ ਐ ਵੱਡੇ ਘਰਾਂ ਵਿੱਚ ਕੰਮ ਕਰਨ, ਉਥੋਂ ਸਿੱਖ ਆਉਂਦੀ ਐ ਇਹ ਨਵੀਂਆਂ ਗੱਲਾਂ।"

ਤਾਰੋ ਮੇਰੇ ਵੱਲ ਤੱਕੀ। ਉਹਦੀਆਂ ਅੱਖਾਂ ਲਿਸ਼ਕੀਆਂ ਇੱਕ ਪਲ ਲਈ ਤੇ ਫਿਰ ਪਹਿਲੇ ਵਾਂਗ ਹੋ ਗਈਆਂ। ਮੈਂ ਰੋਟੀ ਖਾਂਦਿਆਂ-ਖਾਂਦਿਆਂ ਜੇਬ ਵਿੱਚ ਹੱਥ ਪਾਇਆ ਤੇ ਸਾਰੇ ਪੈਸੇ ਉਹਨੂੰ ਫੜਾ ਦਿੱਤੇ। ਉਹ ਨੋਟ ਗਿਣਨ ਲੱਗ ਪਈ ਤੇ ਫੁੰਮਣ ਭਾਨ ਨੂੰ ਵੱਖਰਿਆਂ-ਵੱਖਰਿਆਂ ਕਰਨ ਲੱਗ ਪਿਆ— ਪੰਜੀਆਂ ਇੱਕ ਪਾਸੇ, ਦਸੀਆਂ ਇੱਕ ਪਾਸੇ। ਨੋਟ ਗਿਣਦੀ ਹੋਈ ਤਾਰੋ ਮੁਸਕਰਾਈ, ਦੁੱਧ ਵਰਗੀ ਚਿੱਟੀ ਸੀ, ਉਸ ਦੀ ਮੁਸਕਣੀ। ਮੈਂ ਦੂਸਰੀ ਰੋਟੀ ਭੰਨ ਲਈ। ਚੰਗੀਆਂ ਭਾਰੀਆਂ ਰੋਟੀਆਂ ਪਕਾਂਦੀ ਸੀ ਤਾਰੋ। ਚਾਰ ਖਾ ਕੇ ਬੰਦਾ ਰੱਜ ਜਾਂਦਾ ਸੀ। ਦਾਲ਼ ਦੇ ਨਾਲ਼ ਅਚਾਰ ਹੋਵੇ ਤਾਂ ਸੁਆਦ ਆ ਜਾਂਦਾ ਐ।

ਹੁਣ ਤਾਂ ਬੜੇ ਚਿਰ ਤੋਂ ਗੰਢਾ ਨਹੀਂ ਕਦੇ ਖਾਧਾ। ਮਹਿੰਗਾ ਈ ਬੜਾ ਹੋ ਗਿਐ। ਹੱਥ ਈ ਨਹੀਂ ਲੱਗਦਾ, ਉਸ ਨੂੰ। ਪਹਿਲਾਂ ਮੋਟਾ ਸਾਰਾ ਗੰਢਾ ਤੋੜ ਲਈਦਾ ਸੀ ਮੁੱਕੀ ਮਾਰ ਕੇ, ਰੋਟੀ ਖਾਣ



Downloaded from https:// www.studiestoday.com

Downloaded from https:// www.studiestoday.com

ਲੱਗਿਆਂ। ਹੁਣ ਤਾਂ ਐਵੇਂ ਸੁਫਨਾ ਈ ਬਣ ਗਿਐ, ਇਹ ਸਭ ਕੁਝ। ਜਿੰਨੇ ਵੀ ਪੈਸੇ ਕਮਾਈਦੇ ਆ, ਜੇ ਕਿਤੇ ਪਹਿਲਾ ਵਕਤ ਹੁੰਦਾ ਤਾਂ ਵਾਰੇ-ਨਿਆਰੇ ਈ ਹੋ ਜਾਂਦੇ—

"ਅੱਜ ਤਾਂ ਵਾਹਵਾ ਐ...।"

"ਹਾਲੀ ਹੋਰ ਹੋਣੇ ਸੀ ਜੇ ਇੱਕ ਜਣਾ ਪੈਸੇ ਨਾ ਮਾਰ ਲੈਂਦਾ।"

"ਤੂੰ ਕਿਉਂ ਛੱਡੇ ਪੈਸੇ...?"

"ਬੱਸ ਗੱਲ ਈ ਐਸੀ-ਵੈਸੀ ਹੋ ਗਈ।

"ਮੈਂ ਅੱਗੇ ਈ ਸਮਝ ਗਈ ਸੀ, ਜਦੋਂ ਥੜ੍ਹਾ ਚੜ੍ਹਨ ਲੱਗਿਆਂ ਪੈਰ ਖਿਸਕ ਗਿਆ ਸੀ ਤੇਰਾ।"

"ਲੈ, ਸਮਝ ਗਈ ਸੀ ਇਹ।"

"ਤੇ ਹੋਰ ਕੀ, ਐਨੀ ਦੇਰ ਵੀ ਤਦੇ ਈ ਲੱਗੀ ਐ।"

"ਅੱਜ ਸਾਰੇ ਈ ਮੌਜਾਂ ਕਰਦੇ ਆ ਪਏ, ਆਪਾਂ ਵੀ ਥੋੜ੍ਹੀ ਜਿਹੀ ਕਰ ਲਈ।"

"ਅੱਜ ਕਾਹਦੀਆਂ ਮੌਜਾਂ ਐ, ਬਾਪੂ?"

"ਓਏ ਗਿਣੀ ਜਾ ਤੂੰ ਚੁੱਪ ਕਰ ਕੇ, ਪੈਸੇ— ਮੌਜਾਂ ਨੇ ਅੱਜ ਨਵੇਂ ਸਾਲ ਦੀਆਂ।"

"ਨਵਾਂ ਸਾਲ ਕੀ ਹੁੰਦੈ, ਬਾਪੂ?"

"ਨਵਾਂ ਸਾਲ, ਨਵਾਂ ਸਾਲ ਈ ਹੁੰਦਾ ਐ।"

"ਕੀ ਕਰੀਦੈ ਉਦੋਂ?"

"ਮੌਜਾਂ ਕਰੀਦੀਆਂ ਨੇ, ਖਾਈ-ਪੀਈਦਾ ਐ, ਨੱਚੀ-ਕੁੱਦੀਦਾ ਐ ਉਦੋਂ, ਪੁੱਤਰਾ— ਮੁਰਗ਼ਾ-ਮੱਛੀ ਖਾਈਦੀ ਐ ਰੱਜ ਕੇ, ਹਾਰ ਖ਼ਰੀਦੀਦਾ ਐ, ਹੀਰਿਆਂ ਦਾ।"

"ਆਪਾਂ ਕਿਉਂ ਨਹੀਂ ਕਰਦੇ ਏਦਾਂ?'

"ਉਏ ਸਾਡੀ ਗੱਲ ਹੋਰ ਐ..."

"ਹੋਰ ਕਿਉਂ ਐ, ਬਾਪੂ...?"

"ਸੌਂ ਜਾ ਪੁੱਤਰ, ਰਾਤ ਬੜੀ ਹੋ ਗਈ ਐ।"

"ਮੈਂ ਤੇਰਾ ਰਾਜਾ ਬੇਟਾ ਆਂ ਨਾ?"

"ਹਾਂ, ਹਾਂ... ਤੂੰ ਮੇਰਾ ਰਾਜਾ ਬੇਟਾ ਐਂ, ਸੌਂ ਜਾ ਹੁਣ ਚੁੱਪ ਕਰ ਕੇ।"

ਉਸ ਨੇ ਅੱਖਾਂ ਬੰਦ ਕਰ ਲਈਆਂ। ਕਿੰਨਾ ਭੋਲ਼ਾ ਲੱਗ ਰਿਹਾ ਸੀ, ਉਹਦਾ ਮੂੰਹ।

ਭੁੰਮਣ ਨੂੰ ਨਾ ਕਿਤੇ ਚਲਾਣੀ ਪੈ ਜਾਏ ਰਿਕਸ਼ਾ, ਮੈਂ ਸੋਚਿਆ। ਨਹੀਂ, ਨਹੀਂ, ਇਹ ਗੱਲ ਨਹੀਂ ਹੋਵੇਗੀ। ਇਹ ਨਹੀਂ ਮੇਰੇ ਵਾਂਗ ਠੋਕਰਾਂ ਖਾਏਗਾ, ਥਾਂ-ਥਾਂ 'ਤੇ। ਇਹ ਪੜ੍ਹ-ਲਿਖ ਕੇ ਚੰਗੇ ਕੰਮ ਉੱਤੇ ਲੱਗੇਗਾ। ਮੌਜਾਂ ਕਰਿਆ ਕਰੇਗਾ ਇਹ। ਜਦੋਂ ਨਵਾਂ ਸਾਲ ਚੜ੍ਹਿਆ ਕਰੇਗਾ ਤਾਂ ਇਹ ਬੜੀਆਂ ਖ਼ੁਸ਼ੀਆਂ ਮਨਾਇਆ ਕਰੇਗਾ। ਹੱਸਿਆ-ਖੇਡਿਆ ਕਰੇਗਾ, ਨੱਚਿਆ-ਕੁੱਦਿਆ ਕਰੇਗਾ। ਕਿਸੇ



Downloaded from https:// www.studiestoday.com

Downloaded from https:// www.studiestoday.com

ਚੀਜ਼ ਦੀ ਫ਼ਿਕਰ ਨਹੀਂ ਹੋਏਗੀ ਇਸ ਨੂੰ। ਕੋਈ ਝੋਰਾ ਨਹੀਂ ਹੋਏਗਾ ਇਹਨੂੰ। ਕਾਰਾਂ ਵਿੱਚ ਜਾਇਆ ਕਰੇਗਾ, ਏਧਰ-ਉੱਧਰ। ਜਦੋਂ ਕਦੀ ਕਾਰ ਗਈ ਹੋਏਗੀ ਠੀਕ ਹੋਣ, ਤਾਂ ਭਾਵੇਂ ਇਹ ਕਿਸੇ ਦੇ ਰਿਕਸ਼ੇ ਵਿੱਚ ਬੈਠੇ। ਮੇਰੇ ਵਰਗਾ ਕੋਈ ਰਿਕਸ਼ੇ ਵਾਲ਼ਾ ਲੈ ਜਾਏਗਾ ਇਹਨੂੰ, ਜਿੱਥੇ ਇਹਨੇ ਜਾਣਾ ਹੋਊ। ਪਰ ਬੰਤਿਆ, ਉਹ ਰਿਕਸ਼ੇ ਵਾਲ਼ਾ ਕੌਣ ਹੋਏਗਾ ਭਲਾ? ਮੈਂ ਈ ਹੋਵਾਂਗਾ ਨਾ? ਨਹੀਂ, ਮੈਂ ਨਹੀਂ, ਕੋਈ ਹੋਰ। ਪਰ ਹੋਰ ਕੌਣ? ਹੋਰ ਕੋਈ ਕਿਉਂ ਹੋਏਗਾ, ਰਿਕਸ਼ੇ ਵਾਲ਼ਾ? ਸਭ ਕਾਰਾਂ ਵਿੱਚ ਈ ਜਾਇਆ ਕਰਨਗੇ। ਇਹ ਕਿਸ ਤਰ੍ਹਾਂ ਹੋਏਗਾ? ਇਹ ਤਾਂ ਸ਼ੇਖਚਿਲੀਆਂ ਵਾਲ਼ੀਆਂ ਗੱਲਾਂ ਐਂ। ਇੰਜ ਵੀ ਕਦੇ ਹੋ ਸਕਦਾ ਐ ਕਿ ਸਾਰੇ ਕਾਰਾਂ ਵਿੱਚ ਈ ਜਾਣ? —

"ਕੀ ਸੋਚ ਰਿਹੈਂ?"

"ਮੈਂ ਸੋਚ ਰਿਹਾਂ, ਪਈ ਇਹ ਨਹੀਂ ਹੋ ਸਕਦਾ ਕਿ ਸਾਰੇ ਲੋਕ ਕਾਰਾਂ ਵਿੱਚ ਈ ਜਾਇਆ ਕਰਨ?"

"ਫੇਰ ਤੇਰੇ ਰਿਕਸ਼ੇ ਵਿੱਚ ਕੌਣ ਬੈਠੂ?"

"ਨਹੀਂ, ਇਹ ਗੱਲ ਨਹੀਂ— ਅੱਜ ਤੋਂ ਕਈਆਂ ਵਰ੍ਹਿਆਂ ਪਿੱਛੋਂ ਕੀ ਇਹ ਨਹੀਂ ਹੋ ਸਕਦਾ ਕਿ ਸਭ ਲੋਕ ਕਾਰਾਂ ਵਿੱਚ ਈ ਜਾਇਆ ਕਰਨ, ਰਿਕਸ਼ਾ ਹੋਵੇ ਈ ਨਾ?"

"ਐਨੀਆਂ ਕਾਰਾਂ ਕਿੱਥੋਂ ਆ ਜਾਣਗੀਆਂ?"

"ਮੈਂ ਇੱਕ ਗੱਲ ਕਰਦਾਂ..."

"ਸਿਰ-ਪੈਰ ਵੀ ਤਾਂ ਹੋਵੇ ਗੱਲ ਦਾ, ਬਹੁਤੀ ਪੀ ਗਿਐਂ, ਅੱਜ..."

"ਨਹੀਂ, ਤਾਰੋ, ਮੈਂ ਸੋਚ ਰਿਹਾਂ ਪਈ ਇਹ ਨਹੀਂ ਹੋ ਸਕਦਾ ਕਿ ਰਿਕਸ਼ਾ ਨਾ ਹੋਵੇ ਦੁਨੀਆ ਉੱਤੇ?"

"ਤੇ ਫੇਰ ਅਸੀਂ ਖਾਵਾਂਗੇ ਕਿੱਥੋਂ?"

"ਤੂੰ ਆਪਣੀਆਂ ਈ ਮਾਰੀ ਜਾਨੀਂ ਐਂ, ਮੇਰੀ ਗੱਲ ਤਾਂ ਸਮਝਦੀ ਨਹੀਂ..."

"ਕੀ ਸਮਝਾਂ ਤੇਰੀ ਗੱਲ...?"

"ਲੋਕਾਂ ਕੋਲ਼ ਕਾਰਾਂ ਤਾਂ ਭਾਵੇਂ ਨਾ ਹੋਣ ਐਨੀਆਂ, ਪਰ ਇਹ ਰਿਕਸ਼ਾ ਤਾਂ ਮੁੱਕ ਜਾਏ ਇੱਕ ਵਾਰੀ। 'ਕੱਲਾ ਬੰਦਾ ਜਦੋਂ ਦੋ ਜਣਿਆਂ ਨੂੰ ਖਿੱਚਦਾ ਐ ਤਾਂ ਜਾਨ ਬਾਹਰ ਆਉਣ ਨੂੰ ਕਰਦੀ ਐ।"

"ਤੇ ਫੇਰ ਲੋਕ ਵੀ ਕੀ ਕਰਨ, ਜਾਣ-ਆਉਣ ਨਾ ਕਿਸੇ ਪਾਸੇ?"

"ਜਾਣ-ਆਉਣ ਜੀ ਸਦਕੇ, ਪਰ ਇਹ ਤਾਂ ਨਹੀਂ ਨਾ ਕਿ ਇੱਕ ਜਣਾ ਜੋਇਆ ਪਿਆ ਹੋਵੇ ਬੌਲਦ ਵਾਂਗ, ਤੇ ਦੋ ਜਣੇ ਬੈਠੇ ਹੋਣ ਉਹਦੀ ਪਿੱਠ ਉੱਤੇ।"

"ਪਿੱਠ ਉੱਤੇ— ਹੀ... ਹੀ... ਹੀ।"

"ਤੂੰ ਹੱਸਦੀ ਕਿਉਂ ਐਂ, ਤਾਰੋ?"

"ਹੀ... ਹੀ... ਹੀ।"



Downloaded from https:// www.studiestoday.com

Downloaded from https:// www.studiestoday.com

ਐਵੇਂ ਹੱਸੀ ਜਾ ਰਹੀ ਸੀ ਉਹ। ਮੈਨੂੰ ਬਹੁਤ ਭੈੜਾ ਲੱਗਾ, ਉਸ ਦਾ ਇਸ ਤਰ੍ਹਾਂ ਹੱਸਣਾ। ਇਹ ਵੀ ਕੋਈ ਗੱਲ ਸੀ ਹੱਸਣ ਵਾਲ਼ੀ। ਗੱਲ ਤਾਂ ਸਮਝਣ ਦੀ ਕੋਸ਼ਸ਼ ਈ ਨਹੀਂ ਕਰਦੀ, ਬੱਸ ਹੱਸੀ ਈ ਜਾਂਦੀ ਐ।

ਚੱਲ, ਹੱਸ ਲੈਣ ਦੇ। ਹੱਸੀ ਜਾਏ, ਸਾਡਾ ਕੀ ਲੈਂਦੀ ਐ। ਹੁਣ ਤਾਂ ਇਸ ਨੂੰ ਹੱਸਿਆਂ ਵੀ ਕਿੰਨ-ਕਿੰਨਾ ਚਿਰ ਹੋ ਜਾਂਦਾ ਐ। ਉਹ ਵੀ ਦਿਨ ਸਨ ਜਦੋਂ ਗੱਲ-ਗੱਲ ਉੱਤੇ ਹੱਸ ਪੈਂਦੀ ਸੀ ਤੇ ਲੱਗਦੀ ਵੀ ਸੀ ਬਹੁਤ ਚੰਗੀ, ਹੱਸਦੀ ਹੋਈ। ਹੁਣ ਤਾਂ ਬੱਸ ਹੱਸਣਾ ਈ ਭੁੱਲ ਗਈ ਐ, ਜਿਵੇਂ। ਉਂਜ ਹੱਸਦੀ ਹੋਈ ਹੁਣ ਵੀ ਮਾੜੀ ਤਾਂ ਨਹੀਂ ਲੱਗਦੀ। ਕਿਵੇਂ ਖਿੜ ਗਿਆ ਏ ਮੱਥਾ ਜਿਵੇਂ ਕੁਮਲ਼ਾਏ ਹੋਏ ਫੁੱਲ ਉੱਤੇ ਕਿਸੇ ਨੇ ਪਾਣੀ ਛਿੜਕ ਦਿੱਤਾ ਹੋਵੇ। ਵੇਖਦੀ ਕਿਵੇਂ ਐਂ ਮੇਰੇ ਵੱਲ, ਹੱਸਦੀ ਹੋਈ— ਝੱਲੀ ਨਾ ਹੋਵੇ ਤੇ। ਇੰਜ ਈ ਹੱਸਦੀ ਰਿਹਾ ਕਰ ਨਾ, ਕੀ ਹੁੰਦਾ ਐ ਤੈਨੂੰ ਹੱਸਦੀ ਨੂੰ? ਵੇਖ ਬਹੁਤਾ ਨਾ ਹੱਸ, ਰੋਣਾ ਪਊਗਾ ਈ ਪਿੱਛੋਂ— ਕਹਿੰਦੇ ਹੁੰਦੇ ਐ ਨਾ ਸਿਆਣੇ? ਸਾਡੇ ਸਿਆਣੇ ਵੀ ਕਿੰਨੀਆਂ ਸਿਆਣੀਆਂ ਗੱਲਾਂ ਕਹਿ ਗਏ ਐ— 'ਪਈ ਹੱਸੋ ਨਾ ਬਹੁਤਾ, ਪਿੱਛੋਂ ਰੋਣਾ ਨਾ ਪੈ ਜਾਏ ਕਿਤੇ।' ਮੈਂ ਆਹਨਾਂ, 'ਹੱਸਣ ਤਾਂ ਦਿਓ ਪਹਿਲਾਂ, ਰੋਣ ਦੀ ਵੀ ਵੇਖੀ ਜਾਊ ਪਿੱਛੋਂ...।'

"ਲੱਤਾਂ ਤਾਂ ਦੱਬ ਜ਼ਰਾ ਆ ਕੇ।"

"ਥੱਕ ਗਿਐਂ...?"

"ਥੱਕਣਾ ਕੀ ਐ, ਉਂਜ ਈ ਘੁੱਟ ਦੇ ਜ਼ਰਾ।"

ਉਹ ਮੇਰੀਆਂ ਲੱਤਾਂ ਦੱਬਣ ਲੱਗ ਪਈ। ਉਸ ਵੇਲ਼ੇ ਦੀਵੇ ਦੀ ਲੋਅ ਵਿੱਚ ਕੰਧ ਉੱਤੇ ਪੈਂਦਾ ਉਸ ਦਾ ਪਰਛਾਂਵਾਂ ਮੈਨੂੰ ਚੰਗਾ ਲੱਗ ਰਿਹਾ ਸੀ। ਕਦੀ ਮੈਂ ਉਹਦੇ ਵੱਲ ਵੇਖ ਲੈਂਦਾ, ਕਦੀ ਪਰਛਾਂਵੇਂ ਵੱਲ ਵੇਖਣ ਲੱਗਦਾ—

"ਬੱਸ ਕਰ, ਤਾਰੋ।"

"ਲੈ ਐਨਾ ਈ...?"

"ਤੂੰ ਥੱਕ ਜਾਏਂਗੀ...?"

"ਇਹਦੇ ਵਿੱਚ ਕਿਹੜੀ ਗੱਲ ਐ, ਥੱਕਣ ਵਾਲ਼ੀ?"

"ਉਂਜ ਤੇਰੇ ਹੱਥਾਂ ਵਿੱਚ ਜ਼ੋਰ ਬੜਾ ਐ।"

"ਹੋਰ ਤੇਰੇ ਵਾਕਣ ਤਾਂ ਨਹੀਂ— ਕਿਵੇਂ ਸੁੱਕੀਆਂ ਹੋਈਆਂ ਨੇ ਲੱਤਾਂ ਤੇਰੀਆਂ।"

"ਇਹ ਭਾਵੇਂ ਸੁੱਕੀਆਂ ਹੋਈਆਂ ਲੱਗਦੀਆਂ ਐਂ, ਪਰ ਕੰਮ ਬੜਾ ਦੇਂਦੀਆਂ ਨੇ।"

"ਉਹ ਤਾਂ ਠੀਕ ਆ, ਪਰ ਕੁਝ ਖ਼ੁਰਾਕ ਵੀ ਤਾਂ ਖਾਇਆ ਕਰ। ਸਭ ਕੁਝ ਤੇਰੇ ਈ ਸਿਰ ਉੱਤੇ ਐ।"

"ਖਾ ਈ ਲਈਦੀ ਐ, ਖ਼ੁਰਾਕ।"

"ਇਹਨਾਂ ਪੈਸਿਆਂ 'ਚੋਂ ਪਾਅ-ਡੇੜ੍ਹ ਪਾਅ ਦੇਸੀ ਘਿਓ ਤਾਂ ਲੈ ਆ ਕੱਲ੍ਹ।"



Downloaded from https:// www.studiestoday.com

Downloaded from https:// www.studiestoday.com

"ਮੱਤ ਤਾਂ ਨਹੀਂ ਮਾਰੀ ਗਈ ਤੇਰੀ ? ਪਤਾ ਈ ਕੀ ਭਾਅ ਆ ਦੇਸੀ ਘਿਓ? ਤੂੰ ਲਵਾ ਲੈ ਟੀਕੇ, ਜਿਹੜੇ ਡਾਕਟਰਨੀ ਆਂਹਦੀ ਐ, ਵਿਗੜ ਈ ਨਾ ਜਾਵੇ, ਤੇਰੀ ਤਕਲੀਫ਼।"

"ਕੀ ਹੋਇਆ ਐ, ਮੈਨੂੰ? ਵੇਖੀ ਜਾਊ ਟੀਕਿਆਂ ਦੀ ਵੀ, ਪਹਿਲਾਂ ਹੋਰ ਕੰਮ ਤਾਂ ਨਿੱਬੜ ਲੈਣ।"

"ਨਾਲ਼ੇ ਤੂੰ ਮਾਸਟਰਾਂ ਦਾ ਕੰਮ ਛੱਡ ਦੇ।"

"ਕੰਮ ਕਿਵੇਂ ਛੱਡ ਦਿਆਂ? ਬੱਚਿਆਂ ਨੂੰ ਭੁੱਖਿਆਂ ਮਾਰਨ ਦੀ ਸਲਾਹ ਹੋਣੀ ਐ, ਤੇਰੀ।"

"ਨਹੀਂ ਮਰਦੇ, ਭੁੱਖੇ—"

"ਜਦੋਂ ਆ ਜਾਂਦਾ ਹੁੰਦਾ ਐਂ ਨਾ ਹੱਥ ਲਮਕਾਂਦਾ, ਕਿ ਜੋ ਕਮਾਇਆ ਸੀ ਲੱਗ ਗਿਆ ਉੱਪਰ, ਟੁੱਟ ਗਿਆ ਸੀ ਚੱਕਾ, ਰਿਕਸ਼ੇ ਦਾ।"

"ਮੈਨੂੰ ਨਹੀਂ ਚੰਗਾ ਲੱਗਦਾ ਤੇਰਾ ਕਿਸੇ ਦੇ ਘਰ ਜਾਣਾ, ਭਾਂਡੇ ਮਾਂਜਣਾ।"

"ਕੀ ਹੋਇਆ ਫੇਰ, ਮੇਰੇ ਹੱਥ ਤਾਂ ਨਹੀਂ ਘਸ ਚੱਲੇ— ਮਾਸਟਰਨੀ ਵੀ ਪੜ੍ਹਾ ਲੈਂਦੀ ਐ ਟੂਸ਼ਨਾਂ। ਸੱਭੇ ਈ ਕੰਮ ਕਰਦੇ ਪਏ ਐ, ਏਸ ਜ਼ਮਾਨੇ ਵਿੱਚ।"

"ਚੰਗਾ ਫੇਰ ਉਹਨੂੰ ਕਹੁ... ਸਾਡੇ ਫੁੰਮਣ ਨੂੰ ਵੀ ਪੜ੍ਹਾ ਦਿਆ ਕਰੇ ਟੂਸ਼ਨ।"

"ਪੰਝੀ ਰੁਪਏ ਲੈਂਦੀ ਐ ਉਹ, ਐਵੇਂ ਬੈਠਾ ਗੱਲਾਂ ਬਣਾਉਣ ਲੱਗਾ ਹੋਇਐਂ।"

"ਦੇ ਦਊਂ ਮੈਂ ਪੰਝੀ ਰੁਪਏ, ਲੈਕ ਬਣਾਉਣਾ ਐ ਮੈਂ ਆਪਣੇ ਪੁੱਤਰ ਨੂੰ— ਰੋਜ਼ ਦਾ ਇੱਕ ਰੁਪਇਆ ਦੇ ਆਇਆ ਕਰੂੰ ਸ਼ਾਮ ਨੂੰ, ਹੋਰ ਦੱਸ।"

"ਸੌਂ ਹੁਣ ਚੁੱਪ ਕਰ ਕੇ, ਐਵੇਂ ਬੋਲੀ ਜਾਨਾਂ ਐਂ ਅਬਾ-ਤਬਾ।"

ਉਹ ਉੱਠੀ, ਦੀਵਾ ਬੁਝਾਇਆ... ਤੇ ਜਾ ਪਈ ਦੋਂਹਾਂ ਕੁੜੀਆਂ ਦੇ ਵਿਚਕਾਰ।

ਫੇਰ ਮੈਂ ਸੋਚਿਆ, ਪਈ ਟੀਕੇ ਵੀ ਲਗਵਾਣੇ ਬਹੁਤ ਜ਼ਰੂਰੀ ਐ। ਪਿਛਲੀ ਵਾਰੀ ਜਦੋਂ ਤਾਰੋ ਗਈ ਸੀ ਹਸਪਤਾਲ ਤਾਂ ਡਾਕਟਰਨੀ ਨੇ ਤਾਂ ਡਰਾ ਈ ਦਿੱਤਾ ਸੀ। ਕਹਿੰਦੀ ਸੀ, 'ਤੈਨੂੰ ਜਾਨ ਨਹੀਂ ਚਾਹੀਦੀ ਆਪਣੀ? ਮੈਂ ਇਹਨੂੰ ਕਈ ਵਾਰੀ ਪੈਸੇ ਦਿੱਤੇ ਆ, ਟੀਕਿਆਂ ਲਈ, ਪਰ ਕਦੀ ਕੁਝ ਲੈ ਆਉਂਦੀ ਐ, ਕਦੀ ਕੁਝ। ਕਹਿੰਦੀ ਐ, 'ਇਹਨਾਂ ਚੀਜ਼ਾਂ ਦੇ ਬਗ਼ੈਰ ਸਰਦਾ ਨਹੀਂ।' ਮੈਂ ਪੁੱਛਦਾਂ, ਟੀਕਿਆਂ ਬਗ਼ੈਰ ਸਰ ਜਾਊ? ਨਹੀਂ, ਹੋਰ ਮੈਂ ਨਹੀਂ ਹੁਣ ਸੁਣਨੀ ਇਹਦੀ। ਸਵੇਰੇ ਉੱਠਦਿਆਂ ਈ ਜਾਊਂ, ਟੀਕਿਆਂ ਵਾਲ਼ੇ ਵੱਲ। ਨਹੀਂ, ਸਵੇਰੇ ਨਹੀਂ, ਰੋਟੀ ਖਾਣ ਜਦੋਂ ਆਊਂਗਾ ਨਾ, ਦੂਜੇ ਪਹਿਰ, ਨਾਲ਼ ਲੈਂਦਾ ਆਊਂਗਾ ਟੀਕਾ—

"ਸੌਂ ਗਈ, ਤਾਰੋ...?"

"ਨਹੀਂ...ਜਾਗਦੀ ਆਂ।"

"ਏਸ ਤਰ੍ਹਾਂ ਈ ਰਹੂ, ਸਾਡਾ ਹਾਲ...?"

"ਆਪਣੀ ਵਾਹ ਤਾਂ ਲਾਈ ਜਾਨਾਂ, ਪੂਰੀ..."



Downloaded from https:// www.studiestoday.com

Downloaded from https:// www.studiestoday.com

"ਚੰਗਾ, ਲਾਂਦਾ ਰਹੁ ਆਪਣੀ ਵਾਹ—"

ਏਨੀ ਗੱਲ ਕਹਿ ਕੇ ਉਹਨੇ ਦੂਜੇ ਪਾਸੇ ਪਾਸਾ ਮੋੜ ਲਿਆ।

ਬਾਜ਼ੇ ਵੇਲੇ ਹੋਰ ਈ ਤਰ੍ਹਾਂ ਦੀਆਂ ਗੱਲਾਂ ਕਰਨ ਲੱਗ ਪੈਂਦੀ ਐ, ਇਹ। ਕੋਈ ਸਿਰ -ਪੈਰ ਨਹੀਂ ਹੁੰਦਾ ਇਹਦੀਆਂ ਗੱਲਾਂ ਦਾ। ਪਤਾ ਨਹੀਂ ਕੀ ਹੁੰਦਾ ਜਾਂਦਾ ਐ, ਇਹਨੂੰ? ਪਹਿਲਾਂ ਤਾਂ ਨਹੀਂ ਸੀ ਕਰਦੀ ਹੁੰਦੀ ਏਸ ਤਰ੍ਹਾਂ ਦੀਆਂ ਗੱਲਾਂ। ਚੰਗੀ-ਭਲੀ ਹੁੰਦੀ ਸੀ ਪਹਿਲਾਂ। ਹੁਣ ਵੇਖ ਨਾ ਕਿੱਦਾਂ ਦਾ ਮੂੰਹ ਕੱਢਿਐ ? ਹਲਦੀ ਵਰਗਾ ਰੰਗ ਹੋਇਆ ਪਿਐ ਇਹਦਾ। ਬੱਚੇ ਵੀ ਨਹੀਂ ਸੰਭਾਲ਼ੇ ਜਾਂਦੇ ਹੁਣ ਤਾਂ। ਛੋਟੀ ਕੁੜੀ ਦੇ ਤਾਂ ਜੁਲਾਬ ਈ ਬੰਦ ਹੋਣ ਵਿੱਚ ਨਹੀਂ ਆਉਂਦੇ। ਇਹ ਕੰਮ ਕਰਨ ਚਲੀ ਜਾਂਦੀ ਐ, ਮਗਰੋਂ ਪਤਾ ਨਹੀਂ ਕੀ ਸਵਾਹ-ਖੇਹ ਖਾਂਦੀ ਰਹਿੰਦੀ ਐ, ਉਹ ਸਾਰਾ ਦਿਨ। ਵੱਡੀ ਕੁੜੀ ਦੀਆਂ ਅੱਖਾਂ ਈ ਠੀਕ ਹੋਣ ਵਿੱਚ ਨਹੀਂ ਆਉਂਦੀਆਂ। ਇਹਦਾ ਆਪਣਾ ਜੀਅ ਠੀਕ ਹੋਵੇ ਤਾਂ ਬੱਚਿਆਂ ਨੂੰ ਸੰਭਾਲ਼ੇ। ਮੈਂ ਕਹਿਨਾਂ, ਕੰਮ ਛੱਡ ਦੇ ਮਾਸਟਰਾਂ ਦਾ, ਉਹ ਵੀ ਨਹੀਂ ਮੰਨਦੀ। ਬੱਸ ਏਹੋ ਗੱਲ ਮਾੜੀ ਐ ਇਹਦੇ ਵਿੱਚ, ਜਿਹੜਾ ਆਖੇ ਨਹੀਂ ਲੱਗਦੀ। ਲੜਨ ਨੂੰ ਪੈਂਦੀ ਐ ਅੱਗੋਂ—

"ਨੀ ਤਾਰੋ...!"

"... ..."

"ਸੌਂ ਗਈ ਐਂ, ਤਾਰੋ...?"

"ਹਾਹੋ... ਸੌਂ ਜਾ ਤੂੰ ਵੀ, ਮੁੰਡੇ ਤੋਂ ਕੱਪੜਾ ਨਾ ਲਾਹ ਦੇਵੀਂ ਰਾਤੀਂ।"

"ਗੱਲ ਤਾਂ ਸੁਣ ਮੇਰੀ... ਸਾਰੇ ਲੋਕ ਖ਼ੁਸ਼ੀਆਂ ਮਨਾ ਰਹੇ ਐ। ਕੋਈ ਗੱਲ ਕਰ, ਨਵਾਂ ਸਾਲ ਚੜ੍ਹਿਐ, ਅੱਜ।"

"ਚੜ੍ਹਿਆ ਹੋਊ..."

"ਹਾਅ ਕੀ ਗੱਲ ਹੋਈ, ਭਲਾ...?"

"ਆਪਾਂ ਕੀ ਲੈਣਾ ਐ, ਨਵੇਂ ਸਾਲ ਤੋਂ?"

"ਕਿਉਂ, ਆਪਾਂ ਨਹੀਂ ਕੁਝ ਲੈ ਸਕਦੇ? ਆਪਾਂ ਕੀਹਦੇ ਕੋਲ਼ੋਂ ਘੱਟ ਆਂ, ਕੀ ਨਹੀਂ ਸਾਡੇ ਕੋਲ਼— ਹੱਥ ਨਹੀਂ, ਕਿ ਪੈਰ ਨਹੀਂ? ਆਪਣਾ ਵੀ ਓਨਾ ਈ ਐ ਨਵਾਂ ਸਾਲ, ਜਿੰਨਾ ਕਿਸੇ ਹੋਰ ਦਾ।"

"ਬੱਸ ਵੀ ਕਰ ਹੁਣ ਲਚਕਰ, ਸੌਣ ਦੇ।"

"ਕਹੁ ਫੇਰ, 'ਨਵਾਂ ਸਾਲ ਮੁਬਾਰਕ'...।"

ਕੂੰਦੀ ਕਿਉਂ ਨਹੀਂ? ਚੁੱਪ ਕਿਉਂ ਹੋ ਗਈ ਐਂ? ਬੋਲ ਤਾਂ ਸਹੀ। ਸੌਂ ਗਈ ਜਾਪਦੀ ਐ। ਹਾਂ... ਸੌਂ ਗਈ ਐ। ਚੱਲ ਸੌਂ ਜਾਣ ਦੇ। ਤੂੰ ਵੀ ਹੁਣ ਸੌਂ ਜਾ, ਬੰਤਿਆ, ਸਵੇਰੇ ਛੇ ਦੀ ਗੱਡੀ ਵੇਖਣੀ ਐ— ਕਾਲਕਾ-ਮੇਲ।



Downloaded from https:// www.studiestoday.com

Downloaded from https:// www.studiestoday.com

## ਔਖੇ ਸ਼ਬਦਾਂ ਦੇ ਅਰਥ :

**ਹਟਕਦਾ**—ਰੋਕਦਾ, ਮਨ੍ਹਾ ਕਰਦਾ, ਵਰਜਦਾ। **ਭਾਨ**—ਕਿਸੇ ਸਿੱਕੇ ਦੇ ਮੁੱਲ ਦੇ ਛੋਟੇ ਸਿੱਕੇ। **ਮੁਸਕਣੀ**—ਮੁਸਕਰਾਹਟ। **ਧਰਮਾਤਮਾ**—ਧਰਮ ਦਾ ਪਾਬੰਦ, ਧਰਮੀ, ਭਜਨੀਕ। **ਬਿੱਟ-ਬਿੱਟ ਦੇਖਣਾ**—ਹੈਰਾਨ ਹੋ ਕੇ ਦੇਖਣਾ, ਕਿਸੇ ਵੱਲ ਇੱਕ ਟੱਕ ਦੇਖੀ ਜਾਣਾ।

**ਦੂਣੀ-ਤੀਣੀ ਦਾ ਭਾੜਾ**—ਦੋ ਜਾਂ ਤਿੰਨ ਦਾ ਪਹਾੜਾ। **ਪਟੋਕੀ ਮਾਰਨਾ**—ਪੋਲਾ ਜਿਹਾ ਹੱਥ ਮਾਰਨਾ। **ਖਿਲਾਰਾ**—ਪਸਾਰਾ। **ਅਲਜਾਮ**—ਇਲਜ਼ਾਮ, ਦੋਸ਼ ਲਾਉਣਾ, ਤੋਹਮਤ ਲਾਉਣੀ। **ਘੇਸਲ਼ ਵੱਟਣੀ**—ਮਚਲੇ ਹੋ ਜਾਣਾ, ਕੰਮ ਨਾ ਕਰਨ ਜਾਂ ਟਾਲਣ ਦਾ ਭਾਵ। **ਟਿੱਚਰ**—ਮਖੌਲ, ਮਸ਼ਕਰੀ, ਝੇਡ। **ਪੋਟਲ਼ੀ**—ਗੁਥਲੀ, ਨਿੱਕੀ ਗੰਢ। **ਚਵਾਨੀ**—ਚੁਆਨੀ, ਪੁਰਾਤਨ ਚਹੁੰ ਆਨਿਆਂ ਦਾ ਇੱਕ ਸਿੱਕਾ। **ਵੇਲ਼ੇ-ਕਵੇਲ਼ੇ**—ਕਦੇ-ਕਦਾਈਂ, ਮੌਕੇ-ਬੇਮੌਕੇ। **ਦਬਾ-ਦਬ**—ਫਟਾਫਟ, ਛੇਤੀ, ਕਾਹਲ਼ੀ ਨਾਲ਼। **ਟੋਲਣ**—ਲੱਭਣ। **ਬਰਕਤ**—ਵਾਧਾ, ਤਰੱਕੀ। **ਪੁਵਾੜਾ**—ਪੁਆੜਾ, ਝਗੜਾ, ਬਖੇੜਾ। **ਲੱਪੜ**—ਲਫੇੜਾ, ਥੱਪੜ। **ਲੇਫ਼**—ਲਿਹਾਫ਼, ਰਜਾਈ। **ਖਹਿਬੜ**—ਝਗੜਾ, ਤੂੰ-ਤੂੰ—ਮੈਂ-ਮੈਂ। **ਨਿੰਮੋਝੂਣਾ**—ਸ਼ਰਮਿੰਦਾ, ਉਦਾਸ, ਘਬਰਾਇਆ ਹੋਇਆ। **ਅਛੋਪਲ਼ੇ**—ਮਲਕੜੇ, ਅਚਾਨਕ, ਦੱਬੇ ਪੈਰੀਂ। **ਤਾਮਸ਼ੀ**—ਕ੍ਰੋਧ, ਗ਼ੁੱਸਾ, ਤੈਸ਼, ਤਲਖ਼ੀ। **ਠਠੰਬਰ ਗਿਆ**—ਡੌਰ-ਭੌਰ ਹੋ ਗਿਆ, ਡੈਂਬਰਿਆਂ ਵਾਂਗ। **ਸੰਗਲ**—ਰੇਲਗੱਡੀ ਦਾ ਸਿਗਨਲ। **ਚੰਗੇਰ**—ਬਾਂਸ ਜਾਂ ਸਰਕੜੇ ਆਦਿ ਦੀ ਟੋਕਰੀ। **ਝੱਲ-ਵਲੱਲੀਆਂ**-ਝੱਲਿਆਂ ਜਾਂ ਕਮਲ਼ਿਆਂ ਵਾਂਗੂੰ ਗੱਲਾਂ ਕਰਨਾ। **ਆਲਸ**—ਸੁਸਤੀ, ਅਰਾਮ-ਤਲਬੀ।

**ਲੀੜੇ**—ਕੱਪੜੇ। **ਮਸ਼ਕਰੀ**—ਮਖੌਲ, ਟਿੱਚਰ, ਠੱਠਾ। **ਸੌਲ਼ਾ**—ਕਣਕਵੰਨਾ ਰੰਗ। **ਮੁਸ਼ੱਕਤ**—ਮਿਹਨਤ, ਮਜ਼ਦੂਰੀ। **ਜੈਂਟਲਮੈਨ**—ਸ਼ਰੀਫ਼, ਭਲੇਮਾਣਸ ਆਦਮੀ, ਬਾਂਕੇ, ਸ਼ੁਕੀਨ। **ਕੂੰਦੀਆਂ**—ਬੋਲਦੀਆਂ। **ਕਰਤੂਤਾਂ**—ਕੰਮ, ਬੁਰਾ ਕੰਮ, ਕੁਕਰਮ। **ਤਹਿਮਤਾਂ**—ਲੁੰਗੀਆਂ, ਚਾਦਰੇ, ਲੱਕ ਦੁਆਲ਼ੇ ਬੰਨ੍ਹਿਆ ਜਾਣ ਵਾਲ਼ਾ ਕੱਪੜਾ। **ਓਵਰ-ਟਾਈਮ**—ਵਾਧੂ ਸਮੇਂ ਲਈ ਕੀਤੀ ਗਈ ਅਦਾਇਗੀ। **ਆਹਿਸਤਾ-ਆਹਿਸਤਾ**—ਹੌਲ਼ੀ-ਹੌਲ਼ੀ। **ਬਿਜ਼ਨਸਮੈਨ**—ਵਪਾਰੀ, ਕਾਰੋਬਾਰੀ ਆਦਮੀ। **ਦੁਸ਼ਾਂਦਾ**—ਕੁਝ ਦੇਸੀ ਦਵਾਈਆਂ ਆਦਿ ਪਾਣੀ ਵਿੱਚ ਪਾ ਕੇ ਬਣਾਇਆ ਕਾੜ੍ਹਾ। **ਭੱਸ ਡਕਾਰ**—ਖੱਟੇ ਡਕਾਰ। **ਅਨਾਇਤ**—ਇਨਾਇਤ, ਕਿਰਪਾਲਤਾ, ਬਖ਼ਸ਼ਸ਼, ਮਿਹਰ। **ਮੁਸ਼ਾਇਰਾ**—ਕਵੀ-ਦਰਬਾਰ। **ਇਜਾਜ਼ਤ**—ਆਗਿਆ, ਪ੍ਰਵਾਨਗੀ। **ਲਦ ਗਏ**—ਬੀਤ ਗਏ, ਲੰਘ ਗਏ। **ਸਰਪ੍ਰਸਤ**—ਸਿਰ 'ਤੇ ਹੱਥ ਰੱਖਣ ਵਾਲ਼ਾ, ਰਖਵਾਲਾ। **ਚਿਰੋਕਣੇ**—ਬੜੇ ਚਿਰ ਦੇ। **ਮਿਹਰਬਾਨ**—ਕਿਰਪਾਲੂ, ਦਿਆਲੂ, ਰਹਿਮਦਿਲ। **ਕਲਪਣਾ**—ਦੁਖੀ ਹੋਣ ਦੀ ਕਿਰਿਆ। **ਕਲਪਨਾ**—ਕਿਸੇ ਗੱਲ ਨੂੰ ਸੋਚਣਾ ਜਾਂ ਖ਼ਿਆਲਾਂ ਵਿੱਚ ਲਿਆਉਣਾ। **ਕੰਟਰੋਲ**—ਕੰਟ੍ਰੋਲ, ਕਾਬੂ, ਵੱਸ, ਇਖ਼ਤਿਆਰ। **ਬਾਜ਼ੇ**—ਕਈ। **ਅਹੁੜਦੀਆਂ**—ਸੁੱਝਦੀਆਂ। **ਫ਼ਰਨਿਸ਼**—ਮਕਾਨ ਜਾਂ ਕਮਰੇ ਆਦਿ ਨੂੰ ਲੁੜੀਂਦੀਆਂ ਚੀਜ਼ਾਂ ਨਾਲ਼ ਸਜਾਉਣਾ। **ਅੱਭੜਵਾਹੇ**—ਨੀਂਦਰ ਵਿੱਚੋਂ ਅਚਾਨਕ ਉੱਠਣ ਦੀ ਅਵਸਥਾ। **ਸਿਰ ਪਰਨੇ**—ਸਿਰ ਭਾਰ। **ਚਬੜ-ਚਬੜ ਕਰਨਾ**—ਵਾਧੂ ਗੱਲਾਂ ਕਰਨਾ, ਸਾਮ੍ਹਣੇ ਬੋਲਣਾ। **ਰੋਹਬ**—ਦਾਬਾ, ਦਬਦਬਾ। **ਘੁਰਕੀਆਂ**—ਡਰਾਵੇ, ਧਮਕੀਆਂ, ਨਰਾਜ਼ਗੀ ਦੀ ਨਜ਼ਰ। **ਲੇਂਝ**—ਆਪਣੇ ਮਤਲਬ ਲਈ ਪਿੱਛਾ ਨਾ ਛੱਡਣ ਵਾਲ਼ਾ। **ਯਭਕੀਆਂ**—ਹਾਰ ਮੰਨਣ ਦੀ ਭਾਵਨਾ। **ਸ਼ੇਖ਼ਚਿਲੀ ਵਾਲ਼ੀਆਂ**—ਗੱਪਾਂ, ਗਪੌੜ, ਫੜ੍ਹਾਂ ਮਾਰਨੀਆਂ। **ਲਚਕਰ**—ਲੈਕਚਰ, ਭਾਸ਼ਣ, ਤਕਰੀਰ।



Downloaded from https:// www.studiestoday.com

Downloaded from https:// www.studiestoday.com

## ਅਭਿਆਸ

(ੲ) **ਨਾਵਲ ' ਇੱਕ ਹੋਰ ਨਵਾਂ ਸਾਲ' ਦੇ 'ਦੁਪਹਿਰ' ਭਾਗ 'ਤੇ ਆਧਾਰਿਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ :**

1. ਬੰਤੇ ਨੇ ਦੁਪਹਿਰ ਵੇਲ਼ੇ ਜਦੋਂ ਘਰ ਦੇ ਬਾਹਰ ਜਾ ਕੇ ਟੱਲੀ ਵਜਾਈ ਤਾਂ ਕੌਣ ਦੌੜ ਕੇ ਆਇਆ?
2. ਡੁੰਮਣ ਆਪਣੇ ਪਿਤਾ ਤੋਂ ਕਿਹੜਾ ਪਾਠ ਪੜ੍ਹਨਾ ਚਾਹੁੰਦਾ ਹੈ ?
3. ਬੰਤੇ ਨੂੰ ਆਪਣੀ ਕਿਹੜੀ ਮਾਮੀ ਸਭ ਤੋਂ ਵੱਧ ਚੰਗੀ ਲੱਗਦੀ ਸੀ ?
4. ਬੰਤੇ ਨੂੰ ਕਿਸ ਦਾ ਚੁੱਪ-ਚੁੱਪ ਰਹਿਣਾ ਚੰਗਾ ਨਹੀਂ ਸੀ ਲੱਗਦਾ ?
5. ਬਸੰਤ ਪੰਚਮੀ ਵਾਲ਼ੇ ਦਿਨ ਬੰਤਾ ਆਪਣੀ ਬੇਬੇ ਅਤੇ ਪਤਨੀ ਨੂੰ ਕਿੱਥੇ ਲੈ ਕੇ ਗਿਆ ?
6. ਬਸੰਤ ਪੰਚਮੀ ਦਾ ਮੇਲਾ ਵੇਖਣ ਗਏ ਬੰਤੇ ਨੇ ਖਾਣ ਲਈ ਚੁਆਨੀ ਦਾ ਕੀ ਖ਼ਰੀਦਿਆ ?
7. ਦਿੱਲੀ ਤੋਂ ਅੰਮ੍ਰਿਤਸਰ ਮੈਚ ਖੇਡਣ ਆਈਆਂ ਕੁੜੀਆਂ ਦਾ ਸਮਾਨ ਕਿਸ ਨੇ ਚੋਰੀ ਕਰ ਲਿਆ ਸੀ ?
8. ਰਿਕਸ਼ੇ ਵਾਲ਼ੇ ਕਿਸ਼ਨੇ ਦੀ ਇਮਾਨਦਾਰੀ ਤੋਂ ਖ਼ੁਸ਼ ਹੋ ਕੇ ਸਮਾਨ ਦੇ ਮਾਲਕ ਨੇ ਉਸਨੂੰ ਇਨਾਮ ਦੇ ਰੂਪ ਵਿੱਚ ਕੀ ਦਿੱਤਾ ?
9. ਬੰਤੇ ਨੇ ਕਰਜ਼ਾ ਕਿਸ ਕੰਮ ਲਈ ਲਿਆ ਸੀ ?
10. ਤਾਰੋ ਦੇ ਘਰ ਜਿਹੜਾ ਕਾਰਡ ਆਇਆ ਸੀ, ਉਸ ਵਿੱਚ ਕਿਸ ਦੇ ਵਿਆਹ ਦਾ ਜ਼ਿਕਰ ਸੀ ?
11. ਦਿਆਲੇ ਦੀ ਘਰਵਾਲ਼ੀ ਕਿੱਥੇ ਗਈ ਹੋਈ ਸੀ ?
12. ਬੰਤੇ ਦੇ ਘਰ ਕਿੰਨੇ ਬੱਚੇ ਸਨ ?
13. ਬੰਤੇ ਨੇ ਨਵੇਂ ਸਾਲ ਵਾਲ਼ੇ ਦਿਨ ਆਪਣੇ ਬੱਚਿਆਂ ਨੂੰ ਕਿੱਥੇ ਦੀ ਸੈਰ ਕਰਵਾਈ ?

(ੲ) **'ਇੱਕ ਹੋਰ ਨਵਾਂ ਸਾਲ' ਦੇ 'ਦੁਪਹਿਰ' ਭਾਗ 'ਤੇ ਆਧਾਰਿਤ ਹੇਠ ਲਿਖੇ ਵਾਰਤਾਲਾਪਾਂ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ—**

1. "ਤੈਨੂੰ ਲੋੜ ਪਊ ਸ਼ਾਮ ਨੂੰ, ਕਿਸੇ ਵੇਲ਼ੇ ਭਾਨ ਖੁਣੋਂ ਸਵਾਰੀ ਨਹੀਂ ਮਿਲ਼ਦੀ।"
2. "ਲੋਕ-ਰਾਜ ਦਾ ਮਤਲਬ, ਲੋਕਾਂ ਦਾ ਰਾਜ-ਜਿਸ ਤਰ੍ਹਾਂ ਕਿ ਸਾਡੇ ਮੁਲਕ ਵਿੱਚ ਐ। ਲੋਕ ਈ ਰਾਜ ਕਰਦੇ ਐ, ਰਾਜੇ-ਮਹਾਰਾਜੇ ਨਹੀਂ ਕਰਦੇ।"
3. "ਸਾਰੀ ਪੈਂਤੀ ਲਿਖ ਲੈਂਦੀ ਏ, ਤੇ ਨਾਲ਼ੇ ਦੂਣੀ-ਤੀਣੀ ਦਾ ਭਾੜਾ ਵੀ ਯਾਦ ਕਰ ਲਿਆ ਸੂ।"
4. "ਹੌਲ਼ੀ ਚਲਾ ਵੇ ਰਿਕਸ਼ਾ, ਬੰਤਿਆ.... ਤੈਨੂੰ ਦੀਂਹਦਾ ਨਹੀਂ, ਕੁੜੀ ਦੀ ਹਾਲਤ ਤਾਂ ਵੇਖ।"



Downloaded from https:// www.studiestoday.com

Downloaded from https:// www.studiestoday.com

5. " ਨਾ ਕੋਈ ਚੰਗਾ ਲੀੜਾ ਐ ਮੇਰੇ ਕੋਲ਼, ਨਾ ਬੱਚਿਆਂ ਕੋਲ਼.... ਫੇਰ ਕਰਾਇਆ ਲੱਗੂ ਆਣ-ਜਾਣ ਦਾ, ਉੱਥੇ ਵੀ ਲੋੜ ਪਊ, ਕੁਝ....।"
6. "ਕਦੋਂ ਲਿਆਏਂਗਾ ਭਰਜਾਈ ਨੂੰ, ਖ਼ਾਸਾ ਚਿਰ ਹੋ ਗਿਆ ਹੁਣ ਤਾਂ?"
7. "ਉਂਜ ਦਿਆਲਿਆ, ਜੇ ਸਾਡੀਆਂ ਯੂਨੀਅਨਾਂ ਇੱਕ ਹੋ ਜਾਣ ਤਾਂ ਰੋਗ ਨਾ ਲੱਥ ਜਾਏ ਗਲ਼ੋਂ?"
8. "ਕਿਸੇ ਚੱਜ ਦੀ ਥਾਂ ਬੈਠ ਕੇ ਬੰਦਾ ਸੁਣਾਏ ਹੀਰ, ਤੁਰੇ-ਤੁਰੇ ਜਾਂਦਿਆਂ ਤਾਂ ਹੇਕ ਨਹੀਂ ਨਿਕਲ਼ਦੀ ਚੰਗੀ ਤਰ੍ਹਾਂ।"
9. "ਇਹਨਾਂ ਨੂੰ ਵੀ ਸੈਲ ਕਰਾ ਦੇ, ਇਹ ਕੋਈ ਮਤਰੇਈਆਂ ਤਾਂ ਨਹੀਂ।"

1. **'ਇਕ ਹੋਰ ਨਵਾਂ ਸਾਲ' ਦੇ 'ਸ਼ਾਮ' ਭਾਗ 'ਤੇ ਆਧਾਰਿਤ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ—**
   1. ਬੰਤੇ ਦੇ ਵਾਲ਼ ਕਿਸ ਨੇ ਕਟਵਾ ਦਿੱਤੇ ਸਨ ?
   2. ਬੰਤੇ ਅਨੁਸਾਰ 'ਗਰੀਨ ਐਵੇਨਿਊ' ਜਾਣ ਵਾਲ਼ੀਆਂ ਸਵਾਰੀਆਂ ਦੇ ਬੈਗ ਵਿੱਚ ਕੀ ਸੀ ?
   3. 'ਰਣਜੀਤ ਸਿੰਘ ਹਾਲ' ਜਾਣ ਵਾਲ਼ੇ ਕਵੀਆਂ ਨੂੰ ਮੁਸ਼ਾਇਰੇ ਉੱਤੇ ਕਿਸ ਨੇ ਬੁਲਾਇਆ ਸੀ ?
   4. ਬਚਪਨ ਵਿੱਚ ਬੰਤਾ ਕਿਸ ਕੋਲ਼ੋਂ ਬਾਤਾਂ ਸੁਣ ਕੇ ਅਨੰਦ ਲੈਂਦਾ ਸੀ ?
   5. ਰਿਕਸ਼ੇ ਵਾਲ਼ੇ ਉੱਤੇ ਕਹਾਣੀ ਲਿਖਣ ਵਾਲ਼ੇ ਬੰਦੇ ਨੂੰ ਰਿਸਾਲੇ ਵਾਲ਼ਿਆਂ ਤੋਂ ਕਿੰਨੇ ਪੈਸੇ ਮਿਲ਼ੇ ਸਨ ?
   6. ਛਾਉਣੀ ਜਾਣ ਵਾਲ਼ੇ ਪਤੀ-ਪਤਨੀ ਨੇ ਆਪਣਾ ਖ਼ਰਾਬ ਸਕੂਟਰ ਕਿੱਥੇ ਖੜ੍ਹਾ ਕੀਤਾ ?
   7. ਸੁਸ਼ਮਾ ਦਾ ਪਤੀ ਉਸ ਨੂੰ ਆਪਣੇ ਅਫ਼ਸਰ ਨੂੰ ਨੱਚਦਿਆਂ ਦੇਖ ਕੇ ਹੱਸਣੋਂ ਕਿਉਂ ਰੋਕਦਾ ਹੈ ?
   8. ਨਵੇਂ ਸਾਲ ਦੇ ਦਿਨ ਦੀ ਕਮਾਈ ਵਿੱਚੋਂ ਤਾਰੋ ਬੰਤੇ ਨੂੰ ਕੀ ਲਿਆਉਣ ਲਈ ਕਹਿੰਦੀ ਹੈ ?
   9. ਬੰਤਾ ਆਪਣੇ ਲਈ ਘਿਓ ਲਿਆਉਣ ਦੀ ਥਾਂ ਤਾਰੋ ਲਈ ਕੀ ਲਿਆਉਣਾ ਚਾਹੁੰਦਾ ਹੈ ?
2. **ਹੇਠ ਲਿਖੇ ਪਾਤਰਾਂ ਬਾਰੇ ਲਗ-ਪਗ 150 ਸ਼ਬਦਾਂ ਵਿੱਚ ਨੋਟ ਲਿਖੋ—**

   **ਬੰਤਾ, ਤਾਰੋ, ਬੰਤੇ ਦੀ ਮਾਂ, ਛੁੰਮਣ, ਦਿਆਲਾ।**

   ***'ਇੱਕ ਹੋਰ ਨਵਾਂ ਸਾਲ' ਨਾਵਲ ਦੇ 'ਸ਼ਾਮ' ਭਾਗ 'ਤੇ ਆਧਾਰਿਤ ਹੇਠ ਲਿਖੇ ਵਾਰਤਾਲਾਪਾਂ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ—***
   1. "ਰੋਣਾ ਤਾਂ ਇਹ ਹੈ ਕਿ ਫੇਰ ਵੀ ਪੂਰੀ ਨਹੀਂ ਪੈਂਦੀ। ਹੱਡ ਟੁੱਟ ਜਾਂਦੇ ਐ ਰਾਤ ਤੀਕ, ਪਰ ਢਿੱਡ ਭਰਨ ਜੋਗੇ ਪੈਸੇ ਨਹੀਂ ਬਣਦੇ।"
   2. "ਸਾਨੂੰ ਪਿੰਡਾਂ ਆਲ਼ਿਆਂ ਨੂੰ ਤਾਂ ਕੁੱਝ ਸਮਝਦੇ ਈ ਨਹੀਂ, ਇੱਕ ਤਾਂ ਮੁੱਛਦੈ ਐ ਸਾਡੇ ਅਰਗਿਆਂ ਨੂੰ, ਦੂਜਾ ਟਿੱਚਰਾਂ ਕਰਦੇ ਆ।"



Downloaded from https:// www.studiestoday.com

Downloaded from https:// www.studiestoday.com

3. "ਖੇਡਿਆ-ਮੱਲ੍ਹਿਆ ਕਰ ਨਾ ਬੱਚਿਆਂ ਨਾਲ਼, ਤੂੰ ਤਾਂ ਉਹਨਾਂ ਨੂੰ ਬੁਲਾਂਦੀ ਈ ਨਹੀਂ।"
4. "ਪਹਿਲੇ ਭੇਜਤਾ ਥਾ, ਅਬ ਬਰਫ਼ ਪੜ ਗਿਆ ਹੈ, ਸਭ ਰਾਸਤੇ ਬੰਦ। ਗਰਮੀਓਂ ਮੇਂ ਜਾਏਗਾ ਅਪਨੇ ਘਰ, ਪੈਸਾ ਲੇ ਕਰ।"
5. "ਸਾਡੇ ਕੋਲ਼ ਵਿਹਲ ਕਿੱਥੇ ਬਾਤਾਂ ਸੁਣਨ ਦੀ, ਛੋਟੇ ਹੁੰਦਿਆਂ ਸੁਣਦੇ ਸੀ ਬੇਬੇ ਕੋਲ਼ੋਂ।"
6. "ਜਾਏਂਗੇ ਤੋ ਸਹੀ, ਪਰ ਅਭੀ ਨਹੀਂ, ਬਹੁਤ ਦੇਰ ਬਾਅਦ, ਸਾਹਿਬ ਕੀ ਗਾੜੀ ਛੋੜ ਆਏਗੀ ਉਨ੍ਹੇਂ।"
7. "ਲੋਕਾਂ ਕੋਲ਼ ਕਾਰਾਂ ਤਾਂ ਭਾਵੇਂ ਨਾ ਹੋਣ ਐਨੀਆਂ, ਪਰ ਇਹ ਰਿਕਸ਼ਾ ਤਾਂ ਮੁੱਕ ਜਾਏ ਇੱਕ ਵਾਰੀ। 'ਕੱਲਾ ਬੰਦਾ ਜਦੋਂ ਦੋ ਜਣਿਆਂ ਨੂੰ ਖਿੱਚਦਾ ਤਾਂ ਜਾਨ ਬਾਹਰ ਆਉਣ ਨੂੰ ਕਰਦੀ ਐ।"
8. ਦੇ ਦਊਂ ਮੈਂ ਪੰਝੀ ਰੁਪਏ, ਲੈਕ ਬਣਾਉਣਾ ਐ ਮੈਂ ਆਪਣੇ ਪੁੱਤਰ ਨੂੰ—ਰੋਜ਼ ਦਾ ਇੱਕ ਰੁਪਇਆ ਦੇ ਆਇਆ ਕਰੂੰ ਸ਼ਾਮ ਨੂੰ, ਹੋਰ ਦੱਸ।"

— — — — —



Downloaded from https:// www.studiestoday.com